

Driver Needed, Owner op. needed

ਡਰਾਈਵਰਾਂ ਦੀ ਲੋੜ

ਓਨਰ ਅਪਰੇਟਰਾਂ ਦੀ ਲੋੜ

209-479-0242



ਹਫਤਾਵਾਰੀ

# ਦੇਸ਼ ਦੁਆਬਾ

VOL - 6 ISSUE - 2

April 20, 2017

Postal Address
5101 Doe Hollow Pl, Antelope, CA-95843

www.deshdoaba.com
www.ambedkartimes.com



Golden State Truck Sales Inc.

ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


# ਸਟਾਕਟਨ ਦੇ ਇਤਿਹਾਸਕ ਗੁਰਦੁਆਰਾ ਸਾਹਿਬ ਵੱਲੋਂ ਵਿਸਾਖੀ ਪੁਰਬ ਤੇ ਵਿਸ਼ਾਲ ਨਗਰ ਕੀਰਤਨ



(ਸਬੰਧਿਤ ਰਿਪੋਰਟ ਦੇਖੋ ਸਫਾ 4 'ਤੇ ਅਤੇ ਹੋਰ ਝਲਕੀਆਂ ਦੇਖੋ ਸਫਾ 14 'ਤੇ)

ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)

ਗਦਰੀ ਬਾਬਿਆਂ ਦੇ ਇਤਿਹਾਸਕ ਸਥਾਨ ਸਟਾਕਟਨ, ਕੈਲੀਫੋਰਨੀਆ ਗੁਰਦੁਆਰਾ ਸਾਹਿਬ ਵੱਲੋਂ ਵਿਸਾਖੀ ਪੁਰਬ 'ਤੇ ਵਿਸ਼ਾਲ ਨਗਰ ਕੀਰਤਨ ਦਾ ਆਯੋਜਨ ਕੀਤਾ ਗਿਆ, ਜਿਸ ਦੌਰਾਨ ਭਾਰੀ ਮੀਂਹ ਦੇ ਬਾਵਜੂਦ ਹਜ਼ਾਰਾਂ ਸੰਗਤਾਂ ਨੇ ਸ਼ਮੂਲੀਅਤ ਕੀਤੀ।

## ਪੰਜਾਬੀ ਮੂਲ ਦੇ ਕਨੇਡੀਅਨ ਰੱਖਿਆ ਮੰਤਰੀ ਦਾ ਭਾਰਤ ਦੌਰਾ

### ਅਸੀਂ ਭਾਰਤ ਦੀ ਅੰਦਰੂਨੀ ਸਿਆਸਤ ਵਿਚ ਦਖਲ ਨਹੀਂ ਦਿਆਂਗੇ- ਹਰਜੀਤ ਸਿੰਘ ਸੱਜਣ

**ਨਵੀਂ ਦਿੱਲੀ (ਬਿਊਰੋ)-** ਭਾਰਤ ਦੇ ਦੌਰੇ ਉਤੇ ਪੁੱਜੇ ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਨੇ ਅੱਜ ਆਖਿਆ ਕਿ ਉਨ੍ਹਾਂ ਦਾ ਕਿਸੇ ਮੁਲਕ ਦੀ 'ਅੰਦਰੂਨੀ ਸਿਆਸਤ' ਵਿੱਚ ਦਖ਼ਲ ਦੇਣ ਦਾ ਇਰਾਦਾ ਨਹੀਂ ਹੈ। ਵਰਨਣਯੋਗ ਹੈ ਕਿ ਬੀਤੇ ਦਿਨੀਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਉਨ੍ਹਾਂ ਨੂੰ 'ਖ਼ਾਲਿਸਤਾਨੀ ਹਮਦਰਦ' ਕਰਾਰ ਦਿੰਦਿਆਂ ਮਿਲਣ ਤੋਂ ਨਾਂਹ ਕਰ ਦਿੱਤੀ ਸੀ।



ਇਥੇ ਇਕ ਜਨਤਕ ਸਮਾਗਮ ਦੌਰਾਨ ਉਨ੍ਹਾਂ ਕਿਹਾ ਕਿ ਜ਼ਿੰਦਗੀ ਭਰ ਉਨ੍ਹਾਂ ਉਤੇ ਕਈ ਤਰ੍ਹਾਂ ਦੇ 'ਠੱਪੇ' ਲਗਦੇ ਰਹੇ ਹਨ, ਪਰ ਕਿਸੇ ਬਾਰੇ ਫ਼ੈਸਲਾ ਉਨ੍ਹਾਂ ਦੇ ਕੰਮਾਂ ਤੋਂ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ, "ਤੁਹਾਡੀ ਪਛਾਣ ਤੁਹਾਡੇ ਕੰਮਾਂ ਤੋਂ ਹੁੰਦੀ ਹੈ। ਤੁਸੀਂ ਮੇਰੇ ਕੰਮ ਦੇਖੋ। ਮੈਂ ਕਿਸੇ ਵੀ ਸੂਬੇ ਜਾਂ ਮੁਲਕ ਦੀ ਅੰਦਰੂਨੀ ਸਿਆਸਤ ਵਿੱਚ ਦਖ਼ਲ ਨਹੀਂ ਦੇਣਾ ਚਾਹੁੰਦਾ। ਮੈਂ ਕਿਸੇ ਮੁਲਕ ਨੂੰ ਤੋੜਨ ਦਾ ਹਾਮੀ ਨਹੀਂ ਹਾਂ। ਮੇਰਾ ਟੀਚਾ ਕੈਨੇਡੀਅਨ ਸਰਕਾਰ ਦੇ ਨੁਮਾਇੰਦੇ ਵਜੋਂ ਰਿਸ਼ਤੇ ਮਜ਼ਬੂਤ ਕਰਨਾ ਹੈ ਅਤੇ ਮੈਨੂੰ ਇਸ ਗੱਲ ਉਤੇ ਵੀ ਬਹੁਤ ਮਾਣ ਹੈ ਕਿ ਮੇਰਾ ਜਨਮ ਇਥੇ ਹੋਇਆ ਹੈ।" ਕੈਪਟਨ ਵੱਲੋਂ ਸ੍ਰੀ ਸੱਜਣ ਉਤੇ 'ਖ਼ਾਲਿਸਤਾਨੀ ਹਮਦਰਦ' ਹੋਣ ਦੇ ਲਾਏ ਗਏ ਦੋਸ਼ਾਂ ਨੂੰ ਰੱਦ ਕਰਦਿਆਂ ਕੈਨੇਡਾ ਸਰਕਾਰ ਨੇ ਇਨ੍ਹਾਂ ਨੂੰ 'ਅਫ਼ਸੋਸਨਾਕ ਤੇ ਗ਼ਲਤ' ਕਰਾਰ ਦਿੱਤਾ ਸੀ। ਇਥੇ 'ਬਦਲਦੇ ਸੰਸਾਰ ਵਿੱਚ ਟਕਰਾਵਾਂ ਦੀ ਰੋਕਥਾਮ ਤੇ ਅਮਨ ਬਹਾਲੀ' ਵਿਸ਼ੇ ਉਤੇ ਇਕ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਸ੍ਰੀ ਸੱਜਣ ਨੇ ਕਿਹਾ ਕਿ ਫ਼ੌਜ ਆਪਣੇ ਤੌਰ 'ਤੇ ਟਕਰਾਵਾਂ ਨੂੰ ਨਹੀਂ ਸੁਲਝਾ ਸਕਦੀ। ਉਨ੍ਹਾਂ ਕਿਹਾ ਕਿ ਅਸਰਦਾਰ ਢੰਗ ਨਾਲ ਅਮਨ ਬਹਾਲੀ ਵਾਸਤੇ ਸਮਾਜਿਕ ਕਾਰਕਾਂ ਦਾ ਖਿਆਲ ਰੱਖਿਆ ਜਾਣਾ ਜ਼ਰੂਰੀ ਹੈ। ਆਈ ਐਸ ਆਈ ਐਸ ਬਾਰੇ ਇਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਇਰਾਕ ਤੇ ਸੀਰੀਆ ਦੀ ਸੁੰਨੀ ਆਬਾਦੀ ਵਿੱਚ ਪੈਦਾ ਹੋਈ ਬੇਗ਼ਾਨਗੀ ਇਸ ਦਹਿਸ਼ਤੀ ਗਰੁੱਪ ਦੇ ਉਭਾਰ ਦਾ

**(ਬਾਕੀ ਸਫਾ 5 ਤੇ)**

## ਐਚ.1ਬੀ ਵੀਜ਼ੇ ਦੇ ਚਾਹਵਾਨਾਂ ਦੀਆਂ ਵਧਣਗੀਆਂ ਮੁਸ਼ਕਿਲਾਂ

**ਵਾਸ਼ਿੰਗਟਨ (ਬਿਊਰੋ)-** ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਵਿਸ਼ੇਸ਼ ਆਦੇਸ਼ਾਂ 'ਤੇ ਮੋਹਰ ਲਾਉਣਗੇ, ਜਿਸ ਨਾਲ ਐਚ-1ਬੀ ਵੀਜ਼ਾ ਪ੍ਰੋਗਰਾਮ ਦਾ ਨਵੀਨੀਕਰਨ ਹੋਵੇਗਾ ਅਤੇ ਇਹ ਯਕੀਨੀ ਬਣਾਇਆ ਜਾਵੇਗਾ ਕਿ ਵੱਧ ਕੁਸ਼ਲ ਅਤੇ ਸਭ ਤੋਂ ਵੱਧ ਤਨਖ਼ਾਹਾਂ ਵਾਲਿਆਂ ਨੂੰ ਹੀ ਇਹ ਵੀਜ਼ਾ ਦਿੱਤਾ ਜਾਵੇ। ਇਸ ਵੀਜ਼ੇ ਦੀ ਭਾਰਤੀ ਆਈਟੀ ਫਰਮਾਂ ਅਤੇ ਪੇਸ਼ੇਵਰਾਂ ਵਿੱਚ ਕਾਫ਼ੀ ਮੰਗ ਹੈ।



ਰਾਸ਼ਟਰਪਤੀ ਡੋਨਲਡ ਟਰੰਪ 'ਬਾਇ ਅਮੈਰਿਕਨ, ਹਾਇਰ ਅਮੈਰਿਕਨ' ਵਾਲੇ ਇਨ੍ਹਾਂ ਵਿਸ਼ੇਸ਼ ਆਦੇਸ਼ਾਂ 'ਤੇ ਹਸਤਾਖ਼ਰ ਕਰਨ ਲਈ ਪ੍ਰਤੀਨਿਧੀ ਸਭਾ ਦੇ ਸਪੀਕਰ ਪਾਲ ਰੇਆਨ ਦੇ ਸੂਬੇ ਵਿਸਕਾਨਸਨ ਦੇ ਮਿਲਵਾਕੀ ਸ਼ਹਿਰ ਜਾਣਗੇ। ਇਨ੍ਹਾਂ ਵਿਸ਼ੇਸ਼ ਆਦੇਸ਼ਾਂ 'ਤੇ ਹਸਤਾਖ਼ਰ ਕਰਨ ਤੋਂ ਇਕ ਦਿਨ ਪਹਿਲਾਂ ਅਮਰੀਕੀ ਨਾਗਰਿਕਤਾ ਬਾਰੇ ਸੇਵਾ ਯੂਐਸ ਸਿਟੀਜ਼ਨਸ਼ਿਪ ਐਂਡ ਇਮੀਗਰੇਸ਼ਨ ਸਰਵਿਸਿਜ਼ (ਯੂ ਐਸ ਸੀ ਆਈ ਐਸ) ਦਾ ਐਲਾਨ ਕੀਤਾ ਗਿਆ ਹੈ ਕਿ ਇਸ ਸਾਲ ਪਹਿਲੀ ਅਕਤੂਬਰ ਤੋਂ ਸ਼ੁਰੂ ਹੋ ਰਹੇ ਵਿੱਤੀ ਸਾਲ 2018 ਲਈ 65000 ਐਚ1ਬੀ ਵੀਜ਼ੇ ਦੇ ਕਾਂਗਰੈਸ਼ਨਲ ਆਦੇਸ਼ਾਂ ਲਈ ਪ੍ਰਾਪਤ 1,99,000 ਅਰਜ਼ੀਆਂ ਤੋਂ ਕੰਪਿਊਟੀਕਰਨ ਡਰਾਅ ਪੂਰਾ ਕਰ ਲਿਆ ਗਿਆ ਹੈ। ਇਹ ਲਾਟਰੀ ਅਮਰੀਕੀ ਵਿਦਿਅਕ ਸੰਸਥਾਵਾਂ ਤੋਂ ਉਚ ਸਿਖਿਆ ਪ੍ਰਾਪਤ ਉਮੀਦਵਾਰਾਂ ਲਈ 20,000 ਐਚ1ਬੀ ਵੀਜ਼ੇ ਲਈ ਕੱਢੀ ਗਈ ਸੀ। ਐਚ-1ਬੀ ਵੀਜ਼ੇ ਲਈ ਪੁਰਾਣੇ ਲਾਟਰੀ ਸਿਸਟਮ ਦਾ ਵਿਰੋਧ ਕਰਦੇ ਹੋਏ ਸੀਨੀਅਰ ਅਧਿਕਾਰੀਆਂ ਨੇ ਵ੍ਹਾਈਟ ਹਾਊਸ ਵਿੱਚ ਪੱਤਰਕਾਰਾਂ ਨੂੰ ਕਿਹਾ ਕਿ ਕੰਪਨੀਆਂ ਇਨ੍ਹਾਂ ਵੀਜ਼ਿਆਂ ਦੀ ਵਰਤੋਂ ਵਿਦੇਸ਼ੀ ਕਾਮਿਆਂ ਨੂੰ ਘੱਟ ਤਨਖ਼ਾਹਾਂ 'ਤੇ ਅਮਰੀਕਾ ਲਿਆਉਣ ਅਤੇ ਉਨ੍ਹਾਂ ਨੂੰ ਸਥਾਨਕ ਕਾਮਿਆਂ ਦੀ ਜਗ੍ਹਾ ਦੇਣ ਲਈ ਕਰ ਰਹੀਆਂ ਸਨ। ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਟਰੰਪ ਵੱਲੋਂ ਵਿਸ਼ੇਸ਼ ਆਦੇਸ਼ਾਂ 'ਤੇ ਮੋਹਰ ਲਾਉਣ ਨਾਲ ਇਸ ਮਾਮਲੇ ਵਿੱਚ ਸਖ਼ਤੀ ਹੋਵੇਗੀ। ਨਵੇਂ ਵੀਜ਼ਾ ਪ੍ਰੋਗਰਾਮ ਨਾਲ ਇਹ ਯਕੀਨੀ ਬਣੇਗਾ ਕਿ ਵੱਧ ਯੋਗ ਵਿਅਕਤੀਆਂ ਨੂੰ ਹੀ ਇਹ ਵੀਜ਼ਾ ਮਿਲੇ।

**(ਬਾਕੀ ਸਫਾ 5 ਤੇ)**




MANDEEP SANDHU

SANDHU IMMIGRATION CONSULTANT

ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਸਿਆਸੀ ਸ਼ਰਨ, ਗਰੀਨ ਕਾਰਡ ਆਦਿ ਲਈ ਮਿਲੋ

Passports, Political Asylum, Visas, Green Cards, 1-9 Notary, Immigration Forms , Citizenship, Spouse/Family Petitions, Study Visas

All Kinds of Immigration Forms/Petitions/Visa

U-Visa

WE OPEN 7-DAYS A WEEK

Note: I am not an Immigration Attorney. msandhu2014@gmail.com (CST# 2122162-50)

"We sell International and Domestic Airline Tickets on Low Airfares"

(209-373-3562) 3222 PENELOPE DR. STOCKTON, CA- 95212 (NEAR HWY 99 ON MORADA LANE)





ELITE REALTY SERVICES

Shangara Ram
Realtor
CalBRE# 01969522

* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;

Cell: 916-479-5587, Fax: 916-917-5773
Office: 916-681-5112 shangararam2@gmail.com

7412 Elsie Ave., Sacramento, CA 95828



SAROAY INVESTMENT REALTY



Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983



ELITE REALTY SERVICES
7412 Elsie Ave Sacramento, CA 95828



Shaan Nijjar (916) 751-8852
Realtor CalBRE 01980198
Shaan.Realtor@gmail.com www.SellSacValley.com
Office : (916) 681-5112 Fax : (916) 721-2373
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Buy/ Sell Real Estate Residential or Commercial



Amrik Chand (CPA)



Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.

959 Corporate Way, Fremont, CA. 94539


ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash FABRICS
ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।
Appointments & Walk-Ins Welcome
Tuesday - Sunday: 11 AM - 8 PM
Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair
KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ
Like us on Facebook | Follow us on Instagram


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook
Follow us on Twitter
rajasweetsandcatering
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-338-5511
Email: IndiaMarketRoseville@gmail.com

# ਕੈਲੀਫੋਰਨੀਆਂ ਦੇ ਸ਼ਹਿਰ ਸੈਲਮਾ ਵਿਖੇ 23ਵੇਂ ਸਲਾਨਾ ਨਗਰ ਕੀਰਤਨ ਨੇ ਸਿਰਜਿਆ ਖਾਲਸਾਈ ਰੰਗ





**ਫਰਿਜ਼ਨੋ (ਕੁਲਵੰਤ ਉੱਭੀ ਧਾਲੀਆਂ / ਨੀਟਾ ਮਾਛੀਕੇ):** ਕੈਲੀਫੋਰਨੀਆਂ ਵਿੱਚ ਫਰਿਜ਼ਨੋ ਦੇ ਨਜ਼ਦੀਕੀ ਸ਼ਹਿਰ ਸੈਲਮਾ ਦੇ ਗੁਰਦੁਆਰਾ 'ਸਿੱਖ ਸੈਂਟਰ ਆਫ ਪੈਸ਼ੀਫਿਕ ਕੌਸਟ' ਵਿਖੇ ਸੈਂਟਰਲ ਵੈਲੀ ਵਿਖੇ ਵਿਸਾਖੀ ਨੂੰ ਸਮਰਪਿਤ 23 ਵਾਂ ਵਿਸਾਲ ਨਗਰ ਕੀਰਤਨ ਹੋਇਆ। ਜਿਸ ਸਮੇਂ ਸਿੱਖ ਸੰਗਤਾਂ ਅਤੇ ਰਾਗੀ-ਢਾਡੀ, ਕਥਾ ਵਾਚਕ, ਕੀਰਤਨੀ ਜੱਥਿਆ ਨੇ ਸਿਰਕਤ ਕੀਤੀ। ਸਵੇਰ ਸਮੇਂ ਗੁਰੂਘਰ ਵਿਖੇ ਕੀਰਤਨ ਅਤੇ ਗੁਰਮਤਿ ਵਿਚਾਰਾ ਨਾਲ ਵਿਸ਼ੇਸ਼ ਸਮਾਗਮ ਹੋਏ। ਨਗਰ ਕੀਰਤਨ ਦੀ ਸੁਰੂਆਤ ਅਰਦਾਸ ਕਰਨ ਉਪਰੰਤ ਅਮਰੀਕਾ ਦੇ ਰਾਸ਼ਟਰੀ ਝੰਡੇ ਅਤੇ ਕੈਲੀਫੋਰਨੀਆਂ ਸਟੇਟ ਦੇ ਝੰਡੇ ਮਗਰ ਪੰਜਾਂ ਪਿਆਰਿਆ ਦੀ ਅਗਵਾਈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਜੇ ਫਲੋਟ ਮਗਰ ਅਨੇਕਾ ਸਿੱਖ ਧਰਮ ਨਾਲ ਸੰਬੰਧਿਤ ਝਾਕੀਆਂ ਇਕ ਨਵੇਂ ਵਸੇਂ ਅਮੇਰੀਕਨ ਪੰਜਾਬ ਦੀ ਤਸਵੀਰ ਪੇਸ਼ ਕਰ ਰਹੀਆਂ ਸਨ। ਇਸੇ ਤਰ੍ਹਾਂ ਨਗਰ ਕੀਰਤਨ ਦੌਰਾਨ ਪ੍ਰਫੁੱਲਿਤ ਹੋਈ ਸਿੱਖੀ ਦੀ ਮੂੰਹ ਬੋਲਦੀ ਤਸਵੀਰ ਚਾਰ ਚੁਫੇਰੇ ਲਿਸ਼ਕਦੀਆਂ ਕੇਸ਼ਰੀ ਅਤੇ ਰੰਗ-ਬਰੰਗੀਆਂ ਪੱਗਾਂ ਅਤੇ ਚੁੰਨੀਆਂ ਦੁਆਰਾ ਆਮ ਦਿਸ ਰਹੀ ਸੀ। ਜਿਸ ਵਿੱਚ ਬੱਚਿਆ ਬਜੁਰਗਾਂ ਤੋਂ ਇਲਾਵਾ ਸਮੂੰਹ ਧਰਮਾ ਦੀਆਂ ਸੰਗਤਾਂ ਨੇ ਰਲ ਕੇ ਹਾਜ਼ਰੀ ਭਰੀ। ਹੈਲੀਕਪਟਰ ਰਾਹੀ ਫੁੱਲਾ ਦੀ ਵਰਖਾ ਹੋ ਰਹੀ ਸੀ। ਨਗਰ ਕੀਰਤਨ ਦਾ ਦ੍ਰਿਸ਼ ਬਹੁਤ ਹੀ ਅਲੌਕਿਕ ਅਤੇ ਰੂਹਾਨੀ ਭਰਿਆ ਸੀ। ਸੰਗਤਾਂ ਪਾਲਕੀ ਸਾਹਿਬ ਦੇ ਮਗਰ ਵਾਹਿਗੂਰੂ ਸਿਮਰਨ ਅਤੇ ਸਬਦ ਗਾਇਨ ਕਰਦੀਆਂ ਜਾ ਰਹੀਆਂ ਸਨ।ਇਸ ਨਗਰ ਕੀਰਤਨ ਦੌਰਾਨ ਮੁੱਫਤ ਵੱਖ ਵੱਖ ਸੁਆਦਿਸ਼ਟ ਖਾਣੇ ਦੇ ਸਟਾਲ ਲੱਗੇ ਹੋਏ ਸਨ। ਜਿੰਨ੍ਹਾਂ ਦਾ ਸੰਗਤਾਂ ਨੇ ਖੂਬ ਅਨੰਦ ਮਾਣਿਆ। ਇਸ ਤੋਂ ਇਲਾਵਾ ਵਸਤਾ ਅਤੇ ਰਸਤਾ ਦੀਆਂ ਦੁਕਾਨਾ ਵੀ ਭਾਰਤੀ ਮੇਲੇ ਦੀ ਤਸਵੀਰ ਪੇਸ਼ ਕਰ ਰਹੀਆਂ ਸਨ। ਇਸ ਸਮੁੱਚੇ ਨਗਰ ਕੀਰਤਨ ਵਿੱਚ ਸੰਗਤਾ ਦੇ ਹਜ਼ਾਰਾ ਦੀ ਗਿਣਤੀ ਵਿੱਚ ਸੰਗਤਾਂ ਦੇ ਭਾਰੀ ਇਕੱਠ ਨੇ ਆਪਣੇ ਸਰਧਾ ਦੇ ਫੁੱਲ ਭੇਟ ਕਰਦੇ ਹੋਏ ਹਾਜ਼ਰੀਆਂ ਭਰੀਆਂ। ਸੁਰੱਖਿਆ ਦੇ ਪ੍ਰਬੰਧ ਬਹੁਤ ਵਧੀਆਂ ਅਤੇ ਮਜਬੂਤ ਕੀਤੇ ਗਏ ਸਨ। । ਇਸ ਤੋਂ ਇਲਾਵਾਂ ਇਲਾਕੇ ਭਰ ਦੇ ਗੁਰੂਘਰ ਅਤੇ ਸੰਗਤਾਂ ਵਧਾਈ ਦੇ ਪਾਤਰ ਹਨ। ਜਿੰਨ੍ਹਾਂ ਸਭ ਦੇ ਸਹਿਯੋਗ ਸਦਕਾ ਇਹ ਨਗਰ ਕੀਰਤਨ ਯਾਦਗਾਰੀ ਹੋ ਨਿਬੜਿਆ।

# ਵਾਸ਼ਿੰਗਟਨ ਡੀਸੀ, ਅਮਰੀਕਾ ਵਿਖੇ ਖ਼ਾਲਸਾ ਸਾਜਣਾ ਦਿਵਸ ਤੇ ਨੈਸ਼ਨਲ ਸਿੱਖ ਡੇ ਪਰੇਡ ਕੱਢੀ ਗਈ

## ਦੁਨੀਆ ਭਰ ਵਿੱਚ 'ਵਰਲਡ ਸਿੱਖ ਡੇ' ਸਥਾਪਤ ਕਰਨ ਦਾ ਕੀਤਾ ਐਲਾਨ






**ਵਾਸ਼ਿੰਗਟਨ ਡੀ.ਸੀ (ਹੁਸਨ ਲੜੋਆ ਬੰਗਾ)–** ਸਿੱਖ ਕੌਮ ਨੂੰ ਦਰਪੇਸ਼ ਮੁਸ਼ਕਲਾਂ ਅਤੇ ਸਿੱਖਾਂ ਦੀ ਵੱਖਰੀ ਪਹਿਚਾਣ ਦੇ ਮੁੱਦੇ ਲਈ ਜਾਗਰੂਕਤਾ ਫੈਲਾਉਣ ਦੇ ਮੰਤਵ ਨਾਲ ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀ.ਸੀ ਵਿਖੇ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਦੀ ਕਮਾਂਡ ਹੇਠ ਇਸ ਸਾਲ ਦੂਜੀ ਨੈਸ਼ਨਲ ਸਿੱਖ ਡੇ ਪਰੇਡ ਕੱਢੀ ਗਈ। ਹਜ਼ਾਰਾਂ ਦੇ ਇਕੱਠ ਵਾਲੀ ਇਸ ਪਰੇਡ ਵਿੱਚ ਅਮਰੀਕਾ ਦੀਆਂ ਕਰੀਬ 60 ਗੁਰਦੁਆਰਾ ਕਮੇਟੀਆਂ ਅਤੇ ਪੰਥਕ ਜਥੇਬੰਦੀਆਂ ਵੱਲੋਂ ਸ਼ਮੂਲੀਅਤ ਕੀਤੀ ਗਈ। ਪਰੇਡ ਦੀ ਸ਼ੁਰੂਆਤ ਤੋਂ ਹੀ ਖ਼ਾਲਸਾਈ ਜਲੌਅ ਅਮਰੀਕਨਾਂ ਦੀ ਖਿੱਚ ਦਾ ਕੇਂਦਰ ਰਿਹਾ ਕਿਉਂਕਿ ਇਸੇ ਦਿਨ ਚੈਰੀ ਬਲੌਸਮ ਪਰੇਡ ਵੀ ਕੱਢੀ ਗਈ ਸੀ ਜਿਸ ਵਿੱਚ ਸ਼ਾਮਲ ਹੋਣ ਲਈ ਅਮਰੀਕਾ ਭਰ ਤੋਂ ਲੋਕ ਪਹੁੰਚੇ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਹਿਨੁਮਾਈ ਹੇਠ ਕੌਂਸਟੀਚਿਊਸ਼ਨ ਐਵਿਨਿਊ ਅਤੇ 20 ਸਟਰੀਟ ਤੋਂ ਸ਼ੁਰੂ ਹੋਈ, ਜਿੱਥੇ ਗੁਰੂ ਸਾਹਿਬ ਦੀ ਪਾਲਕੀ ਤੋਂ ਬਾਅਦ ਢੱਠੇ ਅਕਾਲ ਤਖਤ ਨੂੰ ਦਰਸਾਉਂਦਾ ਫਲੋਟ ਅਤੇ ਮੌਜੂਦਾ ਸਿੱਖ ਸੰਘਰਸ਼ ਦੇ ਸ਼ਹੀਦਾਂ ਦੀਆਂ ਫ਼ੋਟੋਆਂ ਵਾਲਾ ਫਲੋਟ ਵੀ ਸ਼ਾਮਲ ਸੀ। ਕੈਪੀਟਲ ਦੇ ਮੂਹਰਿਓਂ ਹੁੰਦੀ ਹੋਈ ਪਰੇਡ ਕੌਂਸਟੀਚਿਊਸ਼ਨ ਐਵਿਨਿਊ ਅਤੇ 3 ਸਟਰੀਟ ਤੇ ਆ ਕੇ ਸਮਾਪਤ ਹੋਈ, ਜਿੱਥੇ ਪ੍ਰਬੰਧਕਾਂ ਵੱਲੋਂ ਸਟੇਜ ਸਜਾਈ ਗਈ ਸੀ। ਇਸ ਪਰੇਡ ਵਿੱਚ ਕੈਨੇਡਾ ਦੇ ਸਰੀ ਸੈਂਟਰ ਤੋਂ ਮੈਂਬਰ ਪਾਰਲੀਮੈਂਟ ਰਣਦੀਪ ਸਿੰਘ ਸਰਾਏ ਨੇ ਮੁੱਖ ਮਹਿਮਾਨ ਦੇ ਤੌਰ ਤੇ ਸ਼ਮੂਲੀਅਤ ਕੀਤੀ। ਸਟੇਜ ਤੇ ਪਹਿਲੇ ਦੌਰ ਦੀਆਂ ਤਕਰੀਰਾਂ ਅੰਗਰੇਜ਼ੀ ਵਿੱਚ ਹੋਈਆਂ ਜਿਸ ਦਾ ਸੰਚਾਲਨ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਦੇ ਬੁਲਾਰੇ ਸ.ਹਰਜਿੰਦਰ ਸਿੰਘ ਵੱਲੋਂ ਕੀਤਾ ਗਿਆ ਜਿੱਥੇ ਕਾਂਗਰਸਮੈਨ ਪੈਟਰਿਕ ਮੀਹਾਨ ਦੇ ਨੁਮਾਇੰਦੇ, ਸਟੇਟ ਸੈਨੇਟਰ ਰੀਵਜ਼ ਦੇ ਨੁਮਾਇੰਦੇ ਅਤੇ ਮੈਟਰੋਪਾਲਿਟਨ ਪੁਲਿਸ ਡਿਪਾਰਟਮੈਂਟ ਤੋਂ ਆਫ਼ੀਸਰ ਡੈਵਲੀਸ਼ਆਰ ਨੇ ਸੰਗਤ ਨੂੰ ਸੰਬੋਧਨ ਕੀਤਾ। ਪੰਜਾਬੀ ਵਿੱਚ ਸਟੇਜ ਦਾ ਸੰਚਾਲਨ ਈਸਟ ਕੋਸਟ ਸਿੱਖ ਕੋਆਰਡੀਨੇਸ਼ਨ ਕਮੇਟੀ ਦੇ ਕੋਆਰਡੀਨੇਟਰ ਸ.ਹਿੰਮਤ ਸਿੰਘ ਵੱਲੋਂ ਕੀਤਾ ਗਿਆ।

ਸਟੇਜ ਤੋਂ ਬੁਲਾਰਿਆਂ ਨੇ ਜਿੱਥੇ ਅਮਰੀਕਾ ਦੀ ਕਾਂਗਰਸ ਵੱਲੋਂ ਵਿਸਾਖੀ ਨੂੰ ਖ਼ਾਲਸਾ ਸਾਜਣਾ ਦਿਵਸ ਵਜੋਂ ਮਾਨਤਾ ਦੇਣ ਦੇ ਫ਼ੈਸਲੇ ਦਾ ਸੁਆਗਤ ਕੀਤਾ ਉੱਥੇ ਓਂਟਾਰੀਓ (ਕੈਨੇਡਾ) ਵਿਧਾਨ ਸਭਾ ਵੱਲੋਂ 1984 ਦੇ ਸਿੱਖ ਕਤਲੇਆਮ ਨੂੰ 8ਨਸਲਕੁਸ਼ੀ' ਵਜੋਂ ਐਲਾਨਣ ਦੇ ਫ਼ੈਸਲੇ ਦਾ ਧੰਨਵਾਦ ਕੀਤਾ। ਨਿਊਯਾਰਕ ਤੋਂ ਡਾ.ਰਣਜੀਤ ਸਿੰਘ ਨੇ ਮਤਾ ਪੜਿਆ ਜਿਸ ਵਿੱਚ ਇਹ ਐਲਾਨ ਕੀਤਾ ਗਿਆ ਕਿ ਅਗਲੇ ਸਾਲ ਤੋਂ ਇਸ ਪਰੇਡ ਨੂੰ 'ਵਰਲਡ ਸਿੱਖ ਡੇ ਪਰੇਡ' ਵਜੋਂ ਸਥਾਪਤ ਕੀਤਾ ਜਾਵੇਗਾ ਅਤੇ ਇਸ ਲਈ ਹਰ ਉੱਦਮ ਕਰਨ ਦਾ ਪ੍ਰਬੰਧਕਾਂ ਨੇ ਅਹਿਦ ਲਿਆ। ਸਟੇਜ ਤੋਂ ਸੰਗਤ ਨੂੰ ਸੰਬੋਧਨ ਕਰਨ ਵਾਲਿਆਂ ਵਿੱਚ ਬਖ਼ਸ਼ੀਸ਼ ਸਿੰਘ, ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ, ਇੰਗਲੈਂਡ ਤੋਂ ਮਨਪ੍ਰੀਤ ਸਿੰਘ, ਖ਼ਾਲਸਾ ਅਫੇਅਰਜ਼ ਸੈਂਟਰ ਦੇ ਸੰਚਾਲਕ ਡਾ. ਅਮਰਜੀਤ ਸਿੰਘ, ਸਿੱਖਸ ਫ਼ਾਰ ਜਸਟਿਸ ਤੋਂ ਡਾ.ਬਖ਼ਸ਼ੀਸ਼ ਸਿੰਘ ਅਤੇ ਅਵਤਾਰ ਸਿੰਘ ਪੰਨੂ, ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਦੇ ਮੁੱਖ ਸੇਵਾਦਾਰ ਕੁਲਦੀਪ ਸਿੰਘ ਢਿੱਲੋਂ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਕਨਵੀਨਰ ਬੂਟਾ ਸਿੰਘ ਖੜੌਦ, ਮੈਰੀਲੈਂਡ ਤੋਂ ਭਾਈ ਸਵਿੰਦਰ ਸਿੰਘ, ਫਰੈਂਡਜ਼ ਆਫ਼ ਅਮੈਰਿਕਨ ਸਿੱਖ ਕਾਕਸ ਤੋਂ ਹਰਪ੍ਰੀਤ ਸਿੰਘ ਸੰਧੂ, ਭਾਈ ਗੁਰਦੇਵ ਸਿੰਘ ਕੰਗ, ਵਰਜੀਨੀਆ ਤੋਂ ਡੈਮੋਕ੍ਰੇਟਿਕ ਪਾਰਟੀ ਦੇ ਡੈਲੀਗੇਟ ਲਈ ਉਮੀਦਵਾਰ ਮਨਸਿਮਰਨ ਸਿੰਘ ਕਾਹਲੋਂ, ਕਨੈਕਟੀਕਟ ਤੋਂ ਸਵਰਨਜੀਤ ਸਿੰਘ ਖ਼ਾਲਸਾ, ਦੋਆਬਾ ਸਿੱਖ ਐਸੋਸੀਏਸ਼ਨ ਤੋਂ ਬਲਜਿੰਦਰ ਸਿੰਘ, ਅਕਾਲ ਚੈਨਲ ਤੋਂ ਭਾਈ ਅਮਰਜੀਤ ਸਿੰਘ, ਫਿਲਾਡਲਫੀਆ ਤੋਂ ਕੇਵਲ ਸਿੰਘ, ਬਖ਼ਸ਼ੀਸ਼ ਸੈਣੀ, ਵਰਜੀਨੀਆ ਤੋਂ ਮਹਿਤਾਬ ਸਿੰਘ, ਦਵਿੰਦਰ ਬਦੇਸ਼ਾ, ਦਵਿੰਦਰ ਦਿਓ, ਪੈਨਸਲਵੇਨੀਆ ਤੋਂ ਹਰਚਰਨ ਸਿੰਘ, ਗੁਰਰਾਜ ਸਿੰਘ, ਫਿਲਾਡਲਫੀਆ ਤੋਂ ਨਰਿੰਦਰ ਸਿੰਘ, ਸ਼ਿਕਾਗੋ ਤੋਂ ਕੁਲਵਿੰਦਰ ਸਿੰਘ ਤੇਜ਼ੀ ਆਦਿ ਦੇ ਨਾਮ ਸ਼ਾਮਲ ਹਨ।

# ਸ੍ਰੀ ਗੁਰੂ ਗ੍ਰੰਥ ਸਾਹਿਬ ਚੁੱਕ ਕੇ ਲਿਜਾਣ ਦੀ ਸਖਤ ਨਿਖੇਧੀ



ਸ੍ਰੀ ਗੁਰੂ ਰਵਿਦਾਸ ਟੈਂਪਲ ਨਿਊਯਾਰਕ

**ਯੂਬਾ ਸਿਟੀ–** ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਦੀ ਇਕ ਵਿਸ਼ੇਸ਼ ਮੀਟਿੰਗ ਸ੍ਰੀ ਪ੍ਰੇਮ ਸੌਂਧੀ ਦੀ ਪ੍ਰਧਾਨਗੀ ਹੇਠ ਮਹਾਂਰਿਸ਼ੀ ਵਾਲਮੀਕ ਟੈਂਪਲ ਵਿਖੇ ਹੋਈ। ਜਿਸ ਵਿਚ ਨਿਊਯਾਰਕ ਗੁਰੂ ਘਰ ਵਿਚ ਗੁਰੂ ਗ੍ਰੰਥ ਸਾਹਿਬ ਨੂੰ ਚੁੱਕ ਕੇ ਲਿਜਾਣ ਦੀ ਘਟੀਆ ਹਰਕਤ ਅਤੇ ਧੰਨ-ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਬਾਰੇ ਘਟੀਆ ਕਿਸਮ ਦੀ ਸ਼ਬਦਾਵਲੀ ਵਰਤਣ ਦੀ ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਵੱਲੋਂ ਜ਼ੋਰਦਾਰ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ। ਸਭਾ ਵੱਲੋਂ ਗੁਰੂ ਘਰ ਦੇ ਪ੍ਰਬੰਧਕ ਸਾਹਿਬਾਨ ਤੇ ਨਿਊਯਾਰਕ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਗਈ ਕਿ ਘਟੀਆ ਕਰਤੂਤ ਕਰਨ ਵਾਲੇ ਵਿਅਕਤੀ ਨੂੰ ਢੁਕਵੀਂ ਸਜ਼ਾ ਦਿੱਤੀ ਜਾਵੇ।

ਸਭਾ ਵੱਲੋਂ ਗ੍ਰੰਥੀ ਸਿੰਘ ਵੱਲੋਂ ਕੀਤੀ ਗਈ ਕਾਰਗੁਜ਼ਾਰੀ (ਜਿਸ ਨਾਲ ਗੁਰੂ ਗ੍ਰੰਥ ਸਾਹਿਬ ਦੀ ਹੋਣ ਜਾ ਰਹੀ ਬੇਅਦਬੀ ਤੋਂ ਬਚਾਅ ਹੋਇਆ ਅਤੇ ਉਸ ਤੋਂ ਬਾਅਦ ਵਿਚ ਜੋ ਊਲ-ਜਲੂਲ ਅਫਵਾਹਾਂ ਫੈਲਣੀਆਂ ਸਨ, ਉਨ੍ਹਾਂ ਤੋਂ ਬਚਾਅ ਹੋ ਗਿਆ) ਦੀ ਵੀ ਸ਼ਲਾਘਾ ਕੀਤੀ ਗਈ। ਪ੍ਰੈਸ ਨੂੰ ਇਹ ਜਾਣਕਾਰੀ ਸਭਾ ਦੇ ਪ੍ਰਧਾਨ ਸ੍ਰੀ ਪ੍ਰੇਮ ਸੌਂਧੀ ਵੱਲੋਂ ਦਿੱਤੀ ਗਈ। ਉਪਰੋਕਤ ਜਾਣਕਾਰੀ ਸੰਤੋਖ ਸਿੰਘ ਗਿੱਲ, ਯੂਬਾ ਸਿਟੀ ਨੇ ਦਿੱਤੀ।

ਸ੍ਰੀ ਗੁਰੂ ਰਵਿਦਾਸ ਟੈਂਪਲ ਨਿਊਯਾਰਕ ਦੇ ਸਾਬਕਾ ਪ੍ਰਧਾਨ ਸ੍ਰੀ ਪਿੰਦਰਪਾਲ ਜੀ ਨੇ ਅਤੇ ਮੌਜੂਦਾ ਪ੍ਰਧਾਨ ਅਸ਼ੋਕ ਕੁਮਾਰ ਵੱਲੋਂ ਕਿਹਾ ਕਿ ਅਸੀਂ ਇਸ ਮੰਦਭਾਗੀ ਘਟਨਾ ਦੀ ਜਿੱਥੇ ਨਿਖੇਧੀ ਕਰਦੇ ਹਾਂ ਅਤੇ ਉਥੇ ਗੁਰੂ ਪਿਆਰੀ ਸਮੂਹ ਸਾਧ ਸੰਗਤ ਨੂੰ ਬੇਨਤੀ ਕਰਦੇ ਹਾਂ ਕਿ ਦੁੱਖ-ਸੁੱਖ ਦੀ ਘੜੀ ਵਿਚ ਸਭ ਰਲ-ਮਿਲ ਕੇ ਰਹਿਣ ਤੇ ਏਕਤਾ ਦਾ ਸਬੂਤ ਦੇਣ। ਇਸ ਦਰਮਿਆਨ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਦੇ ਪ੍ਰਧਾਨ ਸ੍ਰੀ ਰਮੇਸ਼ ਬੰਗੜ ਜੀ ਨੇ ਵੀ ਇਸ ਮੰਦਭਾਗੀ ਘਟਨਾ ਤੇ ਅਫਸੋਸ ਜ਼ਾਹਿਰ ਕੀਤਾ ਅਤੇ ਮੰਗ ਕੀਤੀ ਕਿ ਸਥਾਨਕ ਪ੍ਰਸ਼ਾਸਨ ਉਕਤ ਵਿਅਕਤੀ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕਰੇ। ਉਹਨਾਂ ਸਾਰੇ ਭਾਈਚਾਰੇ ਅਤੇ ਸੰਗਤ ਨੂੰ ਬੇਨਤੀ ਕੀਤੀ ਕਿ ਸਮੂਹ ਸੰਗਤਾਂ ਰਲ-ਮਿਲ ਕੇ ਰਹਿਣ।

ਇਸੇ ਤਰ੍ਹਾਂ ਸ੍ਰੀ ਗੁਰੂ ਰਵਿਦਾਸ ਸਭਾ (ਸੈਂਟਰਲ ਵੈਲੀ) ਫਰਿਜ਼ਨੋ (ਕੈਲੇਫੋਰਨੀਆ) ਵੱਲੋਂ ਸ੍ਰੀ ਅਮਰ ਦੜੌਚ ਨੇ 'ਦੇਸ਼ ਦੁਆਬਾ' ਨੂੰ ਦੱਸਿਆ ਕਿ ਪਰਮਜੀਤ ਸਿੰਘ ਗਿੱਲ ਦੁਆਰਾ ਗੁਰੂ ਗ੍ਰੰਥ ਸਾਹਿਬ ਨੂੰ ਚੁੱਕ ਕੇ ਲਿਜਾਣਾ ਅਤੇ ਸ੍ਰੀ ਗੁਰੂ ਰਵਿਦਾਸ ਜੀ ਪ੍ਰਤੀ ਘਟੀਆ ਸ਼ਬਦਾਵਲੀ ਵਰਤਣ ਵਾਲੇ ਦੀ ਨਿਖੇਧੀ ਕਰਦਿਆਂ ਕਿਹਾ ਕਿ ਉਥੋਂ ਦਾ ਪ੍ਰਸ਼ਾਸਨ ਇਸ ਪ੍ਰਤੀ ਬਣਦੀ ਕਾਰਵਾਈ ਕਰੇ। ਇਸ ਦੇ ਨਾਲ ਹੀ ਸ੍ਰੀ ਦੜੌਚ ਨੇ ਕਿਹਾ ਕਿ ਸਾਰੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਚਾਹੀਦਾ ਹੈ ਕਿ ਇਸ ਮੰਦਭਾਗੀ ਘਟਨਾ ਦੀ ਜਿੱਥੇ ਨਿੰਦਾ ਕਰਨ ਅਤੇ ਧੰਨ ਧੰਨ ਸ੍ਰੀ ਗਰੂ ਗ੍ਰੰਥ ਸਾਹਿਬ ਨਾਮ ਲੇਵਾ ਸੰਗਤਾਂ ਇੱਕਜੁਟਤਾ ਦਿਖਾਉਣ।

## ਲੇਖਕਾਂ/ਪੱਤਰਕਾਰ ਵੀਰਾਂ ਨੂੰ ਬੇਨਤੀ

'ਦੇਸ਼ ਦੁਆਬਾ' ਵਿਚ ਆਪਣੀਆਂ ਰਚਨਾਵਾਂ ਅਤੇ ਖਬਰਾਂ ਭੇਜਣ ਵਾਲੇ ਲੇਖਕ ਅਤੇ ਪੱਤਰਕਾਰ ਭਰਾ ਆਪਣੀ ਲਿਖਤ ਸਾਨੂੰ ਸਿਰਫ ਈ-ਮੇਲ ਰਾਹੀਂ ਹੀ ਭੇਜਣ।

ਸਾਡਾ ਈ-ਮੇਲ

Deshdoaba@yahoo.com

ਜੇਕਰ ਕੋਈ ਰਚਨਾ ਛਪਣ ਤੋਂ ਰਹਿ ਜਾਂਦੀ ਹੈ ਤਾਂ ਸਾਨੂੰ ਯਾਦ ਕਰਵਾਇਆ ਜਾਵੇ ਤਾਂ ਜੋ ਅਗਲੇ ਅੰਕ ਵਿਚ ਅਸੀਂ ਉਸ ਰਚਨਾ ਨੂੰ ਪ੍ਰਕਾਸ਼ਿਤ ਕਰ ਸਕੀਏ। ਕਈ ਵਾਰ ਜਗ੍ਹਾ ਦੀ ਘਾਟ ਜਾਂ ਸਮੇਂ ਸਿਰ ਨਾ ਮਿਲਣ ਜਾਂ ਫਿਰ ਹੋਰ ਕਾਰਨਾਂ ਕਰਕੇ ਵੀ ਕੋਈ ਰਚਨਾ ਨਹੀਂ ਛਪਦੀ ਤਾਂ ਉਹ ਰਚਨਾ ਅਸੀਂ ਅਗਲੇਰੇ ਅੰਕਾਂ ਵਿਚ ਛਾਪਣ ਦੀ ਪੂਰੀ ਕੋਸ਼ਿਸ਼ ਕਰਾਂਗੇ।

–ਸੰਪਾਦਕ


## Matrimonial

Looking for a well-educated boy green card or us citizen for a beautiful 24 years family oriented Ad-Dharmi girl 5fts 4 inches tall Bachelor of Arts international relations & Chinese from U C Davis. U S Citizen working for a good company serious interested may contact at 1-916-968-3094

**ਵਰ ਦੀ ਲੋੜ**

ਆਦਿਧਰਮੀ 28 ਸਾਲਾ ਅਮਰੀਕਨ ਗਰੀਨ ਕਾਰਡ ਹੋਲਡਰ ਲੜਕੀ ਲਈ ਲੜਕੇ ਦੀ ਜ਼ਰੂਰਤ ਹੈ। ਅਮਰੀਕਾ ਸਿਟੀਜਨ 35 ਸਾਲ ਵਿਧਵਾ ਲੜਕੀ ਲਈ ਲੜਕੇ ਦੀ ਜ਼ਰੂਰਤ ਹੈ। ਕਿਰਪਾ ਕਰਕੇ ਉਹ ਹੀ ਸੰਪਰਕ ਕਰਨ ਜੋ ਅਮਰੀਕਾ ਰਹਿੰਦੇ ਭਰਾ 30 ਸਾਲ ਨੂੰ ਸਿਟੀਜਨ ਲੜਕੀ ਦਾ ਰਿਸ਼ਤਾ ਕਰਵਾ ਸਕਣ। ਤਲਾਕਸ਼ੁਦਾ ਵੀ ਸੰਪਰਕ ਕਰ ਸਕਦੇ ਹਨ।

469-954-6343 ਜਾਂ 469-954-6359

Looking for a well-educated, beautiful, professionally qualified and family oriented girl for a very handsome tall 5fts, 10 inches August 1985 boy belonging to a S.C. respectable family USA CITIZEN, MASTER OF SCIENCE IN AEROSPACE working as civil engineer at a USA Air-force. Serious interested may contact on phone NO. 1-209-817-5127 WITH LATEST PHOTO AND BIODATA.

# ਸਟਾਕਟਨ, ਕੈਲੇਫੋਰਨੀਆ ਦੇ ਇਤਿਹਾਸਕ ਗੁਰਦੁਆਰਾ ਸਾਹਿਬ ਵੱਲੋਂ ਵਿਸਾਖੀ ਪੁਰਬ ਤੇ ਵਿਸ਼ਾਲ ਨਗਰ ਕੀਰਤਨ

## ਅਮਰੀਕਨ ਤੇ ਸਿੱਖ ਆਗੂਆਂ ਨੇ ਕੀਤੀ ਸ਼ਿਰਕਤ
















**ਸਟਾਕਟਨ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਗਦਰੀ ਬਾਬਿਆਂ ਦੇ ਇਤਿਹਾਸਕ ਸਥਾਨ ਸਟਾਕਟਨ, ਕੈਲੀਫੋਰਨੀਆ ਗੁਰਦੁਆਰਾ ਸਾਹਿਬ ਵੱਲੋਂ ਵਿਸਾਖੀ ਪੁਰਬ 'ਤੇ ਵਿਸ਼ਾਲ ਨਗਰ ਕੀਰਤਨ ਦਾ ਆਯੋਜਨ ਕੀਤਾ ਗਿਆ, ਜਿਸ ਦੌਰਾਨ ਭਾਰੀ ਮੀਂਹ ਦੇ ਬਾਵਜੂਦ ਹਜ਼ਾਰਾਂ ਸੰਗਤਾਂ ਨੇ ਸ਼ਮੂਲੀਅਤ ਕੀਤੀ। ਪੰਜਾਂ ਪਿਆਰਿਆਂ ਦੀ ਅਗਵਾਈ ਵਿਚ ਕੱਢੇ ਗਏ ਨਗਰ ਕੀਰਤਨ ਤੋਂ ਪਹਿਲਾਂ ਰਾਤ ਤੇ ਸਵੇਰੇ ਭਾਰੀ ਦੀਵਾਨ ਸਜਾਏ ਗਏ, ਜਿਸ ਵਿਚ ਵੱਖ-ਵੱਖ ਸਿੱਖ ਤੇ ਅਮਰੀਕਨ ਆਗੂਆਂ ਨੇ ਭਰਵੀਂ ਹਾਜ਼ਰੀ ਲਵਾਈ ਤੇ ਆਪਣੇ-ਆਪਣੇ ਵਿਚਾਰ ਰੱਖੇ। ਇਹਨਾਂ ਬੁਲਾਰਿਆਂ ਵਿਚ ਡਾ. ਅਮਰਜੀਤ ਸਿੰਘ ਵਾਸ਼ਿੰਗਟਨ ਨੇ ਆਪਣੀ ਤਕਰੀਰ ਵਿਚ ਪੰਜਾਬ ਦੇ ਮੁੱਖ ਮੰਤਰੀ ਦੇ ਉਹਨਾਂ ਵਿਚਾਰਾਂ ਨੂੰ ਕਾਫੀ ਭੰਡਿਆ, ਜਿਸ ਵਿਚ ਉਹਨਾਂ ਕੈਨੇਡਾ ਦੇ ਸਿੱਖ ਰੱਖਿਆ ਮੰਤਰੀ ਨੂੰ ਖਾਲਿਸਤਾਨ ਨਾ ਜੋੜ ਕੇ ਨਾ ਮਿਲਣ ਦੀ ਗੱਲ ਆਖੀ ਸੀ। ਇਯਦੇ ਸਵਾਲ ਵਿਚ ਡਾ. ਅਮਰਜੀਤ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਅਮਰਿੰਦਰ ਸਿੰਘ ਦਾ ਪਿਛੋਕੜ ਸਿੱਖ ਕੌਮ ਨਾਲ ਕੀਤੀਆਂ ਗਦਾਰੀਆਂ ਨਾਲ ਭਰਿਆ ਪਿਆ ਹੈ ਤੇ ਅਸਲ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਕੈਨੇਡਾ ਫੇਰੀ ਦੌਰਾਨ ਉਹਨਾਂ ਨੂੰ ਕਿਧਰੇ ਵੀ ਬੋਲਣ ਨਹੀਂ ਸੀ ਦਿੱਤਾ ਗਿਆ। ਬਾਕੀ ਬੁਲਾਰਿਆਂ ਵਿਚ ਸ. ਸੁਖਵਿੰਦਰ ਸਿੰਘ ਸਿੱਖਸ ਫਾਰ ਜਸਟਿਸ, ਨਿਰਮਲ ਸਿੰਘ ਥਿਆੜਾ, ਹਰਪ੍ਰੀਤ ਸਿੰਘ ਸੰਧੂ ਸਿੱਖ ਕਾਕਸ, ਮਨਮੀਤ ਸਿੰਘ ਜੋ ਸੈਨੇਟਰ ਲਈ ਮੋਡੈਸਟੋ ਸ਼ਹਿਰ ਤੋਂ ਉਮੀਦਵਾਰ ਹਨ ਤੋਂ ਇਲਾਵਾ ਸਟਾਕਟਨ ਸ਼ਹਿਰ ਦੇ ਮੁੱਖ ਪ੍ਰਸ਼ਾਸਨਿਕ ਅਧਿਕਾਰੀ, ਲੈਥਰੋਪ ਸ਼ਹਿਰ ਦੇ ਪੁਲਿਸ ਮੁਖੀ ਤੇ ਲੈਥਰੋਪ ਸ਼ਹਿਰ ਦੇ ਮੇਅਰ ਸੰਨੀ ਧਾਲੀਵਾਲ ਤੋਂ ਇਲਾਵਾ ਬਾਕੀ ਸ਼ਾਮਲ ਹੋਣ ਵਾਲਿਆਂ ਵਿਚ ਸਿੱਖ ਆਗੂ ਸ. ਜੌਨ ਸਿੰਘ ਗਿੱਲ, ਹਰਨੇਕ ਅਟਵਾਲ, ਜਸਵਿੰਦਰ ਜੰਡੀ, ਕੁਲਜੀਤ ਨਿੱਝਰ ਆਦਿ ਨੇ ਵਿਸ਼ੇਸ਼ ਤੌਰ ਤੇ ਹਾਜ਼ਰੀ ਭਰੀ।

ਇਸ ਦੌਰਾਨ ਧਾਰਮਿਕ ਸਮਾਗਮਾਂ ਵਿਚ ਪੰਥ ਦੇ ਮਹਾਨ ਕਥਾਵਾਚਕ ਭਾਈ ਪਿੰਦਰਪਾਲ ਸਿੰਘ, ਕਵੀਸ਼ਰ ਭਾਈ ਸੁਲੱਖਣ ਸਿੰਘ ਦਾ ਜਥਾ, ਹਜ਼ੂਰੀ ਰਾਗੀ ਗੁਰੂ ਘਰ ਸਟਾਕਟਨ, ਭਾਈ ਹਰਪ੍ਰੀਤ ਸਿੰਘ ਦਰਬਾਰ ਸਾਹਿਬ ਵਾਲੇ, ਭਾਈ ਮਹਿਲ ਸਿੰਘ ਦੇ ਕਵੀਸ਼ਰੀ ਜਥੇ ਆਦਿ ਨੇ ਲਗਾਤਾਰ ਹਾਜ਼ਰੀ ਲਵਗਾਈ। ਇਹਨਾਂ ਸਮਾਗਮਾਂ ਦੌਰਾਨ ਨਗਰ ਕੀਰਤਨ ਤੋਂ ਪਹਿਲਾਂ ਨਿਸ਼ਾਨ ਸਾਹਿਬ ਦੀ ਸੇਵਾ ਕੀਤੀ ਗਈ ਤੇ ਚੋਲਾ ਸਾਹਿਬ ਬਦਲਿਆ ਗਿਆ। ਨਗਰ ਕੀਰਤਨ ਦੌਰਾਨ ਵੱਖ-ਵੱਖ ਫਲੋਟਾਂ ਰਾਹੀਂ ਸਿੱਖ ਇਤਿਹਾਸ ਤੇ ਸਿੱਖ ਘੱਲੂਘਾਰੇ ਦੀਆਂ ਤਸਵੀਰਾਂ ਵੀ ਸੁਸ਼ੋਭਿਤ ਕੀਤੀਆਂ ਗਈਆਂ ਸਨ, ਜਿਹਨਾਂ ਰਾਹੀਂ ਸਿੱਖਾਂ ਦੇ ਇਤਿਹਾਸ ਤੇ ਤ੍ਰਾਸਦੀ ਦਾ ਜ਼ਿਕਰ ਸੀ।

ਇਸ ਮੌਕੇ ਗੁਰੂ ਘਰ ਦੇ ਪ੍ਰਬੰਧਕਾਂ ਸ. ਗੁਲਵਿੰਦਰ ਸਿੰਘ ਗਾਖਲ ਪ੍ਰਧਾਨ, ਮਨਜੀਤ ਸਿੰਘ ਮੁਕੇਰੀਆਂ, ਸੈਕਟਰੀ ਜਤਿੰਦਰ ਸਿੰਘ ਪੰਮਾ, ਅਮਰਜੀਤ ਸਿੰਘ ਟੂੰਗ, ਖਜਾਨਚੀ ਰਣਜੀਤ ਸਿੰਘ ਚੰਦੋਵਾਲੀਆ ਤੇ ਪਰਮਜੀਤ ਸਿੰਘ ਨਿੱਝਰ ਨੇ ਸਮੂਹ ਸੰਗਤਾਂ, ਵਲੰਟੀਅਰਾਂ ਤੇ ਲੰਗਰ ਦਾਨੀਆਂ ਦਾ ਧੰਨਵਾਦ ਕੀਤਾ।

# ਅੰਬੇਦਕਰਵਾਦ ਬਨਾਮ ਮਾਰਕਸਵਾਦ 'ਦੁਵੱਲੇ ਭਰਮ ਭੁਲੇਖੇ' ਵਿਸ਼ੇ ਤੇ ਬੰਗਾ 'ਚ ਸੈਮੀਨਾਰ










**ਮੁਕੰਦਪੁਰ, (ਰੇਸ਼ਮ ਕਰਨਾਣਵੀ)-** ਪ੍ਰਗਤੀਸ਼ੀਲ ਵਿਚਾਰ ਮੰਚ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਬੈਨਰ ਹੇਠ ਸਰਗਰਮ ਸੰਸਥਾ ਵਲੋਂ ਬੰਗਾ ਵਿਖੇ ਅੰਬੇਦਕਰਵਾਦ ਬਨਾਮ ਮਾਰਕਸਵਾਦ 'ਦੁਵੱਲੇ ਭਰਮ ਭੁਲੇਖੇ' ਵਿਸ਼ੇ ਤੇ ਸੈਮੀਨਾਰ ਕਰਵਾਇਆ ਗਿਆ।

ਇਸ ਸੈਮੀਨਾਰ ਵਿੱਚ ਦੇ ਇਤਿਹਾਸ ਖੋਜੀ, ਕਹਾਣੀਕਾਰ ਅਤੇ ਰਸਾਲੇ 'ਲਕੀਰ' ਦੇ ਸੰਪਾਦਕ ਦੇਸ ਰਾਜ ਕਾਲੀ ਮੁੱਖ ਬੁਲਾਰੇ ਦੇ ਤੌਰ ਤੇ ਸ਼ਿਰਕਤ ਕੀਤੀ। ਸਮਾਗਮ ਦੀ ਸ਼ੁਰੂਆਤ ਡਾ. ਬਲਦੇਵ ਸਿੰਘ ਬੀਕਾ ਵਲੋਂ ਜਗਤਾਰ ਨਿਰਮਲ ਦੀ ਬਾਵਾ ਸਾਹਿਬ ਸਬੰਧੀ ਰਚਨਾ ਅਤੇ ਦੀਪ ਕਲੇਰ ਦੀ ਜੁਝਾਰੂ ਕਵਿਤਾ ਨਾਲ਼ ਕਰਵਾਈ ਉਪਰੰਤ ਮੁੱਖ ਬੁਲਾਰੇ ਦੇਸ ਰਾਜ ਕਾਲੀ ਨੇ ਉਪਰੋਕਤ ਵਿਸ਼ੇ ਤੇ ਆਪਣੇ ਅੰਬੇਦਕਰਵਾਦ ਅਤੇ ਮਾਰਕਸਵਾਦ ਦੇ ਵਿਸ਼ੇ ਤੇ ਵੱਡੇ ਪ੍ਰੋਜੈਕਟ ਵਿਚੋਂ ਕੁਝ ਮੁੱਖ ਨੁਕਤਿਆਂ ਅਤੇ ਹਵਾਲਿਆਂ ਨਾਲ਼ ਦੋਵਾਂ ਵਿਦਵਾਨਾਂ ਦੇ ਵਿਚਾਰਾਂ ਨੂੰ ਬੜੀ ਸਰਲਤਾ ਨਾਲ਼ ਪੇਸ਼ ਕੀਤਾ। ਉਨ੍ਹਾਂ ਨੇ ਕਿਹਾ ਕਿ ਡਾ. ਭੀਮ ਰਾਓ ਅੰਬੇਦਕਰ ਵਲੋਂ ਕਿਤੇ ਵੀ ਮਾਰਕਸਵਾਦ ਦਾ ਵਿਰੋਧ ਨਹੀਂ ਕੀਤਾ ਗਿਆ ਸਗੋਂ ਉਨ੍ਹਾਂ ਨੇ ਆਪਣੀਆਂ ਲਿਖਤਾਂ ਵਿੱਚ ਇਹ ਦਰਸਾਇਆ ਕਿ ਮਾਰਕਸਵਾਦ ਦੀ ਵਿਚਾਰਧਾਰਾ ਮਹਾਤਮਾ ਬੁੱਧ ਵਲੋਂ ਸਦੀਆਂ ਪਹਿਲਾਂ ਦੇ ਵਿਚਾਰਾਂ ਦੇ ਨਾਲ਼ ਹੀ ਮੇਲ ਖਾਂਦੀ ਹੈ।

ਉਨ੍ਹਾਂ ਨੇ ਅਜੋਕੇ ਸੰਦਰਭ ਵਿੱਚ ਅੰਬੇਦਕਰਵਾਦ ਨੂੰ ਭਾਰਤ ਵਿੱਚ ਅਤੇ ਮਾਰਕਸਵਾਦ ਸਮੁੱਚੇ ਸੰਸਾਰ ਵਿੱਚ ਲਾਗੂ ਕਰਨ ਨਾਲ਼ ਹੀ ਆਰਥਿਕ, ਰਾਜਨੀਤਕ ਅਤੇ ਸਮਾਜਿਕ ਵਿਸ਼ਵ ਵਿਆਪੀ ਅਸਥਿਰਤਾ ਤੇ ਕਾਬੂ ਪਾਇਆ ਜਾ ਸਕਦਾ ਹੈ। ਉਨ੍ਹਾਂ ਨੇ ਕਿਹਾ ਕਿ ਭਾਰਤ ਵਿੱਚ ਵੀ ਇਨ੍ਹਾਂ ਦੋਵਾਂ ਵਿਚਾਰਧਾਰਾਵਾਂ ਦੇ ਦੁਵੱਲੇ ਭਰਮ ਭੁਲੇਖਿਆਂ ਨੂੰ ਦੂਰ ਕਰਕੇ ਇੱਕ ਛਤਰੀ ਹੇਠ ਆ ਕੇ ਦੇਸ਼ ਦੀਆਂ ਮੌਜੂਦਾ ਸਥਿਤੀਆਂ ਅਤੇ ਪ੍ਰਸਥਿਤੀਆਂ ਨਾਲ਼ ਨਿਪਟਿਆ ਜਾ ਸਕਦਾ ਹੈ।

ਦੇਸ ਰਾਜ ਕਾਲੀ ਦੇ ਭਾਸ਼ਣ ਉਪਰੰਤ ਹਾਜ਼ਰੀਨ ਵਿਚੋਂ ਸਵਾਲ ਅਤੇ ਨੁਕਤੇ ਉਠਾਏ ਗਏ ਜਿਨ੍ਹਾਂ ਤੇ ਉਸਾਰੂ ਬਹਿਸ ਹੋਈ ਅਤੇ ਕਾਲੀ ਵਲੋਂ ਬੜੇ ਤਰਕ ਅਤੇ ਠਰੰਮੇ ਨਾਲ਼ ਜਵਾਬ ਦਿੱਤੇ ਗਏ।

# ਸ਼ਮਿੰਦਰ ਪਾਲ ਸਿੰਘ ਦੇ ਪਰਿਵਾਰ ਨੂੰ ਸਦਮਾ

**ਬੇਕਰਸਫੀਲਡ (ਕੈਲੇਫੋਰਨੀਆ) ਨੀਟਾ ਮਾਛੀਕੇ/ ਕੁਲਵੰਤ ਧਾਲੀਆ-** ਸਥਾਨਿਕ ਨਿਵਾਸੀ ਸ਼ਮਿੰਦਰ ਪਾਲ ਸਿੰਘ ਨੂੰ ਓਸ ਸਮੇਂ ਭਾਰੀ ਸਦਮਾਂ ਪਹੁੰਚਿਆ ਜਦੋ ਪਿਛਲੇ ਦਿਨੀ ਉਹਨਾਂ ਦੇ ਪੂਜਨੀਕ ਮਾਤਾ ਗੁਰਦੇਵ ਕੌਰ ਪਤਨੀ ਸ.ਬਲਵੀਰ ਸਿੰਘ ਪਿਛਲਾ ਪਿੰਡ ਸੇਵੇਵਾਲਾ (ਗੁੰਮਟੀ ਖੁਰਦ) ਨੇੜੇ ਜੈਤੋ ਮੰਡੀ ਜਿਲਾ ਫਰੀਦਕੋਟ ਮਿਤੀ 16 ਅਪ੍ਰੈਲ 2017 ਨੂੰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ।



ਉਹਨਾਂ ਦਾ ਅੰਤਿਮ ਸੰਸਕਾਰ ਮਿਤੀ 22 ਅਪ੍ਰੈਲ 2017 ਨੂੰ ਦਿਨ ਸ਼ਨਿ-ਚਰਵਾਰ ਨੂੰ 10 ਵਜੇ ਤੋਂ 12 ਵਜੇ ਦਰਮਿਆਨ 2739 Panama lane Bakersfield, C A 93313 ਵਿਖੇ ਹੋਵੇਗਾ ਅਤੇ ਉਪਰੰਤ ਪਾਠ ਦਾ ਭੋਗ ਗੁਰਦੁਆਰਾ ਦਸ਼ਮੇਸ਼ ਦਰਬਾਰ 7000 Wible rd Bakersfield, C A 93313 ਵਿਖੇ ਪਾਇਆ ਜਾਵੇਗਾ ਹੋਰ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਤੇ ਸਪੰਰਕ ਕਰ ਸਕਦੇ ਹੋ ਜੀ।

ਸ਼ਮਿੰਦਰ ਪਾਲ ਸਿੰਘ
(661)-380-0184
ਰੁਪਿੰਦਰ ਪਾਲ ਸਿੰਘ
(661)-221-1448

# ਰਾਜਾ ਬੱਧਨੀ-ਕਲਾਂ ਪਰਿਵਾਰ ਨੂੰ ਸਦਮਾ

ਫਰਿਜਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆ- ਉਥੇ ਸਮਾਜਸੇਵੀ ਰਾਜਾ ਬੱਧਨੀ-ਕਲਾਂ (ਫਰਿਜਨੋ) ਦੇ ਪਰਿਵਾਰ ਨੂੰ ਪਿਛਲੇ ਦਿਨੀ ਉਸ ਵਕਤ ਭਾਰੀ ਸਦਮਾ ਪਹੁੰਚਿਆ ਜਦੋ ਉਹਨਾਂ ਦੇ ਪਿਤਾ ਸ. ਸੁਦਾਗਰ ਸਿੰਘ ਧਾਲੀਵਾਲ ਅਚਾਨਕ ਅਕਾਲ ਚਲਾਣਾ ਕਰ ਗਏ, ਉਹ 84 ਸਾਲਾ ਦੇ ਸਨ। ਉਹਨਾਂ ਦਾ ਪਿਛਲਾ ਪਿੰਡ ਬੱਧਨੀ-ਕਲਾਂ ਜਿਲ੍ਹਾ ਮੋਗਾ ਹੈ। ਉਹ ਪਿਛਲੇ 14 ਸਾਲਾ ਤੋਂ



ਫਰਿਜਨੋ ਕੈਲਫੋਰਨੀਆ ਵਿਖੇ ਖੁਸ਼ਹਾਲ ਜਿੰਦਗੀ ਬਤੀਤ ਕਰ ਰਹੇ ਸਨ । ਉਹਨਾਂ ਦਾ ਅੰਤਿਮ ਸੰਸਕਾਰ 22 ਅਪ੍ਰੈਲ ਦਿਨ ਸਨੀਵਾਰ ਦੁਪਿਹਰ 10 ਤੋਂ 12 ਵਜੇ ਦਰਮਿਆਨ ਸ਼ਾਂਤ ਭਵਨ ਪੰਜਾਬੀ ਫਿਊਨਰਲ ਹੋਮ ਫਾਉਲਰ ਵਿਖੇ ਹੋਵੇਗਾ ਅਤੇ ਉਪਰੰਤ ਭੋਗ ਗੁਰਦਵਾਰਾ ਨਾਨਕਸਰ ਚੈਰੀ ਰੋਡ ਫਰਿਜਨੋ ਵਿਖੇ ਪਾਏ ਜਾਣਗੇ। ਦੁੱਖ ਸਾਂਝਾ ਕਰਨ ਲਈ ਕਾਲ ਕਰ ਸਕਦੇ ਹੋ ਰਾਜਾ ਬੱਧਨੀ-ਕਲਾਂ 559-367-6854

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
www.deshdoaba.com
www.ambedkartimes.com

# ਪੀ.ਸੀ.ਐਸ. ਸੈਕਰਾਮੈਂਟੋ ਵਲੋਂ 28ਵੇਂ ਵਿਸਾਖੀ ਮੇਲੇ ਦੀਆਂ ਤਿਆਰੀਆਂ ਮੁਕੰਮਲ



**ਸੈਕਰਾਮੈਂਟੋ (ਹਰਜਿੰਦਰ ਪੰਧੇਰ)** ਪੰਜਾਬੀ ਕਲਚਰਲ ਸੁਸ-ਾਇਟੀ ਸੈਕਰਾਮੈਂਟੋ ਵਲੋਂ 28ਵਾਂ ਵਿਸਾਖੀ ਮੇਲਾ 29 ਅਪ੍ਰੈਲ, ਦਿਨ ਸ਼ਨਿਚਰਵਾਰ ਨੂੰ ਸਥਾਨਕ ਸ਼ੈਲਡਨ ਹਾਈ ਸਕੂਲ ਦੇ ਪਰਫਾਰਮਿੰਗ ਆਰਟ ਸੈਂਟਰ ਵਿੱਚ ਸ਼ਾਮ ਤਿੰਨ ਵਜੇ ਮਨਾਇਆ ਜਾ ਰਿਹਾ ਹੈ। ਮੇਲੇ ਸੰਬਧੀ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਐਲਕਗਰੋਵ ਵਿੱਚ ਸੰਸਥਾ ਦੇ ਮੈਂਬਰਾਂ ਦੀ ਇੱਕ ਮੀਟਿੰਗ ਹੋਈ। ਇਸ ਦੀ ਪ੍ਰਧਾਨਗੀ ਹਫਤਾਵਾਰੀ ਅਖਬਾਰ 'ਦੇਸ਼ ਦੁਆਬਾ' ਦੇ ਮੁੱਖ ਸੰਪਾਦਕ ਪ੍ਰੇਮ ਕੁਮਾਰ ਚੁੰਬਰ ਨੇ ਕੀਤੀ। ਮੀਟਿੰਗ ਦੌਰਾਨ ਮੇਲੇ ਦੇ ਪ੍ਰਬੰਧਾਂ ਤੇ ਗੌਰ ਕਰਨ ਉਪਰੰਤ ਸਮੂਹ ਮੈਂਬਰਾਂ ਵਲੋਂ ਤਸਲੀ ਦਾ ਪ੍ਰਗਟਾਵਾ ਕੀਤਾ ਗਿਆ। ਇਸ ਵਾਰ ਸਕੂਲਾਂ ਕਾਲਜਾਂ ਦੀਆਂ ਟੀਮਾਂ ਆਪਣੀਆਂ ਨਵੇਕਲੀਆਂ ਆਈਟਮਾਂ ਲੈਕੇ ਪਹੁੰਚ ਰਹੀਆਂ ਹੱਨ। ਪੰਜਾਬੀ ਸਭਿਆਚਾਰ ਨਾਲ ਜੁੜੇ ਹਰਮਨ ਪਿਆਰੇ ਗਾਇਕ ਵੀ ਆਪਣੀ ਕਲਾ ਦੇ ਰੰਗ ਬਿਖੇਰਨਗੇ। ਇਸ ਸੰਸਥਾ ਵਲੋਂ ਸਮਾਜ ਸੇਵੀਆਂ ਨੂੰ ਮਾਣ ਬੱਖਸ਼ਣ ਦੀ ਪਾਈ ਸ਼ਾਨਦਾਰ ਰਵਾਇਤ ਅਨੁਸਾਰ ਇੱਸ ਵਾਰ ਪੰਜਾਬੀ ਨਾਵਲ ਜਗਤ ਦੀ ਨਵੇਕਲੀ ਸਖਸ਼ੀਅਤ: ਇੰਦਰ ਸਿੰਘ ਖਾਮੋਸ਼ ਤੋਂ ਇਲਾਵਾ ਇਸ ਸੰਸਥਾ ਨਾਲ ਪਰਿਵਾਰ ਸਮੇਤ 20 ਸਾਲਾਂ ਤੋਂ ਜੁੜੇ ਆ ਰਹੇ ਰਾਜਿੰਦਰ ਪਾਲ ਸਿੰਘ ਨੂੰ ਸਨਮਾਨਿਤ ਕੀਤਾ ਜਾਵੇਗਾ। ਮੇਲਾ ਦੇਖਣ ਵਾਲਿਆਂ ਲਈ ਕੋਈ ਦਾਖਲਾ ਫੀਸ ਨਹੀਂ ਹੈ। ਸਕਿਉਰਟੀ ਦਾ ਪੂਰਾ ਪ੍ਰਬੰਧ ਹੈ। ਇਸ ਮੀਟੰਗ ਵਿੱਚ ਰਛਪਾਲ ਸਿੰਘ ਫਰਵਾਲਾ, ਪ੍ਰੇਮ ਕੁਮਾਰ ਚੁੰਬਰ, ਹਰਜਿੰਦਰ ਪੰਧੇਰ, ਅਜੈਬ ਸਿੰਘ ਕਾਹਲੋਂ,ਵਿਜੈ ਸਿੰਘ ਪਰਿਹਾਰ, ਪਰਮਜੀਤ ਸਿੰਘ ਢਿਲੋਂ, ਸੁਖਰਾਜ ਸਿੰਘ ਔਲਖ, ਕਮਲ ਬੰਗਾ, ਤੀਰਥ ਸਿੰਘ, ਯਾਦਵਿੰਦਰ ਸਿੰਘ ਗਿੱਲ, ਚਰਨਜੀਤ ਸਿੰਘ ਸਾਹੀ, ਵਰਿੰਦਰ ਸਿੰਘ, ਬਲਦੇਵ ਸਿੰਘ ਗਰੇਵਾਲ, ਗੁਰਪਾਲ ਸਿੰਘ ਤੱਖਰ, ਜਤਿੰਦਰ ਬੀਸਲਾ ਆਦਿ ਨੇ ਭਾਗ ਲਿਆ। ਸੰਸਥਾ ਵਲੋਂ ਸਮੂਹ ਸੱਜਣਾਂ ਮਿਤਰਾਂ ਨੂੰ ਪਰਿਵਾਰਾਂ ਸਮੇਤ ਹੁੰਮ ਹੁੰਮਾ ਕੇ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ। ਹੋਰ ਜਾਣਕਾਰੀ ਲਈ ਰਛਪਾਲ ਸਿੰਘ ਫਰਵਾਲਾ ਨਾਲ: 916- 880-0531 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਨਾਟਕ "ਕਿਸਾਨ ਖੁਦਕਸ਼ੀ ਦੇ ਮੋੜ 'ਤੇ" ਦੀ ਪੇਸ਼ਕਾਰੀ ਨੇ ਦਰਸ਼ਕਾਂ ਦੇ ਮਨ ਮੋਹ ਲਏ







**ਸਟਾਕਟਨ-** ਪੰਜਾਬ ਆਰਟਸ ਐਂਡ ਕਲਚਰ ਪ੍ਰੋਮੋਸ਼ਨਜ਼ ਸਟਾਕਟਨ ਵਲੋਂ 8 ਅਪ੍ਰੈਲ ਨੂੰ ਯੂਨੀਵਰਸਿਟੀ ਆਫ ਪੈਸੀਫਿਕ ਸਟਾਕਟਨ ਦੇ ਖੂਬਸੂਰਤ ''ਫੇ ਸਪੈਨੋਜ਼ ਕੰਸਰਟ ਹਾਲ'' ਵਿੱਚ ਕਰਵਾਏ ਗਏ ਡਾਇਰੈਕਟਰ ਅਸ਼ੋਕ ਟਾਂਗਰੀ ਦੇ ਨਾਟਕ''ਕਿਸਾਨ ਖੁਦਕਸ਼ੀ ਦੇ ਮੋੜ 'ਤੇ'' ਦੀ ਪੇਸ਼ਕਾਰੀ ਨੇ ਦਰਸ਼ਕਾਂ ਦੇ ਮਨ ਮੋਹ ਲਏ। ਸਮਾਗਮ ਦੀ ਸ਼ੁਰੂਆਤ ਸ. ਰਾਜਿੰਦਰ ਸਿੰਘ ਟਾਂਡਾ ਦੇ ਸਵਾਗਤੀ ਬੋਲਾਂ ਨਾਲ ਹੋਈ.ਸਟਾਕਟਨ ਵਾਸੀ ਸੁਰੀਲੇ ਗਾਇਕ ਮਨਦੀਪ ਅਟਵਾਲ ਨੇ ਇੱਕ ਗੀਤ ਪੇਸ਼ ਕਰਕੇ ਮਾਹੌਲ ਨੂੰ ਸੰਗੀਤ ਮਈ ਬਣਾ ਦਿੱਤਾ। ਉਪਰੰਤ ਉੱਘੇ ਕਮੇਡੀਅਨ ਵਿਜੇ ਸਿੰਘ ਨੇ ਆਪਣੀ ਕਮੇਡੀ ਰਾਹੀਂ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ. ਫਿਰ ਸ਼ੁਰੂ ਹੋਇਆ ਨਾਟਕ ''ਕਿਸਾਨ ਖੁਦਕਸ਼ੀ 'ਦੇ ਮੋੜ 'ਤੇ। ਕਿਸਾਨਾਂ ਨੂੰ ਖੁਦਕਸ਼ੀ ਦੇ ਮੋੜ ਤੇ ਲੈ ਜਾਣ ਵਾਲੇ ਹਾਲਾਤਾਂ ਅਤੇ ਕਿਸਾਨਾਂ ਦੇ ਦੁੱਖਾਂ ਤਕਲੀਫ਼ਾਂ ਦੀ ਬਾਤ ਪਾਉਂਦੇ ਲੇਖਕ ਕੁਲਦੀਪ ਸਿੰਘ ਦੀਪ ਦੇ ਇਸ ਚਰਚਿਤ ਨਾਟਕ ਦੇ ਪਾਤਰਾਂ ਨੂੰ ਕਲਾਕਾਰਾਂ ਨੇ ਮੰਚ ਤੇ ਐਸਾ ਸਜੀਵ ਕੀਤਾ ਕਿ ਦਰਸ਼ਕ ਅਸ਼ ਅਸ਼ ਕਰ ਉੱਠੇ। ਖਚਾਖਚ ਭਰੇ ਹਾਲ ਵਿੱਚ ਦਰਸ਼ਕ ਹਰੇਕ ਸੀਨ ਤੋਂ ਬਾਅਦ ਤਾੜੀਆਂ ਨਾਲ ਹਾਲ ਗੂੰਜਣ ਲਾ ਦਿੰਦੇ। ਜਿੱਥੇ ਕਈ ਪਾਤਰਾਂ ਨੇ ਦਰਸ਼ਕਾਂ ਨੂੰ ਖੂਬ ਹਸਾਇਆ ਉੱਥੇ ਕਈ ਸੀਨ ਇੰਨੇ ਦਿਲ ਖਿੱਚਵੇਂ ਸਨ ਕਿ ਦਰਸ਼ਕਾਂ ਦੀਆਂ ਧਾਹਾਂ ਨਿਕਲ ਗਈਆਂ।

ਮੁੱਖ ਪਾਤਰਾਂ ਬਚਿੱਤਰ ਸਿੰਘ (ਜਸਵੰਤ ਸਿੰਘ ਸ਼ਾਦ) ਭਾਨਾ (ਅਸ਼ੋਕ ਟਾਂਗਰੀ) ਤੇ ਨਿਹਾਲ ਕੌਰ (ਡਿੰਪਲ ਬੈਂਸ) ਨੇ ਆਪੋ ਆਪਣੀ ਅਦਾਕਾਰੀ ਨਾਲ ਦਰਸ਼ਕਾਂ ਨੂੰ ਕੀਲੀ ਰੱਖਿਆ। ਭਈਏ ਦੇ ਰੂਪ ਵਿੱਚ ਸੋਨੂੰ ਬੈਂਸ ਨੂੰ ਦਰਸ਼ਕਾਂ ਨੇ ਖੂਬ ਪਿਆਰ ਦਿੱਤਾ। ਸ਼ਰਾਰਤੀ ਤੇ ਚੁਲਬੁਲੇ ਭੈਣ ਭਰਾਵਾਂ ਦੇ ਰੋਲ ਵਿੱਚ ਮਿੰਧਾ(ਜੱਸੀ ਢਿੱਲੋਂ) ਤੇ ਗੀਤੀ ਦੇ ਰੋਲ ਵਿੱਚ ਜਾਨਵੀ ਬੈਂਸ ਨੇ ਖੂਬ ਤਾੜੀਆਂ ਬਟੋਰੀਆਂ।

ਸੁਖਚੈਨ ਸਿੰਘ ਦੇ ਰੋਲ ਵਿੱਚ ਤਾਰਾ ਸਿੰਘ ਸਾਗਰ ਤੇ ਸੀਤੇ ਦੇ ਰੋਲ ਵਿੱਚ ਸਿਕੰਦਰ ਟਾਂਗਰੀ ਵਾਹਵਾ ਜਚੇ.ਸੰਗੀਤ ਅਤੇ ਰੌਸ਼ਨੀ ਦਾ ਕੰਟਰੋਲ ਅਭਿਰਾਜ ਟਾਂਗਰੀ ਨੇ ਕੀਤਾ। ਸੈਟ ਸਜਾਵਟ ਅਤੇ ਸਟੇਜ ਕੰਟਰੋਲ ਜਸਪ੍ਰੀਤ ਕੌਰ ਟਾਂਗਰੀ ਦਾ ਸੀ। ਡੇਢ ਘੰਟਾ ਲਗਾਤਾਰ ਚੱਲੇ ਇਸ ਨਾਟਕ ਨੂੰ ਦਰਸ਼ਕਾਂ ਨੇ ਭਰਪੂਰ ਪਿਆਰ ਬਖਸ਼ਿਆ। ਡਾਇਰੈਕਟਰ ਅਸ਼ੋਕ ਟਾਂਗਰੀ ਨੇ ਕਲਾਕਾਰਾਂ ਦੀ ਜਾਣ ਪਹਿਚਾਣ ਕਰਵਾਈ ਅਤੇ ਜਸਵੰਤ ਸਿੰਘ ਸ਼ਾਦ ਨੇ ਟੀਮ ਵਲੋਂ ਦਰਸ਼ਕਾਂ ਅਤੇ ਪ੍ਰੋਮੋਟਰਾਂ ਜਸਵਿੰਦਰ ਸਿੰਘ ਸੰਧੂ ਅਤੇ ਅਵਤਾਰ ਲਾਖਾ ਦਾ ਧੰਨਵਾਦ ਕੀਤਾ।

ਇਸ ਮੌਕੇ ਪੰਜਾਬੀ ਦੇ ਉੱਘੇ ਮਿੰਨੀ ਕਹਾਣੀਕਾਰ ਸ. ਤ੍ਰਿਪਤ ਸਿੰਘ ਭੱਟੀ ਨੂੰ ਉਹਨਾਂ ਦੀਆਂ ਪੰਜਾਬੀ ਮਾਂ ਬੋਲੀ ਪ੍ਰਤੀ ਸੇਵਾਵਾਂ ਲਈ ਪਲੇਕ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਸਮਾਗਮ ਵਿੱਚ ਇਲਾਕੇ ਦੀਆਂ ਉਘੀਆਂ ਹਸਤੀਆਂ ਤੋਂ ਇਲਾਵਾ ਸਾਰੇ ਸਪੌਂਸਰ ਵੀ ਹਾਜ਼ਿਰ ਸਨ। ਸਟੇਜ ਸੰਚਾਲਨ ਹਰਜੀਤ ਕੌਰ ਉੱਪਲ ਨੇ ਬਾਖੂਬੀ ਨਿਭਾਇਆ ਅਤੇ ਸਮਾਗਮ ਦੇ ਗਰੈਂਡ ਸਪੌਂਸਰ ਸ. ਮਨਜੀਤ ਸਿੰਘ ਕੰਗ ਨੇ ਉਹਨਾਂ ਨੂੰ ਪਲੇਕ ਦੇ ਕੇ ਸਨਮਾਨਤ ਵੀ ਕੀਤਾ।

# ਪੰਜਾਬੀ ਮੂਲ ਦੇ ਕਨੇਡੀਅਨ ਰੱਖਿਆ ਮੰਤਰੀ ਦਾ ਭਾਰਤ ਦੌਰਾ

**(ਸਫਾ 1 ਦੀ ਬਾਕੀ)**

ਕਾਰਨ ਬਣੀ ਤੇ ਉਨ੍ਹਾਂ ਦੇ ਖ਼ਾਤਮੇ ਲਈ ਇਸ 'ਮੂਲ ਸਮੱਸਿਆ' ਦਾ ਹੱਲ ਜ਼ਰੂਰੀ ਹੈ। ਇਹ ਸਮਾਗਮ ਇਥੋਂ ਦੀ ਸੰਸਥਾ ਅਬਜ਼ਰਵਰ ਰਿਸਰਚ ਫਾਊਂਡੇਸ਼ਨ ਵੱਲੋਂ ਕਰਵਾਇਆ ਗਿਆ। ਇਸ ਤੋਂ ਪਹਿਲਾਂ ਕੈਨੇਡਾ ਦੇ ਰੱਖਿਆ ਮੰਤਰੀ ਨੇ ਗਾਰਡ ਆਫ਼ ਆਨਰ ਲਿਆ ਅਤੇ ਅਮਰ ਜਵਾਨ ਜਿਓਤੀ 'ਤੇ ਭਾਰਤੀ ਫ਼ੌਜ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ

**ਜੇਤਲੀ ਨੇ ਉਠਾਇਆ ਉਨਟਾਰੀਓ ਅਸੈਂਬਲੀ ਦੇ ਮਤੇ ਦਾ ਮੁੱਦਾ**

ਭਾਰਤ ਨੇ ਕੈਨੇਡਾ ਨੂੰ ਦੱਸਿਆ ਕਿ ਇਸ ਦੇ ਸੂਬੇ ਉਨਟਾਰੀਓ ਦੀ ਅਸੈਂਬਲੀ ਦਾ 1984 ਦੇ ਸਿੱਖ ਵਿਰੋਧੀ ਦੰਗਿਆਂ ਨੂੰ 'ਸਿੱਖ ਨਸਲਕੁਸ਼ੀ' ਕਰਾਰ ਦਿੰਦਾ ਮਤਾ 'ਗ਼ੈਰਹਕੀਕੀ' ਤੇ 'ਵਧਾ-ਚੜ੍ਹਾ ਕੇ' ਕੀਤੀ ਗਈ ਕਾਰਵਾਈ ਹੈ। ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਨਾਲ ਆਪਣੀ ਅਧਿਕਾਰਤ ਮੀਟਿੰਗ ਦੌਰਾਨ ਰੱਖਿਆ ਮੰਤਰੀ ਅਰੁਣ ਜੇਤਲੀ ਨੇ ਇਹ ਮਾਮਲਾ ਉਠਾਇਆ। ਜਾਣਕਾਰੀ ਮੁਤਾਬਕ ਸ੍ਰੀ ਸੱਜਣ ਨੇ ਸਾਫ਼ ਕੀਤਾ ਕਿ ਇਹ ਕੈਨੇਡਾ ਦੀ ਕੇਂਦਰੀ ਸਰਕਾਰ ਦੇ ਵਿਚਾਰ ਨਹੀਂ ਹਨ।

# ਡਾਊਨ-ਟਾਊਨ ਫਰਿਜਨੋ 'ਚ ਗੋਲੀ ਲੱਗਣ ਨਾਲ ਤਿੰਨ ਦੀ ਮੌਤ

## ਹਮਲਾਵਰ ਨੇ ਕੀਤਾ ਆਤਮ-ਸਮਰਪਣ





**ਫਰਿਜਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ਕੁਲਵੰਤ ਧਾਲੀਆ-** ਸਥਾਨਿਕ ਡਾਉਨ ਟਾਊਨ ਵਿੱਚ ਅੱਜ ਗੋਲੀ ਲੱਗਣ ਨਾਲ ਤਿੰਨ ਵਿਅਕਤੀਆਂ ਦੇ ਮਾਰੇ ਜਾਣ ਦੀ ਖ਼ਬਰ ਨੇ ਪੂਰੇ ਫਰਿਜਨੋ ਏਰੀਏ ਨੂੰ ਸੁੰਨ ਕਰਕੇ ਰੱਖ ਦਿੱਤਾ। ਸਵੇਰਿਓ 11 ਕੁ ਵਜੇ ਇਹ ਘਟਨਾ ਘਟੀ ਤੇ ਹਮਲਾਵਰ ਨੇ ਪੁਲਿਸ ਅੱਗੇ ਆਤਮ-ਸਮਰਪਣ ਕਰ ਦਿੱਤਾ। ਮੁਲਜ਼ਮ ਦੀ ਪਛਾਣ ਕੋਰੀ ਅਲੀ ਮੁਹੰਮਦ (39) ਦੇ ਤੌਰ ਤੇ ਹੋਈ ਹੈ। ਇਹ ਓਹੀ ਬੰਦਾ ਜੀਹਨੇ ਕੁਝ ਦਿਨ ਪਹਿਲਾ ਨੌਰਥ-ਵਿਸਟ ਫਰਿਜਨੋ ਵਿਖੇ ਮੋਟਲ 6 ਦੇ ਪਾਰਕਿੰਗ ਲਾਟ ਵਿੱਚ ਸਕਿਉਰਟੀ ਗਾਰਡ ਨੂੰ ਕਤਲ ਕਰ ਦਿੱਤਾ ਸੀ। ਇਸਤੋਂ ਪਹਿਲਾਂ ਕਿ ਪੁਲਿਸ ਇਹਨੂੰ ਕਾਬੂ ਕਰਦੀ ਇਹਨੇ ਇੱਕ ਹੋਰ ਘਟਨਾ ਨੂੰ ਅੰਜਾਮ ਦੇਕੇ ਤਿੰਨ ਬੇਦੋਸ਼ਿਆਂ ਨੂੰ ਮੌਤ ਦੇ ਘਾਤ ਉਤਾਰ ਦਿੱਤਾ। ਐਫ ਬੀ ਆਈ ਪੂਰੀ ਘਟਨਾਕ੍ਰਮ ਦੀ ਬਰੀਕੀ ਨਾਲ ਜਾਂਚ ਕਰ ਰਹੀ ਹੈ।

# ਐਚ.1ਬੀ ਵੀਜ਼ੇ ਦੇ ਚਾਹਵਾਨਾਂ ਦੀਆਂ ਵਧਣਗੀਆਂ ਮੁਸ਼ਕਿਲਾਂ

**(ਸਫਾ 1 ਦੀ ਬਾਕੀ)**

**ਵਾਪਸ ਅਮਰੀਕਾ ਨਹੀਂ ਪਹੁੰਚ ਪਾ ਰਹੇ ਭਾਰਤੀ**

ਵਾਈਟ ਹਾਊਸ ਦੇ ਦੋ ਅਧਿਕਾਰੀਆਂ ਮੁਤਾਬਕ ਇਹ ਦੋਵੇਂ ਆਦੇਸ਼ ਟ੍ਰੰਪ ਦੇ 'ਬਾਏ ਅਮੈਰਿਕਨ, ਹਾਇਰ ਅਮੈਰਿਕਨ' ਨੀਤੀ ਦੇ ਤਹਿਤ ਜਾਰੀ ਕੀਤੇ ਗਏ ਹਨ। ਟ੍ਰੰਪ ਦਾ ਇਹ ਫੈਸਲਾ ਰਾਸ਼ਟਰਪਤੀ ਚੋਣ ਪ੍ਰਚਾਰ ਦੌਰਾਨ ਉਹਨਾਂ ਦੇ 'ਅਮੈਰਿਕਨ ਫਸਟ' ਚੋਣ ਵਾਅਦੇ ਨੂੰ ਪੂਰਾ ਕਰਨ ਦੀ ਦਿਸ਼ਾ ਵਿਚ ਚੁੱਕਿਆ ਗਿਆ ਕਦਮ ਹੈ। ਅਮਰੀਕਾ ਵਿਚ ਕਾਫੀ ਸਮੇਂ ਤੋਂ ਬਹੁਤ ਬਹਿਸ ਚੱਲ ਰਹੀ ਹੈ ਕਿ ਇਸ ਵੀਜੇ ਦੀ ਗਲਤ ਵਰਤੋਂ ਹੋ ਰਹੀ ਹੈ ਅਤੇ ਖਾਸ ਕਰਕੇ ਭਾਰਤ ਤੋਂ ਬੇਹੱਦ ਘੱਟ ਤਨਖਹ 'ਤੇ ਲੋਕਾਂ ਨੂੰ ਲਿਆ ਕੇ ਨੌਕਰੀਆਂ ਤੇ ਰੱਖਿਆ ਜਾ ਰਿਹਾ ਹੈ।ਜਿਹੜੇ ਭਾਰਤੀ ਭਾਰਤ ਆ ਜਾਂਦੀ ਹੈ, ਉਹਨਾਂ ਨੂੰ ਵਾਪਸ ਜਾਣ ਵਿਚ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਅਮਰੀਕਾ ਸਰਕਾਰ ਹਰ ਸਾਲ 65 ਹਜ਼ਾਰ ਐਚ1ਬੀ ਵੀਜਾ ਲਾਟਰੀ ਦੇ ਜ਼ਰੀਏ ਜਾਰੀ ਕਰਦੀ ਹੈ ਪਰ ਕਈ ਆਊਟ ਸੋਰਸਿੰਗ ਕੰਪਨੀਆਂ ਦੀ ਇਸ ਗੱਲ ਕਰਕੇ ਆਲੋਚਨਾ ਹੋ ਰਹੀ ਹੈ ਕਿ ਉਹ ਭਾਰੀ ਗਿਣਤੀ ਵਿਚ ਵੀਜਾ ਬੇਨਤੀ ਪੱਤਰ ਪਾਉਂਦੀਆਂ ਹਨ ਅਤੇ ਜ਼ਿਆਦਾ ਤੋਂ ਜ਼ਿਆਦਾ ਵੀਜੇ ਹਾਸਲ ਕਰਕੇ ਤਕਨੀਕ ਨਾਲ ਜੁੜੀਆਂ ਹੇਠਲੇ ਪੱਧਰ ਦੀਆਂ ਨੌਕਰੀਆਂ ਵਿਚ ਆਪਣੇ ਲੋਕਾਂ ਨੂੰ ਭਰ ਦਿੰਦੀਆਂ ਹਨ। ਅੰਦਾਜਾ ਹੈ ਕਿ ਵੀਜਾ ਨਿਯਮ ਵਿਚ ਇਹਨਾਂ ਤਬਦੀਲੀਆਂ ਕਾਰਨ ਕਈ ਭਾਰਤੀ ਕੰਪਨੀਆਂ ਨੂੰ ਕਾਫੀ ਨੁਕਸਾਨ ਹੋ ਸਕਦਾ ਹੈ।

# ਮਾਇਆਵਤੀ ਨੇ ਆਪਣੇ ਭਰਾ ਨੂੰ ਬਣਾਇਆ ਪਾਰਟੀ ਦਾ ਕੌਮੀ ਉਪ ਪ੍ਰਧਾਨ



**ਲਖਨਊ-** ਬਸਪਾ ਪ੍ਰਧਾਨ ਮਾਇਆਵਤੀ ਨੇ ਆਪਣੇ ਭਰਾ ਅਨੰਦ ਕੁਮਾਰ ਨੂੰ ਬਸਪਾ ਦਾ ਕੌਮੀ ਉਪ ਪ੍ਰਧਾਨ ਬਣਾਉਣ ਦਾ ਫੈਸਲਾ ਕੀਤਾ ਹੈ। ਪਾਰਟੀ ਦੁਆਰਾ ਜਾਰੀ ਕੀਤੇ ਗਏ ਪ੍ਰੈਸ ਰਿਲੀਜ਼ ਮੁਤਾਬਕ ਅਨੰਦ ਕੁਮਾਰ ਪਾਰਟੀ ਵਿਚ ਦੂਜੇ ਦਰਜੇ ਦਾ ਲੀਡਰ ਹੋਵੇਗਾ।

# ਸਿੱਖ ਟੈਕਸੀ ਡਰਾਈਵਰ ਉੱਪਰ ਹਮਲਾ

**ਨਿਊ ਯਾਰਕ-** ਨਸ਼ੇ ਵਿੱਚ ਧੁੱਤ ਮੁਸਾਫ਼ਰਾਂ ਨੇ ਇਥੇ ਇਕ ਸਿੱਖ ਟੈਕਸੀ ਡਰਾਈਵਰ 'ਤੇ ਹਮਲਾ ਕਰ ਦਿੱਤਾ। ਸ਼ਰਾਬੀ ਹੋਏ ਮੁਸਾਫ਼ਰਾਂ ਨੇ ਨੌਜਵਾਨ ਸਿੱਖ ਦੀ ਦਸਤਾਰ ਲਾਹ ਦਿੱਤੀ ਤੇ ਫ਼ਰਾਰ ਹੋਣ ਮੌਕੇ ਦਸਤਾਰ ਆਪਣੇ ਨਾਲ ਲੈ ਗਏ। ਸਥਾਨਕ ਪੁਲੀਸ ਨੇ ਇਸ ਸਾਰੇ ਮਾਮਲੇ ਦੀ ਸੰਭਾਵੀ ਨਫ਼ਰਤੀ ਹਮਲੇ ਵਜੋਂ ਜਾਂਚ ਸ਼ੁਰੂ ਕਰ ਦਿੱਤੀ ਹੈ। ਸਿੱਖ ਡਰਾਈਵਰ 'ਤੇ ਹਮਲੇ ਦੀ ਇਹ ਘਟਨਾ ਐਤਵਾਰ ਤੜਕੇ ਵਾਪਰੀ ਤੇ ਡਰਾਈਵਰ ਦੀ ਪਛਾਣ ਹਰਕੀਰਤ ਸਿੰਘ ਵਜੋਂ ਹੋਈ ਹੈ, ਜੋ ਕਿ ਤਿੰਨ ਸਾਲ ਪਹਿਲਾਂ ਪੰਜਾਬ ਤੋਂ ਅਮਰੀਕਾ ਆਇਆ ਸੀ।

ਹਰਕੀਰਤ ਨੇ ਰੋਜ਼ਨਾਮਚਾ ਨਿਊ ਯਾਰਕ ਡੇਲੀ ਨਿਊਜ਼ ਨੂੰ ਕਿਹਾ,'ਮੈਂ ਬਹੁਤ ਡਰ ਗਿਆ ਹਾਂ। ਮੈਂ ਕੰਮ ਨਹੀਂ ਕਰਨਾ ਚਾਹੁੰਦਾ।' ਉਸ ਨੇ ਕਿਹਾ,'ਦਸਤਾਰ ਨੂੰ ਹੱਥ ਪਾਉਣਾ ਮੇਰੇ ਧਰਮ ਤੇ ਅਕੀਦੇ ਦੀ ਤੌਹੀਨ ਹੈ। ਇਹ ਬਹੁਤ ਡਰਾਉਣਾ ਸੀ।' ਹਰਕੀਰਤ ਨੇ ਕਿਹਾ ਕਿ ਇਕ ਮਹਿਲਾ ਸਮੇਤ ਸਮੇਤ ਚਾਰ ਜਾਣੇ ਐਤਵਾਰ ਤੜਕੇ ਪੰਜ ਵਜੇ ਦੇ ਕਰੀਬ ਮੈਡੀਸਨ ਸਕੁਏਅਰ ਗਾਰਡਨ ਤੋਂ ਉਸ ਦੀ ਕਾਰ ਵਿੱਚ ਬੈਠੇ ਸਨ। ਜਦੋਂ ਉਹ ਮੁਸਾਫ਼ਰਾਂ ਨੂੰ ਉਨ੍ਹਾਂ ਦੇ ਦੱਸੇ ਟਿਕਾਣੇ ਬਰੌਂਕਸ ਲੈ ਕੇ ਪੁੱਜਾ ਤਾਂ ਉਨ੍ਹਾਂ ਇਸ ਗੱਲੋਂ ਝਗੜਨਾ ਸ਼ੁਰੂ ਕਰ ਦਿੱਤਾ।

## ਜਨਮ ਦਿਨ ਮੁਬਾਰਕ



ਜਨਮ ਮਿਤੀ: 20 ਅਪ੍ਰੈਲ,
ਨਾਮ: ਅਮਨਬੀਰ ਸਿੰਘ, ਸੰਗਰੂਰ,
ਸਾਰੇ ਪਰਿਵਾਰ ਵਲੋਂ ਜਨਮ-ਦਿਨ ਦੀਆਂ
ਬਹੁਤ-ਬਹੁਤ ਮੁਬਾਰਕਾਂ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-30

## ਗੁਰਬਾਣੀ ਦੇ ਚਾਨਣ ਵਿੱਚ ਮੋਹ ਦੀ ਵਿਆਖਿਆ

ਪੰਜ ਵਿਸ਼ਿਆਂ ਚੋਂ ਮੋਹ ਚੌਥੇ ਥਾਂ ਤੇ ਹੈ। ਮੋਹ ਦੇ ਕੋਸ਼ ਅਨੁਸਾਰ ਅੱਖਰੀ ਅਤੇ ਸਮ-ਅਰਥ ਇਹ ਹਨ-ਸਨੇਹ, ਖਿੱਚ, ਮੁਹੱਬਤ, ਬੇਹੋਸ਼ੀ ਅਤੇ ਅੰਗ੍ਰੇਜੀ ਵਿੱਚ ਅਟੈਚਮਿੰਟ। ਮੋਹ, ਖਿੱਚ, ਸ਼ੁਦਾਊ, ਲਗਨਤਾ ਜਾਂ ਦੀਵਾਨਾਪਣ ਮਨ ਅਤੇ ਸਰੀਰ ਦਾ ਇੱਕ ਮਿਜ਼ਾਜ ਹੈ ਜਿਹਨੂੰ ਆਮ ਤੌਰ ਉੱਤੇ ਪਿਆਰ ਦੀ ਭਾਵਨਾ ਜਾਂ ਕਿਸਮ ਦੇ ਰੂਪ ਵਿੱਚ ਵੇਖਿਆ ਜਾਂਦਾ ਹੈ। ਪਿਆਰ ਜਾਂ ਪ੍ਰੇਮ ਨੂੰ ਆਮ ਤੌਰ ਤੇ ਮੋਹ (ਜੋ ਕਾਮ, ਕ੍ਰੋਧ, ਲੋਭ ਤੇ ਹੰਕਾਰ ਦਾ ਹੀ ਅੰਗ ਹੈ) ਨਾਲ ਰਲਾ ਦਿੱਤਾ ਜਾਂਦਾ ਹੈ ਪਰ ਅਸਲ ਵਿੱਚ ਇਹ ਦੋਵੇਂ ਧਿਰਾਂ ਆਪਾ ਵਿਰੋਧੀ ਹਨ। ਜਿਥੇ ਮੋਹ ਹੈ ਉਥੇ ਪ੍ਰੇਮ ਨਹੀਂ ਤੇ ਜਿਥੇ ਪ੍ਰੇਮ ਹੈ ਉਥੇ ਮੋਹ ਨਹੀਂ ਹੋ ਸਕਦਾ। ਪ੍ਰੇਮ-ਪਿਆਰ ਦਾ ਦੁਾਵਾ ਤਾਂ ਹਰ ਕੋਈ ਕਰਦੈ ਪਰ ਗੁਰੂ ਦੀ ਨਜ਼ਰ ਵਿੱਚ ਇਹ ਕਿਸੇ ਵਿਰਲੇ ਦੇ ਹੀ ਹਿੱਸੇ ਆਇਆ ਹੈ-ਪ੍ਰੇਮ ਸੁਧਾ ਰਸੁ ਪੀਵੈ ਕੋਇ॥ (੩੪੩)

ਆਪੇ ਨੂੰ ਭੁਲਾ ਕੇ ਕਿਸੇ ਦੇ ਪਿਆਰ ਵਿੱਚ ਗਵਾਚ ਜਾਣਾ, ਡੁੱਬ ਜਾਣਾ, ਮਿਟ ਜਾਣਾ ਹੀ ਪ੍ਰੇਮ ਹੈ, ਗੀਤਕਾਰ ਗੀਤ, ਭਗਤ ਭਗਤੀ, ਚਿਤ੍ਰਕਾਰ ਖੁਦ ਚਿਤ੍ਰ ਦਾ ਰੂਪ ਹੋ ਜਾਵੇ, ਉਸੇ ਅਵੱਸਥਾ ਦਾ ਨਾਮ ਪਿਆਰ ਜਾਂ ਪ੍ਰੇਮ ਹੈ। ਜਿਸ ਨੇ ਪਿਆਰ ਵਿੱਚ ਮਿਟਣ, ਗਵਾਚਣ ਜਾਂ ਡੁੱਬਣ, ਆਪਾ ਵਾਰਨ ਅਤੇ ਸਮਰਪਣ ਦੀ ਕਲਾ ਨਹੀਂ ਸਿੱਖੀ ਉਹ ਪਿਆਰ ਨੂੰ ਕੀ ਸਮਝੇਗਾ? ਮਨੁੱਖ ਰੱਬ ਨਾਲ ਪਿਆਰ ਦੇ ਭੁਲੇਖੇ, ਮੰਦਰਾਂ ਵਿੱਚ ਟੱਲ ਖੜਕਾਈ ਜਾਵੇ, ਜੋਤਾਂ ਜਗਾਈ ਜਾਵੇ, ਮਸੀਤਾਂ ਵਿੱਚ ਬਾਂਗਾਂ ਦੇਵੇ ਅਤੇ ਨਿਮਾਜ਼ਾਂ ਪੜੀ ਜਾਵੇ, ਚਰਚਾਂ ਵਿੱਚ ਪਿਆਨੋ ਨਾਲ ਗੀਤ ਗਾਵੇ, ਗੁਰਦੁਆਰੇ, ਠਾਠਾਂ ਅਤੇ ਟਕਸਾਲਾਂ ਵਿੱਚ ਜਿਨੀਆਂ ਮਰਜ਼ੀ ਢੋਲਕੀਆਂ ਚਿਮਟੇ, ਤਬਲੇ ਤੇ ਢੱਡਾਂ ਕੁੱਟੇ, ਆਰਤੀਆਂ ਕਰੇ ਪਰ ਆਪਾ ਸੌਂਪੇ ਬਿਨਾ ਪਿਆਰ ਨਹੀਂ ਪੈ ਸਕਦਾ। ਪ੍ਰੇਮ ਕਿਸੇ ਤੇ ਕਬਜ਼ਾ ਜਮਾਉਣਾ ਨਹੀਂ ਸਗੋਂ ਦੇਣਾ, ਕਿਸੇ ਨੂੰ ਆਪਣੇ ਅਧੀਨ ਕਰਨਾ ਨਹੀ ਸਗੋਂ ਉਸ ਦੇ ਅਧੀਨ ਹੋਣਾ, ਮਾਲਕ ਨਹੀਂ ਸਗੋਂ ਦਾਸ ਬਣਨਾ ਹੈ। ਇਸ ਲਈ ਪ੍ਰੇਮ ਵਿੱਚ ਕਦੇ ਝਗੜਾ ਨਹੀ ਹੋ ਸਕਦਾ ਕਿਉਂਕਿ ਝਗੜੇ ਦਾ ਕਾਰਨ ਤਾਂ ਅੰਦਰ ਪਏ ਵਿਰੋਧੀ ਵਿਕਾਰ ਨੇ ਜਿਨ੍ਹਾਂ ਦੇ ਹੁੰਦਿਆਂ ਪਿਆਰ ਸੰਭਵ ਹੀ ਨਹੀਂ।

ਦੇਖੋ!ਮੌਜੂਦਾ ਅਖੌਤੀ ਧਰਮ ਦਾ ਸਾਰਾ ਝਗੜਾ ਹੀ ਦੂਜੇ ਪਰ ਕਾਬਜ ਹੋ, ਉਸ ਨੂੰ ਆਪਣੇ ਅਧੀਨ ਕਰਨ ਹੈ। ਪੱਖ ਪਾਤ ਤੇ ਊਚ ਨੀਚ ਦੇ ਵਿਤਕਰਿਆਂ ਨਾਲ ਆਪ ਹੁਕਮਰਾਨ ਬਣਨ ਦਾ ਜੋ ਪਿਆਰ ਹੈ ਉਹ ਪ੍ਰੇਮ ਨਹੀਂ ਸਗੋਂ ਵਿਰੋਧੀ ਮੋਹ ਹੈ। ਧਰਮ ਅਸਥਾਨਾਂ ਉੱਤੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੇ ਵੱਸ ਹੋਏ ਮਨੁੱਖ ਦੇ ਤਲਵਾਰਾਂ, ਬਰਛਿਆਂ, ਲਾਠੀਆਂ ਅਤੇ ਧਨ ਦੇ ਜ਼ੋਰ ਨਾਲ ਕਬਜ਼ਾ ਕਰਨ ਵਾਲਿਆਂ ਦੇ ਮਨਾਂ ਵਿੱਚ ਲੋਭ, ਮੋਹ ਜਾਂ ਹੰਕਾਰ ਤਾਂ ਹੋ ਸਕਦੈ ਪਰ ਅਸਲੀ ਪਿਆਰ ਨਹੀਂ ਕਿਉਂਕਿ ਪਿਆਰ ਵਿੱਚ ਧੱਕਾ ਨਹੀਂ ਚਲਦਾ, ਧੱਕਾ ਕਰਨਾ ਜ਼ੁਲਮ ਹੈ-ਕਬੀਰ ਜੋਰੁ ਕੀਆ ਸੋ ਜੁਲਮੁ ਹੈ...॥(੧੩੭੫)

ਮੋਹ ਅਤੇ ਪ੍ਰੇਮ ਵਿੱਚ ਫਰਕ-ਮੋਹ ਵਿੱਚ ਵਿਤਕਰਾ ਅਤੇ ਪ੍ਰੇਮ ਵਿੱਚ ਬਰਾਬਰਤਾ ਹੈ। ਨਿੱਜੀ ਸੁਆਰਥ ਮੋਹ ਅਤੇ ਸਰਬ ਸੁਆਰਥ ਪ੍ਰੇਮ ਹੈ। ਨਿੱਜੀ ਮੋਹ ਤੰਗਦਿਲ ਬਣਾਉਂਦਾ ਅਤੇ ਸਰਬਤ ਦਾ ਭਲਾ ਵਿਸ਼ਾਲਤਾ, ਖੁਲਦਿਲੀ ਤੇ ਪਿਆਰ ਪੈਦਾ ਕਰਦਾ ਹੈ। ਨਿੱਜੀ ਮੋਹ ਵਖਰੇਵੇਂ, ਪੱਖਪਾਤ ਅਤੇ ਸਾਂਝੀਵਾਲਤਾ ਪਿਆਰ ਪੈਦਾ ਕਰਦੀ ਹੈ। ਮਨੁੱਖ ਆਪਣੀਆਂ ਨਿਜੀ ਲੋੜਾਂ ਲਈ ਰੱਬ ਨਾਲ ਪ੍ਰੇਮ ਕਰਦਾ ਪਰ ਆਪਾ ਸੌਂਪਣ ਤੋਂ ਡਰਦਾ ਹੈ। ਆਪਾ ਮਿਟਾਏ ਬਿਨਾ ਉਸ ਦਾ ਪਿਆਰਾ ਨਹੀਂ ਬਣ ਸਕਦਾ। ਮੋਹ ਦਾ ਚਿਕੜ ਨਿਜੀ ਸੁਆਰਥੀ ਅਤੇ ਪ੍ਰੇਮ ਦਾ ਮਾਰਗ ਵੰਡਣਾ ਸਿਖਾਉਂਦਾ ਹੈ।



ਅਵਤਾਰ ਸਿੰਘ ਮਿਸ਼ਨਰੀ
510-432-5827

ਚਤੁਰ ਮਨੁੱਖ ਨੇ ਮੋਹ ਨੂੰ ਹੀ ਪਿਆਰ ਦਾ ਨਾਮ ਦੇ ਦਿੱਤਾ। ਦੇਖੋ! ਇੱਕ ਪਿਉ ਵੀ ਆਪਣੇ ਪੁੱਤ੍ਰ ਨੂੰ ਪਿਆਰ ਕਰਦੈ ਪਰ ਕਦੇ ਵੀ ਪੁੱਤ੍ਰ ਵਿੱਚ ਗਵਾਚਦਾ ਨਹੀਂ, ਸਗੋਂ ਉਸ ਨੂੰ ਆਪਣੇ ਕਦਮਾਂ ਤੇ ਚਲਾਉਣਾ, ਹੁਕਮ ਥੱਲੇ ਰੱਖ, ਆਪਣੇ ਅਧੀਨ ਕਰਕੇ ਉਸ ਤੋਂ ਨਿਜੀ ਲਾਭ ਲੈਣਾ ਚਹੁੰਦੈ ਜੋ ਪ੍ਰੇਮ ਨਹੀਂ ਮੋਹ ਹੈ। ਇਸ ਲਈ ਵੱਖਰੇਵੇਂ ਵਾਲਾ ਮੋਹ ਸੱਚੇ ਪ੍ਰੇਮ ਦਾ ਵਿਰੋਧੀ ਹੈ।

ਸੋ ਗੁਰਮਤਿ ਵਿੱਚ ਗੁਰੂ ਨੇ ਸਿੱਖ ਨੂੰ ਦੁਨਿਆਵੀ ਪ੍ਰਵਾਰਕ ਮੋਹ ਤੋਂ ਉੱਪਰ ਉੱਠ ਸੰਸਾਰਕ ਪ੍ਰੇਮ ਕਰਨ ਦੀ ਸਿਖਿਆ ਦਿੱਤੀ ਹੈ। ਸਿੱਖ ਨੇ ਮੋਹ ਮਾਇਆ ਦੇ ਲੁਭਾਵਣੇ ਚਿੱਕੜ ਵਿੱਚ ਫਸਣਾ ਨਹੀਂ ਸਗੋਂ ਕੌਲ ਫੁੱਲ ਵਾਂਗ ਉੱਪਰ ਤੈਰਨਾ ਹੈ। ਮੋਹ ਨੂੰ ਰੱਬੀ ਪ੍ਰੇਮ ਵਿੱਚ ਬਦਲ ਦੇਣਾ ਹੈ। ਦੇਖੋ! ਗੁਰੂ ਨੇ ਸਿੱਖ ਨੂੰ ਸਭ ਤਰ੍ਹਾਂ ਦੇ ਮੋਹ ਤੋਂ ਉੱਪਰ ਚੁੱਕਿਆ ਪਰ ਅਜੋਕੇ ਬਹੁਤੇ ਪ੍ਰਚਾਰਕ ਅਤੇ ਸਾਧ ਸੰਤ ਸੰਪ੍ਰਦਾਈ ਆਪੋ ਆਪਣੇ ਡੇਰੇ, ਟਕਸਾਲ ਅਤੇ ਆਪੋ ਆਪਣੇ ਸੰਤਾਂ ਗ੍ਰੰਥਾਂ ਅਤੇ ਮਾਇਆਜਾਲ ਦੇ ਮੋਹ ਵਿੱਚ ਫਸੇ ਪਏ ਹਨ। ਇਹ ਨਿਜੀ ਮੋਹ ਹੀ ਅੱਜ ਬਹੁਤੇ ਲੜਾਈ ਝਗੜਿਆਂ ਦਾ ਕਾਰਨ ਹੈ। ਸਾਰੇ ਸੰਸਾਰ ਨੂੰ ਪੰਜਾਂ ਦੂਤਾਂ ਨੇ ਮੋਹਿਆ ਹੋਇਆ ਹੈ-ਪੰਚ ਦੂਤ ਮੁਹਹਿ ਸੰਸਾਰਾ॥ ਮਨਮੁਖ ਅੰਧੇ ਸੁਧਿ ਨ ਸਾਰਾ॥ (ਗੁਰੂ ਗ੍ਰੰਥ) ਸਿੱਖੋ! ਆਪੋ ਆਪਣੇ ਘਰ, ਪ੍ਰਵਾਰਾਂ, ਡੇਰੇ, ਟਕਸਾਲਾਂ ਅਤੇ ਜਥਿਆਂ ਦੇ ਮੋਹ ਵਿੱਚੋਂ ਬਾਹਰ ਨਿਕਲ ਗੁਰਮਤਿ ਦੇ ਪ੍ਰੇਮ ਨੂੰ ਧਾਰਨ ਕਰਕੇ, ਸਭ ਨਾਲ ਪਿਆਰ ਕਰਨਾ ਸਿੱਖੋ ਨਾ ਕਿ ਵਿਚਾਰ ਨਾ ਮਿਲਣ ਕਰਕੇ ਨਫਰਤਾਂ ਹੀ ਪਾਲੀ ਜਾਓ। ਇਸ ਦੂਜੇ ਭਾਉ ਭਾਵ ਨਿਜੀ ਸੁਆਰਥ ਮੋਹ ਵਾਲੀ ਨਫਰਤ ਨੇ ਬਹੁਤੇ ਘਰ ਗਾਲ ਦਿੱਤੇ ਹਨ-ਦੂਜੈ ਭਾਇ ਬਹੁਤ ਘਰ ਗਾਲੇ॥(੧੧੯੦)

## 100 ਸਾਲ ਪੁਰਾਣਾ ਪੰਜਾਬੀ ਸੱਭਿਆਚਾਰ ਸਾਂਭੀ ਬੈਠਾ 'ਗੁਰਮੁਖ ਸਿੰਘ ਲਾਲੀ'

ਅੱਜ ਦੇ ਪਦਾਰਥਵਾਦੀ ਯੁੱਗ ਵਿਚ ਜਿੱਥੇ ਹਰੇਕ ਵਿਅਕਤੀ ਵੱਧ ਤੋਂ ਵੱਧ ਪੈਸਾ ਕਮਾ ਕੇ ਅਮੀਰ ਬਣਨ ਦੀ ਦੌੜ ਵਿਚ ਲੱਗਾ ਹੋਇਆ ਹੈ, ਉਥੇ ਹੀ ਲਗਭਗ 100 ਸਾਲ ਪੁਰਾਣੇ ਤਵਿਆਂ ਵਾਲੇ ਪੰਜਾਬੀ ਸੱਭਿਆਚਾਰ ਨਾਲ ਸਬੰਧਿਤ ਗੀਤ-ਸੰਗੀਤ ਨੂੰ ਸੰਭਾਲਣ ਲਈ ਯਤਨਸ਼ੀਲ ਹੈ ਬਰਨਾਲਾ ਨੇੜਲੇ ਪਿੰਡ ਨਾਈਵਾਲਾ ਦਾ ਵਸਨੀਕ ਗੁਰਮੁਖ ਸਿੰਘ ਲਾਲੀ। ਸਹਿਕਾਰੀ ਬੈਂਕ ਬਠਿੰਡਾ 'ਚ ਸਹਾਇਕ ਮੈਨੇਜਰ ਦੇ ਅਹੁਦੇ 'ਤੇ ਤਾਇਨਾਤ ਇਸ ਸ਼ਖਸ ਕੋਲ ਐਮ ਪੀ ਰੀਕਾਰਡ, ਐਮ ਈ ਪੀ ਰੀਕਾਰਡ, ਈ ਪੀ ਰੀਕਾਰਡ, ਸੁਪਰ ਸੈਵਨਲ ਰੀਕਾਰਡ, ਐਨ ਐਲ ਪੀ ਰੀਕਾਰਡ ਤੇ ਐਲ ਪੀ ਰੀਕਾਰਡ ਪਏ ਹਨ। ਇਨ੍ਹਾਂ ਤਵਿਆਂ ਵਿਚ ਸ਼ਬਦ, ਭਜਨ, ਭੇਟਾਂ, ਕਲਾਸੀਕਲ, ਕੱਵਾਲੀਆਂ, ਗਜ਼ਲਾਂ ਤੇ ਫਿਲਮਾਂ ਦੇ ਗੀਤ ਮੌਜੂਦ ਹਨ, ਜੋ ਉਸ ਨੇ ਪੰਜਾਬ ਦੀਆਂ ਵੱਖ-ਵੱਖ ਥਾਵਾਂ ਤੋਂ ਇਕੱਠੇ ਕੀਤੇ ਹਨ। ਗੁਰਮੁਖ ਸਿੰਘ ਲਾਲੀ ਕੋਲ ਇਸ ਅਣਮੋਲ ਖ਼ਜਾਨੇ ਦੀ ਪੂਰੀ ਸੰਗੀਤਕ ਲਾਇਬ੍ਰੇਰੀ ਹੈ, ਜਿਸ ਵਿਚ 25000 ਤੋਂ ਵੱਧ ਪੱਥਰ ਤੇ ਪਲਾਸਿਟਕ ਦੇ ਛੋਟੇ-ਵੱਡੇ ਤਵੇ ਹਨ। ਇਸ ਤੋਂ ਇਲਾਵਾ ਚਾਬੀ ਨਾਲ ਚੱਲਣ ਵਾਲੀਆਂ ਤੇ ਬਿਜਲੀ ਨਾਲ ਚੱਲਣ ਵਾਲੀਆਂ ਗ੍ਰਾਮੋਫੋਨ ਮਸ਼ੀਨਾਂ ਵੀ ਚਲਦੀ ਹਾਲਤ ਵਿਚ ਸਾਂਭੀਆਂ ਪਈਆਂ ਹਨ, ਜੋ ਅੱਜ ਵੀ ਤੋਤੇ ਵਾਂਗ ਬੋਲਦੀਆਂ ਹਨ।



ਗੁਰਮੁਖ ਸਿੰਘ ਲਾਲੀ ਕੋਲ ਸੰਭਾਲੇ ਪੁਰਾਣੇ ਤਵਿਆਂ ਵਿਚ ਪੰਜਾਬ ਦੇ ਆਖਰੀ ਗਵਰਨਰ ਲਾਰਡ ਮਾਊਂਟੇਬੇਰਨ ਦਾ 1914 ਦੀ ਪਹਿਲੀ ਸੰਸਾਰ ਜੰਗ ਦਾ ਭਾਸ਼ਣ, 1948 ਨੂੰ ਮਹਾਤਮਾ ਗਾਂਧੀ ਨਾਲ ਕੀਤੀ ਗੱਲਬਾਤ, ਹਿਟਲਰ ਤੇ ਮੋਸਲੀਨੀ ਦੀ ਇਸੇ ਜੰਗ ਦੀ ਗੱਲਬਾਤ, ਅਮ-ਰੀਕਾ ਦੇ ਪਹਿਲੇ ਰਾਸਟਰਪਤੀ ਜੌਹਨ ਕੈਨੇਡੀ ਦਾ ਪਹਿਲਾ ਭਾਸ਼ਣ, ਇੰਡੀਅਨ ਏਅਰ ਫੋਰਸ ਦੇ ਵੱਖ-ਵੱਖ ਸਮਾਗਮਾਂ ਦੀਆਂ ਧੁਨਾਂ, ਮਾਈਕਲ ਜੈਕਸਨ ਤੇ ਏਲੈਵਿਸ ਦੇ ਅੰਗਰੇਜੀ ਰਿਕਾਰਡਾਂ ਤੋਂ ਇਲਾਵਾ ਪੰਡਿਤ ਜਵਾਹਰ ਲਾਲ ਨਹਿਰੂ, ਲਾਲ ਬਹਾਦਰ ਸ਼ਾਸਤਰੀ, ਡਾ ਰਾਜਿੰਦਰ ਪ੍ਰਸਾਦ, ਡਾ ਰਾਧਾ ਕ੍ਰਿਸ਼ਨਨ, ਡਾ ਜਾਹਿਰ ਹੁਸੈਨ, ਸਰੋਜਨੀ ਨਾਇਡੂ, ਚਾਚਾ ਨਿਜਾਮੁਦੀਨ, ਸੁਭਾਸ ਚੰਦਰ ਬੋਸ, ਸਿਵ ਕੁਮਾਰ ਬਟਾਲਵੀ, ਰਾਬਿੰਦਰ ਨਾਥ ਟੈਗੋਰ, ਸੰਤ ਰਾਮ ਉਦਾਸੀ, ਮੁਰਾਰ ਜੀ ਦੇਸਾਈ, ਇੰਦਰਾ ਗਾਂਧੀ, ਨੰਦ ਲਾਲ ਨੂਰਪੁਰੀ, ਵੀ ਵੀ ਗਿਰੀ, ਰਜ਼ਨੀਸ ਓਸ਼ੋ, ਅੰਮ੍ਰਿਤਾ ਪ੍ਰੀਤਮ, ਸੰਤ ਫਤਹਿ ਸਿੰਘ, ਪਾਕਿਸਤਾਨੀ ਫਿਲਮਾਂ ਦੇ ਗੀਤ, ਰਾਜ ਗਾਇਕ ਸ਼ੈਲਾ ਪਟਿਆਲੇ ਵਾਲਾ ਦੇ 30 ਰਿਕਾਰਡ ਵੀ ਸੰਭਾਲ ਕੇ ਰੱਖੇ ਹੋਏ ਹਨ। ਇਸ ਤੋਂ ਇਲਾਵਾ ਸਨੇਹਲਤਾ, ਤੇਜ਼ ਕੌਰ, ਸਵਰਨ ਲਤਾ, ਕੁਮਾਰੀ ਲਾਜ, ਨੀਲਮ ਸਾਹਨੀ, ਕੁਲਦੀਪ ਕੌਰ, ਰਾਜਿੰਦਰ ਰਾਜਨ, ਰਿਪੁਦਮਨ ਸੈਲੀ, ਜਗਜੀਤ ਕੌਰ, ਸੋਧਾ ਮਲਹੋਤਰਾ, ਪਾਲ ਸਿੰਘ ਪੰਛੀ, ਦੀਦਾਰ ਸਿੰਘ ਰਟੈਂਡਾ, ਊਸ਼ਾ ਸੇਠ, ਜਗਤ ਸਿੰਘ ਜੱਗਾ, ਯਮਲਾ ਜੱਟ, ਪ੍ਰਕਾਸ਼ ਕੌਰ, ਨਰਿੰਦਰ ਬੀਬਾ, ਸ਼ਮਸ਼ਾਦ ਬੇਗਮ, ਮੁਹੰਮਦ ਰਫੀ, ਕੁੰਦਨ ਲਾਲ ਸਹਿਗਲ, ਚਾਂਦੀ ਰਾਮ, ਅਮਰ ਸਿੰਘ ਸ਼ੌਕੀ, ਆਸਾ ਸਿੰਘ ਮਸਤਾਨਾ ਤੇ 1902 ਵਿਚ ਪਹਿਲੀ ਪੰਜਾਬੀ ਗਾਇਕਾਂ ਗੋਹਰਾ ਜਾਨ ਦੀਆਂ ਸੁਰੀਲੀਆਂ ਆਵਾਜਾਂ ਵੀ ਗੁਰਮੁਖ ਸਿੰਘ ਲਾਲੀ ਨੇ ਸੰਭਾਲ ਕੇ ਰੱਖੀਆਂ ਹੋਈਆਂ ਹਨ। ਪਾਕਿਸਤਾਨੀ ਗਾਇਕ ਸ਼ੌਕਤ ਅਲੀ, ਆਸ਼ਕ ਹੁਸੈਨ ਜੱਟ ਤੇ ਹਾਮਿਦ ਅਲੀ ਬੇਲਾਂ ਦੇ ਰਿਕਾਰਡ ਵੀ ਉਸ ਨੇ ਸੰਭਾਲੇ ਹੋਏ ਹਨ। ਹਸੂੰ-ਹਸੂੰ ਕਰਦੇ ਚਿਹਰੇ ਵਾਲੇ ਇਸ ਸ਼ਖਸ ਨੇ ਗੁਜਰਾਤੀ ਤੇ ਮਰਾਠੀ ਜੁਬਾਨ ਦੇ ਰਿਕਾਰਡ ਵੀ ਸੰਭਾਲ ਕੇ ਰੱਖੇ ਹੋਏ ਹਨ। ਧਾਰਮਿਕ ਰਿਕਾਰਡਾਂ ਦਾ ਵੀ ਉਸ ਕੋਲ ਭੰਡਾਰ ਮੌਜੂਦ ਹੈ।



ਤਸਵਿੰਦਰ ਸਿੰਘ ਬੜੈਚ
91-98763-22677

ਗੁਰਮੁਖ ਸਿੰਘ ਲਾਲੀ ਕੋਲ ਯੂਨੀਵਰਸਿਟੀਆਂ ਦੇ ਵਿਦਿਆਰਥੀ ਆਪਣੀ ਖੋਜ ਕਰਨ ਲਈ ਆਉਂਦੇ ਰਹਿੰਦੇ ਹਨ। ਗੁਰਮੁਖ ਸਿੰਘ ਲਾਲੀ ਦੀ 'ਜਥੇਦਾਰ ਪ੍ਰਗਟ ਸਿੰਘ ਪੰਜਾਬੀ ਸੱਭਿਆਚਾਰਕ ਹੈਰੀਟੇਜ ਸੰਗੀਤਕ ਲਾਇਬਰੇਰੀ ' ਨੂੰ ਗਵਰਨਰ ਸੁਰਜੀਤ ਸਿੰਘ ਬਰਨਾਲਾ, ਸੁਰਜੀਤ ਕੌਰ ਬਰਨਾਲਾ, ਸੁਖਦੇਵ ਸਿੰਘ ਢੀਡਸਾ, ਕੈਪਟਨ ਅਮਰਿੰਦਰ ਸਿੰਘ, ਜਗਦੇਵ ਸਿੰਘ ਜੱਸੋਵਾਲ, ਹੰਸ ਰਾਜ ਹੰਸ, ਰਣਜੀਤ ਕੌਰ, ਪਾਕਿਸਤਾਨ ਦੇ ਪ੍ਰਸਿੱਧ ਫਿਲਮੀ ਡਾਇਰੈਕਟਰ ਤੇ ਸੰਗੀਤਕਾਰ ਖਾਲਿਦ ਚਿਸਤੀ, ਕਰਨੈਲ ਸਿੰਘ ਗਿੱਲ, ਕਰਤਾਰ ਰਮਲਾ ਤੇ ਗੀਤਕਾਰ ਹਰਭਜਨ ਸਿੰਘ ਵਰਗੀਆਂ ਨਾਮੀਂ ਸ਼ਖਸੀਅਤਾਂ ਵੀ ਦੇਖ ਚੁੱਕੀਆਂ ਹਨ। ਦੂਰਦਰਸ਼ਨ ਜਲੰਧਰ ਵਾਲੇ ਵੀ ਉਸ ਕੋਲ ਅਕਸਰ ਪੁਰਾਣੇ ਗੀਤਾਂ ਦੀ ਰਿਕਾਰਡਿੰਗ ਲੈਣ ਲਈ ਆਉਂਦੇ-ਜਾਂਦੇ ਰਹਿੰਦੇ ਹਨ। ਪੁਰਾਣੇ ਸੰਗੀਤ ਨੂੰ ਪਿਆਰ ਕਰਨ ਵਾਲੇ ਹੋਰ ਲੋਕ ਵੀ ਉਸ ਕੋਲ ਅਕਸਰ ਹੀ ਗੀਤਾਂ ਦਾ ਅਨੰਦ ਲੈਣ ਲਈ ਆਉਂਦੇ ਰਹਿੰਦੇ ਹਨ। ਗੁਰਮੁਖ ਸਿੰਘ ਲਾਲੀ ਨੂੰ ਵਿਰਾਸਤ ਸੰਭਾਲ ਦੇ ਖੇਤਰ ਵਿਚ ਕੀਤੀ ਜਾ ਰਹੀ ਵਡਮੁੱਲੀ ਸੇਵਾ ਬਦਲੇ ਕੇਂਦਰੀ ਮੰਤਰੀ ਸੁਸ਼ਮਾ ਸਵਰਾਜ ਵੱਲੋਂ ਦਿੱਲੀ ਵਿਚ ਡਾ ਐਮ ਐਸ ਰੰਧਾਵਾ ਪੁਰਸਕਾਰ ਨਾਲ ਅਤੇ ਪ੍ਰੋ ਮੋਹਨ ਸਿੰਘ ਮੇਲੇ 'ਤੇ ਹੋਏ ਸਮਾਗਮ ਮੌਕੇ ਸਨਮਾਨਿਤ ਕੀਤਾ ਜਾ ਚੁੱਕਾ ਹੈ। ਸਾਲ 2013 ਵਿਚ ਉਸ ਨੂੰ ਪੰਜਾਬ ਸਰਕਾਰ ਵੱਲੋਂ ਵੀ 'ਸਟੇਟ ਐਵਾਰਡ' ਨਾਲ ਸਨਮਾਨਿਤ ਕੀਤਾ ਜਾ ਚੁੱਕਿਆ ਹੈ। ਕਈ ਹੋਰ ਸੱਭਿਆਚਾਰਕ ਸੰਸਥਾਵਾਂ ਵੱਲੋਂ ਵੀ ਉਸ ਦਾ ਸਨਮਾਨ ਕੀਤਾ ਗਿਆ ਹੈ। ਆਪਣੇ ਇਸ ਸ਼ੌਕ ਪ੍ਰਤੀ ਪਰਿਵਾਰ ਵੱਲੋਂ ਉਸ ਨੂੰ ਪੂਰਾ ਸਹਿਯੋਗ ਹੈ। ਐਚ ਐਮ ਵੀ ਕੰਪਨੀ ਦੇ ਸਹਿਯੋਗ ਸਦਕਾ ਦੋ ਸੀਡੀ 'ਸਿੱਖੀ ਸਿਦਕ', ਢਾਡੀ ਵਾਰਾਂ ਅਤੇ ਕਥਾ 'ਸ੍ਰੀ ਗੁਰੂ ਨਾਨਕ ਦੇਵ ਜੀ' ਰਿਲੀਜ ਕਰ ਚੁੱਕਿਆ ਗੁਰਮੁਖ ਸਿੰਘ ਲਾਲੀ ਇਸ ਸ਼ੌਕ ਦੇ ਨਾਲ-ਨਾਲ ਲਿਖਣ ਵਿਚ ਵੀ ਚੰਗੀ ਮੁਹਾਂਰਤ ਰੱਖਦਾ ਹੈ।




## ਨਿਊਯਾਰਕ 'ਚ ਇਕ ਮੰਦਭਾਗੀ ਘਟਨਾ

ਬੀਤੇ ਦਿਨੀਂ 14 ਅਪ੍ਰੈਲ ਦਿਨ ਸ਼ੁੱਕਰਵਾਰ ਨੂੰ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਵਿਖੇ ਦਿਨ-ਦਿਹਾੜੇ ਇਕ ਵਿਅਕਤੀ ਵੱਲੋਂ ਤਾਬਿਆ 'ਚ ਪ੍ਰਕਾਸ਼ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਚੁੱਕਣ ਦੀ ਘਟਨਾ ਅਤੀ ਮਾੜੀ ਅਤੇ ਨਿੰਦਣਯੋਗ ਹੈ। ਉਸੇ ਵਕਤ ਹੀ ਗੁਰੂ ਘਰ ਦੇ ਗ੍ਰੰਥੀ ਸਿੰਘ ਸਾਹਿਬ ਵੱਲੋਂ ਪ੍ਰਬੰਧਕ ਕਮੇਟੀ ਨੂੰ ਸੂਚਿਤ ਕਰਕੇ ਅਤੇ ਪ੍ਰਬੰਧਕ ਕਮੇਟੀ ਨੇ ਪੁਲਿਸ ਦੀ ਮਦਦ ਨਾਲ ਗੁਰੂ ਗ੍ਰੰਥ ਸਾਹਿਬ ਦਾ ਮੁੜ ਪ੍ਰਕਾਸ਼ ਕਰ ਦਿੱਤਾ।

ਇਸ ਕਿਸਮ ਦੀ ਕਾਰਵਾਈ ਕਰਨ ਦੇ ਪਿੱਛੇ ਉਸ ਵਿਅਕਤੀ ਦਾ ਜੋ ਵੀ ਮਕਸਦ ਹੋਵੇ ਪਰ ਗੁਰੂ ਗ੍ਰੰਥ ਸਾਹਿਬ ਦੁਨੀਆਂ ਦੇ ਸਭ ਤੋਂ ਆਧੁਨਿਕ ਧਰਮ ਦੀ ਅਗਵਾਈ ਕਰਨ ਵਾਲੇ ਸ਼ਬਦ ਗੁਰੂ ਹਨ, ਜਿਸ ਵਿਚ ਸਾਰੇ ਫਿਰਕਿਆਂ ਦੀਆਂ ਮਹਾਨ ਮਹਾਂਪੁਰਖਾਂ ਦੀ ਬਾਣੀ ਵੀ ਦਰਜ ਹੈ। ਸਿੱਖ ਧਰਮ ਦੀ ਬੁਨਿਆਦ ਹੀ ਜਾਤ-ਪਾਤ ਤੋਂ ਰਹਿਤ ਹੋਣ, ਕਰਮ ਕਾਂਡਾਂ ਤੋਂ ਬਚਣ ਅਤੇ ਅੰਧ ਵਿਸ਼ਵਾਸ ਤੋਂ ਦੂਰ ਹੋ ਕੇ ਪਾਕ-ਸਾਫ ਜੀਵਨ ਬਤੀਤ ਕਰਨ ਦੀ ਬਿਨਾਅ ਤੇ ਰੱਖੀ ਗਈ ਸੀ। ਜਾਤ-ਪਾਤ ਅਤੇ ਧਾਰਮਿਕ ਕੱਟੜਤਾ ਨੂੰ ਪੂਰੀ ਤਰ੍ਹਾਂ ਨਕਾਰਨ ਵਾਲੇ ਸਿੱਖ ਧਰਮ ਨੇ ਭਾਰਤ ਦੇ ਸਦੀਆਂ ਤੋਂ ਦੱਬੇ-ਕੁਚਲੇ ਲੋਕਾਂ ਦੇ ਲਈ ਇਕ ਨਵਾਂ ਰਾਹ ਦਿਖਾਇਆ। ਸਮਾਜ ਦੇ ਇਕ ਫਿਰਕੇ ਦੁਆਰਾ ਹਾਸ਼ੀਏ ਤੇ ਧੱਕੇ ਗਏ ਲੋਕਾਂ ਨੇ ਇੱਕਜੁਟ ਹੋ ਕੇ ਸਿੱਖ ਧਰਮ ਅਪਣਾਇਆ ਅਤੇ ਸਮੇਂ ਦੀਆਂ ਜਾਬਰ ਹਕੂਮਤਾਂ ਨਾਲ ਟੱਕਰ ਲੈਣ ਲਈ ਗੁਰੂ ਸਾਹਿਬਾਨਾਂ ਦੀ ਅਗਵਾਈ ਵਿਚ ਅਗਲੇਰੇ ਮੋਰਚਿਆਂ 'ਤੇ ਅਥਾਹ ਕੁਰਬਾਨੀਆਂ ਦਿੱਤੀਆਂ। ਗੁਰੂ ਗ੍ਰੰਥ ਸਾਹਿਬ ਦੇ ਗੁਰੂ ਰੂਪ ਵਿਚ ਪ੍ਰਗਟ ਹੋਣ ਤੋਂ ਬਾਅਦ ਵੀ ਇਹੀ ਦੱਬੇ ਕੁਚਲੇ ਵਰਗ ਦੇ ਲੋਕਾਂ ਨੇ ਜਬਰ-ਜ਼ੁਲਮ ਦਾ ਡੱਟ ਕੇ ਟਾਕਰਾ ਕੀਤਾ ਅਤੇ ਸਿੱਖੀ ਦੇ ਝੰਡੇ ਨੂੰ ਬੁਲੰਦ ਕੀਤਾ। ਜਿਸ ਧਰਮ ਦੀ ਨੀਂਹ ਹੀ ਮਨੁੱਖੀ ਬਰਾਬਰਤਾ ਦੇ ਆਧਾਰ ਤੇ ਰੱਖੀ ਗਈ ਹੋਵੇ, ਜਾਤਾਂ, ਧਰਮਾਂ, ਵਹਿਮਾਂ-ਭਰਮਾਂ, ਕੂੜ ਤੋਂ ਦੂਰ ਰਹਿਣ ਦਾ ਉਪਦੇਸ਼ ਦਿੰਦਿਆਂ ਰੱਖੀ ਗਈ ਹੋਵੇ, ਉਸ ਧਰਮ ਵਿਚ ਅਜਿਹੇ ਹੀ ਵਿਅਕਤੀ ਵੱਲੋਂ ਅਜਿਹਾ ਕੰਮ ਕਰਨਾ ਸ਼ੋਭਾ ਨਹੀਂ ਦਿੰਦਾ।

ਗੁਰੂ ਕਾ ਸਿੱਖ ਸਾਰੇ ਧਰਮਾਂ ਦਾ ਸਤਿਕਾਰ ਕਰਦਾ ਹੈ, ਸਾਰੀ ਮਾਨਵਤਾ ਨੂੰ ਇਕ ਬਰਾਬਰ ਸਮਝਦਾ ਹੈ ਅਤੇ 'ਏਕ ਪਿਤਾ ਏਕਸ ਕੇ ਹਮ ਬਾਰਿਕ' ਵਿਚ ਵਿਸ਼ਵਾਸ ਕਰਦਾ ਹੈ। ਇਸ ਕਰਕੇ ਅਜਿਹੀਆਂ ਹਰਕਤਾਂ ਉਸ ਕੌਮ ਦੇ ਕਿਸੇ ਵਿਅਕਤੀ ਨੂੰ ਨਹੀਂ ਸ਼ੋਭਦੀਆਂ, ਜੋ ਸਮੁੱਚੀ ਮਨੁੱਖਤਾ ਦਾ ਭਲਾ ਚਾਹੁਣ ਵਾਲੇ ਧਰਮ ਨਾਲ ਸਬੰਧਤ ਹੋਵੇ। ਇਹ ਚੰਗੀ ਗੱਲ ਹੈ ਗ੍ਰੰਥੀ ਸਿੰਘ ਵੱਲੋਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬੜੇ ਅਦਬ ਨਾਲ ਸੰਭਾਲਿਆ ਅਤੇ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੋਣ ਤੋਂ ਬਚਾਅ ਕਰ ਲਿਆ। ਅਮਰੀਕਾ ਵਿਚ ਅੱਜ ਸਿੱਖਾਂ ਸਮੇਤ ਸਾਰੇ ਏਸ਼ੀਆਈ ਮੂਲ ਦੇ ਲੋਕਾਂ ਨਾਲ ਨਸਲੀ ਨਫਰਤ ਵਧਦੀ ਜਾ ਰਹੀ ਹੈ। ਇਸ ਦਾ ਟਾਕਰਾ ਕਰਨ ਲਈ ਸਾਰੇ ਲੋਕੀ ਇੱਕਜੁਟ ਹੋ ਕੇ ਕੰਮ ਕਰ ਰਹੇ ਹਨ ਪ੍ਰੰਤੂ ਨਿਊਯਾਰਕ ਵਿਖੇ ਵਾਪਰੀਆਂ ਦੋ ਤਾਜੀਆਂ ਘਟਨਾਵਾਂ ਕਾਰਨ ਸਿੱਖ ਜਗਤ ਵਿਚ ਸੰਗਤ ਅਤੇ ਪ੍ਰਚਾਰ/ਪ੍ਰਸਾਰ ਕਰ ਰਹੀਆਂ ਸੰਸਥਾਵਾਂ ਨੂੰ ਵੀ ਗਹਿਰਾ ਧੱਕਾ ਲੱਗਾ ਹੈ। ਲੋੜ ਹੈ ਅਜਿਹੀਆਂ ਘਟਨਾਵਾਂ ਤੋਂ ਬਚਣ ਦੀ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਸੂਬਾ ਪੱਧਰੀ ਸਮਾਗਮ 'ਚ ਡਾ.ਅੰਬੇਦਕਰ ਦਾ ਬੁੱਤ ਰਾਸ਼ਟਰ ਨੂੰ ਸਮਰਪਿਤ

**ਜਲੰਧਰ–** ਪੰਜਾਬ ਸਰਕਾਰ ਵੱਲੋਂ ਭਾਰਤ ਰਤਨ ਡਾ. ਭੀਮ ਰਾਓ ਅੰਬੇਦਕਰ ਦੇ 126ਵੇਂ ਸੂਬਾ ਪੱਧਰੀ ਮਨਾਏ ਗਏ ਜਨਮ ਦਿਵਸ ਮੌਕੇ ਜ਼ਿਲ੍ਹਾ ਪ੍ਰਸਾਸ਼ਕੀ ਕੰਪਲੈਕਸ ਵਿਖੇ ਡਾ. ਅੰਬੇਦਕਰ ਦਾ ਬੁੱਤ ਰਾਸ਼ਟਰ ਨੂੰ ਸਮਰਪਿਤ ਕੀਤਾ ਗਿਆ। ਇਸ ਤੋਂ ਬਾਅਦ ਏ.ਪੀ.ਜੇ. ਕਾਲਜ ਵਿਚ ਕਰਵਾਏ ਗਏ ਸਮਾਗਮ ਨੂੰ ਸੰਬੋਧਨ ਕਰਦਿਆਂ ਕਾਂਗਰਸ ਦੇ ਵਿਧਾਇਕਾਂ ਨੇ ਅਕਾਲੀ-ਭਾਜਪਾ ਰਾਜ ਦੌਰਾਨ ਦਲਿਤ ਵਿਦਿਆਰਥੀਆਂ ਦੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਆਈ ਗ੍ਰਾਂਟ ਨੂੰ ਇਧਰ-ਉਧਰ ਖਰਚਣ ਦੀ ਜਾਂਚ ਦੀ ਮੰਗ ਕੀਤੀ ਹੈ। ਜਲੰਧਰ ਪੱਛਮੀ ਤੋਂ ਕਾਂਗਰਸੀ ਵਿਧਾਇਕ ਸੁਸ਼ੀਲ ਰਿੰਕੂ ਅਤੇ ਚੱਬੇਵਾਲ ਤੋਂ ਵਿਧਾਇਕ ਡਾ. ਰਾਜ ਕੁਮਾਰ ਨੇ ਸੂਬਾ ਪੱਧਰੀ ਸਮਾਗਮ ਵਿਚ ਦਲਿਤਾਂ ਦੀਆਂ ਮੰਗਾਂ ਅਤੇ ਖਾਸ ਕਰਕੇ ਪੋਸਟ ਮੈਟ੍ਰਿਕ ਸਕਾਲਰਸ਼ਿੱਪ ਸਕੀਮ 'ਚ ਹੋਏ ਵੱਡੇ ਘਪਲੇ ਨੂੰ ਪ੍ਰਮੁੱਖਤਾ ਨਾਲ ਉਭਾਰਿਆ। ਇਸ ਸਮਾਗਮ 'ਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਕੈਬਨਿਟ ਮੰਤਰੀ ਰਾਣਾ ਗੁਰਜੀਤ ਸਿੰਘ ਅੱਗੇ ਉਨ੍ਹਾਂ ਨੇ ਇਹੋ ਹੀ ਮੰਗ ਰੱਖੀ ਕਿ ਕਾਂਗਰਸ ਦਲਿਤ ਵਿਦਿਆਰਥੀਆਂ ਨੂੰ ਮਿਲਣ ਵਾਲੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਲਈ 10 ਸਾਲ ਤੋਂ ਲੜਦੀ ਆ ਰਹੀ ਸੀ ਤੇ ਪਿਛਲੀ ਸਰਕਾਰ ਨੇ ਇਨ੍ਹਾਂ ਵਿਦਿਆਰਥੀਆਂ ਦੇ ਹੱਕਾਂ ਨੂੰ ਮਾਰਦਿਆਂ ਪੈਸਾ ਹੋਰ ਪਾਸੇ ਖਰਚ ਦਿੱਤਾ ਜਿਸ ਕਰਕੇ ਕਈ ਦਲਿਤ ਵਿਦਿਆਰਥੀ ਪੜ੍ਹਨ ਤੋਂ ਰਹਿ ਗਏ ਸਨ।



ਇਸ ਮੌਕੇ ਕੈਬਨਿਟ ਮੰਤਰੀ ਰਾਣਾ ਗੁਰਜੀਤ ਸਿੰਘ ਨੇ ਕਿਹਾ ਕਿ ਪਿਛਲੀ ਸਰਕਾਰ ਮੌਕੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਦੇ ਫੰਡਾਂ ਦੀ ਦੁਰਵਰਤੋਂ ਦੀਆਂ ਸ਼ਿਕਾਇਤਾਂ ਦੀ ਪੰਜਾਬ ਸਰਕਾਰ ਵਲੋਂ ਬਾਰੀਕੀ 'ਚ ਘੋਖ ਕਰਵਾਈ ਜਾਵੇਗੀ। ਉਨ੍ਹਾਂ ਐਲਾਨ ਕੀਤਾ ਕਿ ਐਸ.ਸੀ., ਬੀ.ਸੀ., ਕ੍ਰਿਸਚੀਅਨ, ਮੁਸਲਿਮ ਭਾਈਚਾਰੇ ਅਤੇ ਗਰੀਬੀ ਰੇਖਾ ਤੋਂ ਹੇਠਲੇ ਪਰਿਵਾਰਾਂ ਨਾਲ ਸਬੰਧਤ ਵਿਦਿਆਰਥਣਾਂ ਨੂੰ ਗ੍ਰੇਜੂਏਸ਼ਨ ਤੱਕ ਮੁਫ਼ਤ ਵਿੱਦਿਆ ਪ੍ਰਦਾਨ ਕੀਤੀ ਜਾਵੇਗੀ।

ਇਸ ਮੌਕੇ ਮੁੱਖ ਮਹਿਮਾਨ ਵਲੋਂ ਲੇਖ ਮੁਕਾਬਲਿਆਂ ਦੇ ਜੇਤੂ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਵਿਧਾਇਕ ਪਰਗਟ ਸਿੰਘ, ਰਾਜਿੰਦਰ ਬੇਰੀ, ਚੌਧਰੀ ਸੁਰਿੰਦਰ ਸਿੰਘ, ਅਵਤਾਰ ਸਿੰਘ ਹੈਨਰੀ ਜੂਨੀਅਰ ਨੇ ਵੀ ਸੰਬੋਧਨ ਕੀਤਾ।

**ਮੁੱਖ ਮੰਤਰੀ ਵੱਲੋਂ ਅੰਬੇਦਕਰ ਦੇ ਜਨਮ ਦਿਵਸ ਮੌਕੇ ਸ਼ਰਧਾਂਜਲੀ**

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਭਾਰਤ ਰਤਨ ਡਾ. ਬੀ.ਆਰ. ਅੰਬੇਦਕਰ ਨੂੰ ਉਨ੍ਹਾਂ ਦੇ 126ਵੇਂ ਜਨਮ ਦਿਵਸ ਮੌਕੇ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਸਮਾਜ ਦੇ ਕਮਜ਼ੋਰ ਤਬਕਿਆਂ ਦਾ ਪੱਧਰ ਉਚਾ ਚੁੱਕਣ ਲਈ ਪਾਏ ਯੋਗਦਾਨ ਨੂੰ ਚੇਤੇ ਕੀਤਾ। ਮੁੱਖ ਮੰਤਰੀ ਨੇ ਡਾ. ਅੰਬੇਦਕਰ ਨੂੰ ਇਕ ਮਹਾਨ ਵਿਦਵਾਨ, ਕਾਨੂੰਨਦਾਨ, ਅਰਥਸਾਸ਼ਤਰੀ, ਸਮਾਜ ਸੁਧਾਰਕ ਅਤੇ ਇਕ ਉੱਘੀ ਸਖਸ਼ੀਅਤ ਦੱਸਿਆ। ਮੁੱਖ ਮੰਤਰੀ ਨੇ ਲੋਕਾਂ ਨੂੰ ਮਹਾਨ ਸਮਾਜ ਸੁਧਾਰਕ ਵੱਲੋਂ ਦਿਖਾਏ ਰਸਤੇ 'ਤੇ ਚੱਲਣ ਦਾ ਸੱਦਾ ਦਿੰਦਿਆਂ ਡਾ. ਅੰਬੇਦਕਰ ਦੇ ਸੁਪਨਿਆਂ ਨੂੰ ਹਕੀਕਤ ਵਿੱਚ ਬਦਲਣ ਲਈ ਕੰਮ ਕਰਨ ਦੀ ਅਪੀਲ ਕੀਤੀ।

# ਨਿਹੰਗ ਸਿੰਘਾਂ ਵੱਲੋਂ ਕੱਢੇ ਮਹੱਲੇ ਨਾਲ ਵਿਸਾਖੀ ਮੇਲਾ ਸਮਾਪਤ

**ਤਲਵੰਡੀ ਸਾਬੋ–** ਸ੍ਰੀ ਦਮਦਮਾ ਸਾਹਿਬ ਵਿਖੇ ਲੱਗਾ ਚਾਰ ਰੋਜ਼ਾ ਵਿਸਾਖੀ ਮੇਲਾ ਅੱਜ ਸ਼ਾਮ ਬੁੱਢਾ ਦਲ ਦੇ ਮੁੱਖ ਜਥੇਦਾਰ ਬਾਬਾ ਬਲਬੀਰ ਸਿੰਘ ਦੀ ਅਗਵਾਈ ਵਿੱਚ ਵੱਖ-ਵੱਖ ਜਥੇਬੰਦੀਆਂ ਦੇ ਘੋੜ ਸਵਾਰ ਨਿਹੰਗ ਸਿੰਘਾਂ ਵੱਲੋਂ ਕੱਢੇ ਗਏ ਮਹੱਲੇ ਨਾਲ ਸਮਾਪਤ ਹੋ ਗਿਆ। ਪਹਿਲੇ ਮੇਲਿਆਂ ਨਾਲੋਂ ਐਂਤਕੀ ਇਕੱਠ ਘੱਟ ਰਿਹਾ। ਪੁਲੀਸ ਅਤੇ ਸਿਵਲ ਪ੍ਰਸ਼ਾਸ਼ਨ ਵੱਲੋਂ ਪੁਖਤਾ ਪ੍ਰਬੰਧ ਕੀਤੇ ਗਏ ਸਨ। ਚਾਰ ਦਿਨ ਚੱਲੇ ਇਸ ਮੇਲੇ ਦੌਰਾਨ ਤਖ਼ਤ ਸਾਹਿਬ ਦੇ ਪੰਜ ਪਿਆਰਿਆਂ ਅਤੇ ਨਿਹੰਗ ਸਿੰਘ ਧਾਰਮਿਕ ਜਥੇਬੰਦੀ ਬੁੱਢਾ ਦਲ ਵੱਲੋਂ ਅੰਮ੍ਰਿਤ ਸੰਚਾਰ ਕਰਕੇ ਵੱਡੀ ਗਿਣਤੀ ਪ੍ਰਾਣੀਆਂ ਨੂੰ ਗੁਰੂ ਵਾਲੇ ਬਣਾਇਆ। ਬੁੱਢਾ ਦਲ ਵੱਲੋਂ ਨਿਹੰਗ ਸਿੰਘਾਂ ਦੇ ਨਵੇਂ ਲਾਇਸੰਸ ਬਣਾਏ ਗਏ ਅਤੇ ਪੁਰਾਣੇ ਰੀਨਿਊ ਕੀਤੇ ਗਏ।ਮੇਲੇ ਮੌਕੇ ਬੁੱਢਾ ਦਲ ਵੱਲੋਂ ਇੰਟਰਨੈਸ਼ਨਲ ਗੱਤਕਾ ਮੁਕਾਬਲੇ ਵੀ ਕਰਵਾਏ ਗਏ। ਮੇਲੇ ਦੇ ਅੱਜ ਆਖ਼ਰੀ ਦਿਨ ਸਵੇਰ ਸਮੇਂ ਸ਼੍ਰੋਮਣੀ ਕਮੇਟੀ ਵੱਲੋਂ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਮਹੱਲਾ ਕੱਢਿਆ ਗਿਆ। ਨਿਹੰਗ ਸਿੰਘ ਜਥੇਬੰਦੀਆਂ ਨੇ ਸ਼ਾਮ ਨੂੰ ਮਹੱਲਾ ਕੱਢਿਆ। ਨੀਲੇ ਬਾਣਿਆਂ ਵਿੱਚ ਸਜੇ ਗੁਰੂ ਕੀਆਂ ਲਾਡਲੀਆਂ ਫੌਜਾਂ ਨਿਹੰਗ ਸਿੰਘ ਸੁੱਖ ਨਿਧਾਨ ਦੀਆਂ ਦੇਗਾਂ ਛਕ ਕੇ ਅਤੇ ਸ਼ਿੰਗਾਰੇ ਹੋਏ ਘੋੜਿਆਂ 'ਤੇ ਸਵਾਰ ਹੋ ਕੇ ਪਹਿਲਾਂ ਨਿਹੰਗਾਂ ਦੀ ਮੁੱਖ ਛਾਉਣੀ ਗੁਰਦੁਆਰਾ ਦੇਗਸਰ ਬੇਰ ਸਾਹਿਬ ਵਿਖੇ ਇਕੱਠੇ ਹੋਏ। ਜਿੱਥੋਂ ਉਹ ਛਿਆਨਵੇਂ ਕਰੋੜੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁੱਖ ਜਥੇਦਾਰ ਬਾਬਾ ਬਲਬੀਰ ਸਿੰਘ ਦੀ ਅਗਵਾਈ ਵਿੱਚ ਅਰਦਾਸ ਕਰਨ ਉਪਰੰਤ ਨਗਾਰਿਆਂ ਦੀਆਂ ਚੋਟਾਂ ਅਤੇ ਖਾਲਸਾਈ ਜੈਕਾਰਿਆਂ ਦੀ ਗੂੰਜ ਨਾਲ ਸਖ਼ਤ ਸੁਰੱਖਿਆ ਪ੍ਰਬੰਧਾਂ ਵਿੱਚ ਹੇਠ ਰਵਾਨਾ ਹੋਏ। ਜਿੱਥੇ ਘੋੜ ਸਵਾਰ ਨਿਹੰਗ ਸਿੰਘਾਂ ਨੇ ਦੋ, ਤਿੰਨ ਤੇ ਚਾਰ ਘੋੜਿਆਂ ਦੀ ਘੋੜ ਸਵਾਰੀ, ਕਿੱਲਾ ਪੁੱਟਣ ਅਤੇ ਗੱਤਕੇ ਦੇ ਕਰਤੱਬ ਦਿਖਾਏ। ਬੁੱਢਾ ਦਲ ਦੇ ਮੁੱਖ ਜਥੇਦਾਰ ਬਾਬਾ ਬਲਬੀਰ ਸਿੰਘ ਨੇ ਜੇਤੂਆਂ ਨੂੰ ਇਨਾਮ ਤਕਸੀਮ ਕੀਤੇ ਅਤੇ ਸਮੁੱਚੀ ਸਿੱਖ ਕੌਮ ਨੂੰ ਖਾਲਸਾ ਸਾਜਨਾ ਦਿਵਸ ਦੀ ਵਧਾਈ ਦਿੱਤੀ।



# ਮੋਹਨ ਲਾਲ ਸਾਂਪਲਾ ਦੇ ਗ੍ਰਹਿ ਵਿਖੇ ਡਾ.ਅੰਬੇਡਕਰ ਜੀ ਦਾ ਜਨਮ ਦਿਨ ਮਨਾਇਆ

**ਖੰਨਾ–** ਵਿਸ਼ਵ ਰਤਨ ਡਾ. ਅੰਬੇਡਕਰ ਜੀ ਦਾ 126ਵਾਂ ਜਨਮ ਦਿਨ ਸੋਹਣ ਲਾਲ ਸਾਂਪਲਾ (ਜਰਮਨ ਨਿਵਾਸੀ) ਦੇ ਘਰ ਵਿਖੇ ਬੜੀ ਸ਼ਰਧਾ ਨਾਲ ਮਨਾਇਆ ਗਿਆ। ਸਭ ਤੋਂ ਪਹਿਲਾਂ ਸਭ ਨੇ ਤਰੀਸਰਨ ਅਤੇ ਪੰਜ ਸ਼ੀਲ ਦਾ ਪਾਠ ਕੀਤਾ। ਉਸ ਤੋਂ ਬਾਅਦ ਭੈਣ ਕਾਂਤਾ (ਮਹੰਤ) ਜੀ ਨੇ ਮੋਮਬੱਤੀ ਲਗਾ ਕੇ ਸ਼ਮ੍ਹਾਂ ਰੌਸ਼ਨ ਕੀਤੀ। ਉਹਨਾਂ ਦਾ ਸਾਥ ਕਿਰਨ ਸਾਂਪਲਾ, ਗਿਦੋ ਮੇਨਕਾ ਸਾਂਪਲਾ, ਜਸਵਿੰਦਰ ਸਾਂਪਲਾ, ਘੋਲਾ, ਬਚਨ ਦਾਸ, ਗੁੱਡੀ, ਜਸਵਿੰਦਰ ਸਿੰਘ, ਨਵਿੰਦਰ ਸਿੰਘ ਆਦਿ ਨੇ ਦਿੱਤਾ। ਬਾਬਾ ਸਾਹਿਬ ਜੀ ਦੇ ਜਨਮ ਦਿਨ ਸਾਰੀ ਦੁਨੀਆਂ ਵਿਚ ਧੂੰਮ ਧਾਮ ਨਾਲ ਮਨਾਇਆ ਜਾਂਦਾ ਹੈ। ਇਸ ਵਾਰ ਵੀ ਯੂ. ਐਨ. ਓ. ਵਿਚ ਇਹਨਾਂ ਦਾ ਜਨਮ ਦਿਨ ਮਨਾਇਆ ਗਿਆ। ਇਕ ਦਲਿਤ ਗਰੀਬ ਘਰ ਵਿਚ ਪੈਦਾ ਹੋ ਕੇ ਡਾ. ਅੰਬੇਡਕਰ ਨੇ ਦੁਨੀਆਂ ਭਰ ਵਿਚ ਆਪਣੀ ਵਿਦਵਤਾ ਦਾ ਲੋਹਾ ਮਨਵਾਇਆ। ਸਾਨੂੰ ਇਹਨਾਂ ਦੀ ਜੀਵਨੀ ਪੜ੍ਹਨੀ ਚਾਹੀਦੀ ਹੈ ਅਤੇ ਉਸ ਤੇ ਅਮਲ ਕਰਨਾ ਚਾਹੀਦਾ ਹੈ, ਜਿਸ ਨਾਲ ਸਾਡੀ ਆਉਣ ਵਾਲੀ ਪੀੜ੍ਹੀ ਜੀਵਨ ਦੀਆਂ ਮੰਜ਼ਿਲਾਂ ਇਹਨਾਂ ਵਾਂਗ ਹੀ ਤਹਿ ਕਰਨ ਦੀ ਪ੍ਰੇਰਨਾ ਲਵੋ। ਅੰਧ-ਵਿਸ਼ਵਾਸ, ਡੇਰਾਵਾਦ, ਨਸ਼ਿਆਂ ਤੋਂ ਰਹਿਤ ਸਮਾਜ ਦੀ ਸਿਰਜਣਾ ਲਈ ਬਾਬਾ ਸਾਹਿਬ ਜੀ ਪ੍ਰੇਰਨਾ ਸਰੋਤ ਹਨ।



# ਚੀਮਾ ਕਲਾਂ ਦਾ ਵਿਸਾਖੀ ਮੇਲਾ ਆਤਮਾ ਸਿੰਘ ਤੇ ਅਮਨ ਰੋਜ਼ੀ ਨੇ ਕੀਲਿਆ





**ਮੁਕੰਦਪੁਰ, (ਰੇਸ਼ਮ ਕਰਨਾਣਵੀ)–** ਅੱਪਰਾ ਕਸਬਾ ਦੇ ਨਜ਼ਦੀਕੀ ਪਿੰਡ ਚੀਮਾ ਕਲਾਂ 'ਚ ਬਾਬਾ ਮੋੜ੍ਹਆਣਾ ਜੀ ਦੇ ਅਸਥਾਨ ਤੇ ਲੰਬੇ ਅਰਸੇ ਹੋ ਰਿਹਾ ਵਿਸਾਖੀ ਮੇਲਾ ਇਸ ਸਾਲ ਵੀ ਬੜੀ ਧੂਮਧਾਮ ਨਾ਼ਲ ਮਨਾਇਆ ਗਿਆ। ਇਹ ਮੇਲਾ ਪ੍ਰਬੰਧਕੀ ਕਮੇਟੀ, ਪਿੰਡ ਦੀ ਪੰਚਾਇਤ ਅਤੇ ਪਿੰਡ ਵਾਸੀਆਂ ਦੇ ਸਹਿਯੋਗ ਨਾ਼ਲ ਕਰਵਾਇਆ ਗਿਆ। ਇਸ ਮੇਲੇ ਵਿਚ ਪਹਿਲੇ ਦਿਨ ਕਬੱਡੀ ਟੂਰਨਾਮੈਂਟ ਕਰਵਾਇਆ ਗਿਆ, ਦੂਜੇ ਦਿਨ ਹਲਟ ਦੌੜਾਂ ਦੇ ਮੁਕਾਬਲੇ ਕਰਵਾਏ ਗਏ। ਤੀਜੇ ਦਿਨ ਸੱਭਿਆਚਾਰਕ ਮੇਲੇ 'ਚ ਗਾਇਕ ਐਰੀ ਗਿੱਲ, ਗੁਰਦਾਸ ਕੈੜਾ, ਮੈਡਮ ਪੀ.ਡੀ. ਰਾਜਨ, ਕੁਲਵਿੰਦਰ ਚੀਮਾ, ਬਲਰਾਜ ਬਿਲਗਾ, ਆਤਮਾ ਬੁੱਢੇਵਾਲੀਆ ਅਤੇ ਅਮਨ ਰੋਜ਼ੀ ਅਤੇ ਰਾਜਵੀਰ ਜਵੰਦਾ ਨੇ ਆਪਣੇ ਗੀਤਾਂ ਰਾਹੀਂ ਦਰਸ਼ਕਾਂ ਦਾ ਮਨੋਰੰਜਨ ਕੀਤਾ। ਆਤਮਾ ਸਿੰਘ ਅਤੇ ਅਮਨ ਰੋਜ਼ੀ ਨੇ ਅਖਾੜਿਆਂ ਦੇ ਪਰੰਪਰਿਕ ਢੰਗ ਨਾ਼ਲ ਗੀਤ ਪੇਸ਼ ਕਰਕੇ ਮੇਲੇ ਦਾ ਸਮਾਂ ਬੰਨ੍ਹਿਆਂ ਤੇ ਸਿਖਰਾਂ ਤੱਕ ਪਹੁੰਚਾਇਆ। ਸਟੇਜ ਸੰਚਾਲਕ ਜੀਤੀ ਛੋਕਰਾਂ ਨੇ ਕਲਾਕਾਰਾਂ ਨੂੰ ਬਾਖੂਬੀ ਪੇਸ਼ ਕੀਤਾ। ਪ੍ਰਬੰਧਕਾਂ ਵਲੋਂ ਮਾਨਯੋਗ ਸਖ਼ਸ਼ੀਅਤਾਂ ਅਤੇ ਕਲਾਕਾਰਾਂ ਦਾ ਵਿਸ਼ੇਸ਼ ਸਨਮਾਨ ਕੀਤਾ। ਇਸ ਮੌਕੇ ਪ੍ਰਬੰਧਕ ਕਮੇਟੀ ਦੇ ਅਹੁਦੇਦਾਰ ਸੋਢੀ ਸਿੰਘ ਚੀਮਾ, ਪਰਗਣ ਸਿੰਘ ਸਰਪੰਚ, ਬਹਾਦਰ ਸਿੰਘ ਨੰਬਰਦਾਰ, ਅਮਰਜੀਤ ਸਿੰਘ ਰੂਪਰਾਏ, ਕੁਲਵਿੰਦਰ ਸਿੰਘ ਪੰਚ, ਧਰਮਿੰਦਰ ਸਿੰਘ ਪਿੰਦਾ, ਅਮਰੀਕ ਸਿੰਘ, ਧਰਮਿੰਦਰ ਸਿੰਘ ਗੋਗਾ ਅਤੇ ਸਤਨਾਮ ਪੰਮੀ ਆਦਿ ਪ੍ਰਬੰਧਕ ਹਾਜ਼ਰ ਸਨ।

# ਅੰਬੇਦਕਰ ਜਨਮ ਦਿਨ ਦੇ ਮੌਕੇ ਤੇ ਲਕਸ਼ੈ ਦੁਆਰਾ ਯੂ. ਪੀ. ਵਿਚ ਕਈ ਕਾਡਰ ਕੈਂਪ ਲਗਾਏ





ਅੰਬੇਦਕਰ ਜਨਮ ਦਿਨ ਦੇ ਮੌਕੇ ਤੇ ਲਕਸ਼ੈ ਦੀ ਟੀਮ ਦੁਆਰਾ ਉਤਰ ਪ੍ਰਦੇਸ਼ ਦੇ ਗਾਜੀਪੁਰ ਦੇ ਕਰੂਈ ਪਿੰਡ ਵਿਚ ਕਾਡਰ ਕੈਂਪ ਲਗਾਇਆ ਗਿਆ, ਜਿਸ ਵਿਚ ਬੱਚੇ, ਨੌਜਵਾਨ ਅਤੇ ਔਰਤਾਂ ਨੇ ਵੱਧ ਚੜ੍ਹ ਕੇ ਭਾਗ ਲਿਆ। ਇਲਾਹਾਬਾਦ ਤੋਂ ਆਏ ਲਕਸ਼ੈ ਦੇ ਕਮਾਂਡਰ ਅਰਵਿੰਦ ਕੁਮਾਰ ਨੇ ਬਾਬਾ ਸਾਹਿਬ ਡਾ. ਅੰਬੇਡਕਰ ਦੇ ਜੀਵਨ ਅਤੇ ਉਹਨਾਂ ਦੇ ਯੋਗਦਾਨ ਬਾਰੇ ਭਰਪੂਰ ਚਾਨਣਾ ਪਾਇਆ। ਜੌਨਪੁਰ ਤੋਂ ਆਈ ਅਰਚਨਾ ਰਾਣੀ ਨੇ ਬਾਬਾ ਸਾਹਿਬ ਦੁਆਰਾ ਔਰਤਾਂ ਦੇ ਕਲਿਆਣ ਲਈ ਕੀਤੇ ਕੰਮਾਂ ਤੇ ਚਾਨਣਾ ਪਾਇਆ। ਦਿੱਲੀ ਤੋਂ ਆਏ ਧਰਮਿੰਦਰ ਕੁਮਾਰ ਨੇ ਦੇਸ਼ ਭਰ ਵਿਚ ਚਲਾਈ ਜਾ ਰਹੀ ਸਮਾਜਿਕ ਕ੍ਰਾਂਤੀ ਦੀ ਚਰਚਾ ਕੀਤੀ।

# ਕਲਕੱਤਾ ਹਾਈ ਕੋਰਟ ਦੇ ਜੱਜ ਸੀ. ਐਸ. ਕਰਣਨ ਨੇ ਦੇਸ਼ ਦੇ ਮੁੱਖ ਜੱਜ ਸਮੇਤ ਸੱਤ ਜੱਜਾਂ ਨੂੰ ਦੋਸ਼ੀ ਕਰਾਰ ਦਿੱਤਾ

**ਕੋਲਕਾਤਾ–** ਕਲਕੱਤਾ ਹਾਈ ਕੋਰਟ ਦੇ ਜੱਜ ਸੀ. ਐਸ. ਕਰਣਨ ਨੇ ਭਾਰਤ ਦੇ ਮੁੱਖ ਜੱਜ ਸਮੇਤ ਸੱਤ ਜੱਜਾਂ ਨੂੰ ਦੋਸ਼ੀ ਕਰਾਰ ਦਿੱਤਾ ਹੈ। ਕਲਕੱਤਾ ਹਾਈ ਕੋਰਟ ਦੇ ਜੱਜ ਜਸਟਿਸ ਕਰਣਨ ਨੇ ਇਕ ਸਖਤ ਕਦਮ ਚੁੱਕਦੇ ਹੋਏ ਸੁਪਰੀਮ ਕੋਰ ਦੇ ਮੁੱਖ ਜੱਜ ਸਮੇਤ ਸੱਤ ਜੱਜਾਂ ਨੂੰ ਐਸ. ਸੀ.-ਐਸ. ਟੀ. ਐਕਟ ਦੇ ਤਹਿਤ ਦੋਸ਼ੀ ਕਰਾਰ ਦਿੱਤਾ ਹੈ। ਇਹ ਕਾਰਵਾਈ ਉਹਨਾਂ ਨੇ ਆਪਣੇ ਸ਼ੋਸ਼ਣ ਦਾ ਦੋਸ਼ ਲਗਾ ਕੇ ਖ਼ੁਦ ਹੀ ਸੰਭਾਲੀ ਹੈ। ਜਸਟਿਸ ਕਰਣਨ ਨੇ ਸਜ਼ਾ ਸੁਣਾਉਣ ਦੀ ਤਾਰੀਖ 28 ਅਪ੍ਰੈਲ ਮੁਕੱਰਰ ਕਰਦੇ ਹੋਏ ਸਾਰੇ ਜੱਜਾਂ ਨੂੰ ਹਾਜ਼ਰ ਹੋਣ ਦੇ ਆਦੇਸ਼ ਦਿੱਤੇ ਹਨ। ਭਾਰਤ ਦੇ ਨਿਆਂਇਕ ਇਤਿਹਾਸ ਵਿਚ ਇਹ ਪਹਿਲਾ ਮੌਕਾ ਹੈ ਜਦੋਂ ਹਾਈ ਕੋਰਟ ਦੇ ਕਿਸੇ ਜੱਜ ਨੇ ਸੁਪਰੀਮ ਕੋਰਟ ਦੇ ਮੁੱਖ ਜਸਟਿਸ ਸਮੇਤ ਸੱਤ ਜੱਜਾਂ ਨੂੰ ਦੋਸ਼ੀ ਕਰਾਰ ਦਿੱਤਾ ਹੋਵੇ।

ਜਸਟਿਸ ਕਰਣਨ ਨੇ ਸੁਪਰੀਮ ਕੋਰਟ ਦੇ ਮੁੱਖ ਜੱਜ ਜਸਟਿਸ ਜੇ. ਐਸ. ਖਹਿਰ, ਦੀਪਕ ਮਿਸ਼ਰਾ ਅਤੇ ਜੇ. ਚੇਲਮੇਸ਼ਵਰ, ਰੰਜਨ ਗੋਗੋਈ, ਮਦਨ ਬੀ. ਲੋਕੁਰ, ਪਿਨਾਕੀ ਚੰਦਰ ਘੋਸ਼ ਅਤ ਕੁਰੀਅਨ ਜੋਸਫ ਦੇ ਖਿਲਾਫ ਵੀਰਵਾਰ ਨੂੰ ਇਕ ਆਦੇਸ਼ ਪਾਸ ਕੀਤਾ ਹੈ। ਇਸ ਵਿਚ ਉਹਨਾਂ ਨੇ ਕਿਹਾ ਕਿ ਇਹਨਾਂ ਸਾਰਿਆਂ ਨੇ ਮਿਲ ਕੇ ਖੁੱਲ੍ਹੀ ਅਦਾਲਤ ਵਿਚ ਉਸਦਾ ਅਪਮਾਨ ਕੀਤਾ ਹੈ। ਇਸ ਕਰਕੇ ਇਹਨਾ ਸਾਰਿਆਂ ਨੂੰ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨਜਾਤੀ (ਅਤਿਆਚਾਰ ਰੋਕੂ) ਕਾਨੂੰਨ ਦੇ ਤਹਿਤ ਦੋਸ਼ੀ ਕਰਾਰ ਦਿੱਤਾ ਜਾਂਦਾ ਹੈ। ਇਹ ਪੂਰਾ ਮਾਮਲਾ ਉਦੋਂ ਆਰੰਭ ਹੋਇਆ ਜਦੋਂ ਜਸਟਿਨ ਕਰਣਨ ਨੇ ਕੇਂਦਰ ਸਰਕਾਰ ਨੂੰ ਪੱਤਰ ਲਿਖ ਕੇ ਦੋਸ਼ ਲਗਾਇਆ ਸੀ ਕਿ ਹਾਈ ਕੋਰਟ ਅਤੇ ਸੁਪਰੀਮ ਕੋਰਟ ਦੇ ਕਈ ਜੱਜ ਭ੍ਰਿਸ਼ਟਾਚਾਰ ਕਰਦੇ ਹਨ, ਇਸ ਕਰਕੇ ਇਹਨਾਂ ਦੇ ਖਿਲਾਫ ਲਗਾਏ ਗਏ ਦੋਸ਼ਾਂ ਦੀ ਜਾਂਚ ਕੀਤੀ ਜਾਵੇ। ਉਹਨਾਂ ਨੇ ਕੋਰਟ ਦੀ ਬਜਾਏ ਸੰਸਦ ਵਿਚ ਅਜਿਹੀ ਜਾਂਚ ਕਰਨ ਦੀ ਮੰਗ ਸਰਕਾਰ ਦੇ ਮੂਹਰੇ ਰੱਖੀ ਸੀ। ਸੁਪਰੀਮ ਕੋਰਟ ਵਿਚ ਜਸਟਿਸ ਕਰਣਨ ਦੇ ਇਹਨਾਂ ਦੋਸ਼ਾਂ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਉਹਨਾਂ ਦੇ ਖਿਲਾਫ ਮਾਣਹਾਨੀ ਦਾ ਮਾਮਲਾ ਚਲਾਉਣ ਦਾ ਫੈਸਲਾ ਕੀਤਾ ਸੀ। ਕੇਂਦਰ ਸਰਕਾਰ ਵੱਲੋਂ ਅਟਾਰਨੀ ਜਨਰਲ ਵੀ ਉਹਨਾਂ ਦੇ ਖਿਲਾਫ ਮਾਮਲਾ ਚਲਾਉਣ ਦੀ ਵਕਾਲਤ ਕਰ ਰਹੇ ਸਨ।



# ਨਵਾਂਸ਼ਹਿਰ ਵਿਖੇ ਡਾ.ਅੰਬੇਦਕਰ ਜਨਮ ਦਿਵਸ ਮੌਕੇ ਕੀਤਾ ਗਿਆ ਬੁੱਤ ਲੋਕ ਅਰਪਣ

## ਵਿਧਾਇਕ ਦਰਸ਼ਨ ਲਾਲ ਮੰਗੂਪੁਰ, ਅੰਗਦ ਸਿੰਘ, ਸਾਬਕਾ ਐਮ.ਪੀ. ਸਤਨਾਮ ਸਿੰਘ ਕੈਂਥ ਤੇ ਏ.ਡੀ.ਸੀ. ਪਰਮਜੀਤ ਸਿੰਘ ਨੇ ਕੀਤੇ ਸ਼ਰਧਾ ਸੁਮਨ ਅਰਪਿਤ



ਨਵਾਂਸ਼ਹਿਰ ਵਿਖੇ ਡੀ.ਸੀ. ਦਫ਼ਤਰ ਕੰਪਲੈਕਸ ਵਿਖੇ ਡਾ. ਭੀਮ ਰਾਓ ਅੰਬੇਦਕਰ ਦੀ ਜਨਮ ਦਿਵਸ ਮੌਕੇ ਉਨ੍ਹਾਂ ਦਾ ਆਦਮਕੱਦ ਬੁੱਤ ਲੋਕ ਅਰਪਣ ਕਰਨ ਬਾਅਦ ਵਿਧਾਇਕ ਦਰਸ਼ਨ ਲਾਲ ਮੰਗੂਪੁਰ, ਅੰਗਦ ਸਿੰਘ, ਸਾਬਕਾ ਐਮ.ਪੀ. ਸਤਨਾਮ ਸਿੰਘ ਕੈਂਥ ਤੇ ਏ.ਡੀ.ਸੀ. ਪਰਮਜੀਤ ਸਿੰਘ ਤੇ ਹੋਰ ਅਧਿਕਾਰੀ ਤੇ ਆਗੂ ਦਿਖਾਈ ਦੇ ਰਹੇ ਹਨ।

**ਨਵਾਂਸ਼ਹਿਰ, (ਰੇਸ਼ਮ ਕਰਨਾਣਵੀ)–** ਸੰਵਿਧਾਨ ਦੇ ਨਿ-ਰਮਾਤਾ, ਭਾਰਤ ਰਤਨ ਡਾ. ਭੀਮ ਰਾਓ ਅੰਬੇਦਕਾਰ ਦੀ 126 ਵੀਂ ਜਨਮ ਦਿਵਸ ਮੌਕੇ ਉਨ੍ਹਾਂ ਦੀ ਦੇਸ਼ ਅਤੇ ਸਮਾਜ ਪ੍ਰਤੀ ਦੇਣ ਨੂੰ ਨਤਮਸਤਕ ਹੁੰਦਿਆਂ, ਅੱਜ ਡੀ.ਸੀ. ਦਫ਼ਤਰ ਕੰਪਲੈਕਸ ਨਵਾਂਸ਼ਹਿਰ ਵਿਖੇ ਉਨ੍ਹਾਂ ਦੇ ਆਦਮਕੱਦ ਬੁੱਤ ਨੂੰ ਪੰਜਾਬ ਸਰਕਾਰ ਵਲੋਂ ਲੋਕ ਅਰਪਣ ਕੀਤਾ ਗਿਆ।

ਸਾਦਾ ਪਰ ਪ੍ਰਭਾਵਸ਼ਾਲੀ ਢੰਗ ਨਾਲ ਕੀਤੀ ਗਈ ਲੋਕ ਅਰਪਣ ਰਸਮ ਮੌਕੇ ਵਿਧਾਇਕ ਬਲਾਚੌਰ ਚੌ. ਦਰਸ਼ਨ ਲਾਲ ਮੰਗੂਪੁਰ, ਵਿਧਾਇਕ ਨਵਾਂਸ਼ਹਿਰ ਅੰਗਦ ਸਿੰਘ, ਸਾਬਕਾ ਐਮ.ਪੀ. ਸਤਨਾਮ ਸਿੰਘ ਕੈਂਥ ਅਤੇ ਵਧੀਕ ਡਿਪਟੀ ਕਮਿਸ਼ਨਰ ਪਰਮਜੀਤ ਸਿੰਘ ਵੱਲੋਂ ਉਨ੍ਹਾਂ ਦੇ ਬੁੱਤ ’ਤੇ ਹਾਰ ਰੱਖ ਕੇ ਸਤਿਕਾਰ ਦਾ ਪ੍ਰਗਟਾਵਾ ਕੀਤਾ ਗਿਆ। ਪ੍ਰਸ਼ਾਸ਼ਨਿਕ ਅਧਿਕਾਰੀਆਂ ਵਿੱਚ ਐਸ.ਡੀ.ਐਮ. ਬਲਾਚੌਰ ਜਗਜੀਤ ਸਿੰਘ, ਐਸ.ਡੀ.ਐਮ. ਬੰਗਾ ਜਯੋਤੀ ਬਾਲਾ ਮੱਟੂ ਅਤੇ ਸਹਾਇਕ ਕਮਿਸ਼ਨਰ (ਸ਼ਿਕਾਇਤਾਂ) ਸਰਬਜੀਤ ਕੌਰ ਵੀ ਮੌਜੂਦ ਸਨ।

ਇਸ ਮੌਕੇ ਇਨ੍ਹਾਂ ਆਗੂਆਂ ਨੇ ਡਾ. ਭੀਮ ਰਾਓ ਅੰਬੇਦਕਰ ਦੀ ਸੂਝਵਾਨਤਾ ਦਾ ਜ਼ਿਕਰ ਕਰਦਿਆਂ ਆਖਿਆ ਕਿ ਦੁਨੀਆਂ ਭਰ ਦੇ ਸੰਵਿਧਾਨਾਂ ਦੀ ਘੋਖ ਕਰਕੇ, ਦੇਸ਼ ਨੂੰ ਸਰਵੋਤਮ ਸੰਵਿਧਾਨ ਦੇਣ ਦੇ ਨਾਲ-ਨਾਲ ਹਰੇਕ ਵਰਗ ਦੇ ਹਿੱਤਾਂ ਨੂੰ ਸੁਰੱਖਿਅਤ ਕਰਨਾ, ਉਨ੍ਹਾਂ ਦੀ ਦੂਰਦਰਸ਼ਤਾ ਦਾ ਪ੍ਰਗਟਾਵਾ ਹੈ। ਆਗੂਆਂ ਨੇ ਆਖਿਆ ਕਿ ਡਾ. ਅੰਬੇਦਕਰ ਨੇ ਦਬੇ-ਕੁਚਲੇ ਤੇ ਕਮਜ਼ੋਰ ਵਰਗ ਨੂੰ ਉੱਪਰ ਚੁੱਕਣ ਵਾਸਤੇ ਜੋ ਯਤਨ ਕੀਤੇ, ਉਹ ਹੋਰ ਕੋਈ ਵੀ ਨਹੀਂ ਸੀ ਕਰ ਸਕਦਾ। ਉਨ੍ਹਾਂ ਆਖਿਆ ਕਿ ਡਾ. ਅੰਬੇਦਕਰ ਦੀ ਸਮਾਜਿਕ ਅਤੇ ਆਰਥਿਕ ਪੱਧਰ ’ਤੇ ਬਰਾਬਰੀ ਕਰਨ ਦੀ ਸੋਚ, ਸੰਤੁਲਿਤ ਸਮਾਜ ਦੀ ਸਿਰਜਣਾ ਦਾ ਸਭ ਤੋਂ ਵੱਡਾ ਉਪਰਾਲਾ ਸੀ। ਉਨ੍ਹਾਂ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਦੇ ਜਨਮ ਦਿਹਾੜੇ ਮੌਕੇ, ਸਮੁੱਚੇ ਪੰਜਾਬ ਦੇ ਡੀ.ਸੀ. ਦਫ਼ਤਰ ਕੰਪਲੈਕਸਾਂ ਵਿੱਚ ਬੁੱਤਾਂ ਦੀ ਸਥਾਪਤੀ ਨੂੰ, ਅਜਿਹੀ ਅਜ਼ੀਮ ਸਖਸ਼ੀਅਤ ਨੂੰ ਸਭ ਤੋਂ ਵੱਡੀ ਸ਼ਰਧਾਂਜਲੀ ਕਰਾਰ ਦਿੱਤਾ।

ਵਧੀਕ ਡਿਪਟੀ ਕਮਿਸ਼ਨਰ ਪਰਮਜੀਤ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸਮੂਹ ਜ਼ਿਲ੍ਹਾ ਸਦਰ ਮੁਕਾਮਾਂ ’ਤੇ ਸਥਾਪਿਤ ਕੀਤੇ ਗਏ ਸੰਵਿਧਾਨ ਨਿਰਮਾਤਾ ਡਾ. ਬੀ.ਆਰ. ਅੰਬੇਦਕਰ ਦੇ ਆਦਮਕੱਦ ਬੁੱਤਾਂ ਨੂੰ ਅੱਜ ਉਨ੍ਹਾਂ ਦੇ ਜਨਮ ਦਿਹਾੜੇ ਮੌਕੇ ਪੰਜਾਬ ਵਾਸੀਆਂ ਨੂੰ ਅਰਪਣ ਕੀਤਾ ਗਿਆ ਹੈ। ਇਸ ਮੌਕੇ ਵੱਡੀ ਗਿਣਤੀ ਵਿੱਚ ਸਰਕਾਰੀ ਅਧਿਕਾਰੀ ਤੇ ਸਥਾਨਕ ਆਗੂ ਮੌਜੂਦ ਸਨ।

# ਅੰਬੇਦਕਰ ਜਨਮ ਦਿਵਸ ਮੌਕੇ ‘ਭੀਮ’ ਐਪ ਦੀ ਵਰਤੋਂ ਪ੍ਰਤੀ ਜਾਗਰੂਕਤਾ ਹਾਸਲ ਕੀਤੀ




ਅੰਬੇਦਕਰ ਜੈਅੰਤੀ ਮੌਕੇ ਡਿਜੀਧਨ ਨੂੰ ਉਤਸ਼ਾਹਿਤ ਕਰਨ ਲਈ ਜ਼ਿਲ੍ਹਾ ਪੱਧਰ ’ਤੇ ਕੀਤੇ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਏ.ਡੀ.ਸੀ. ਪਰਮਜੀਤ ਸਿੰਘ

**ਨਵਾਂਸ਼ਹਿਰ, (ਰੇਸ਼ਮ ਕਰਨਾਣਵੀ)–** ਵਧੀਕ ਡਿਪਟੀ ਕਮਿਸ਼ਨਰ ਪਰਮਜੀਤ ਸਿੰਘ ਨੇ ਇੱਥੇ ਆਖਿਆ ਕਿ ਨਗਦੀ ਰਹਿਤ ਲੈਣ ਦੇਣ (ਡਿਜੀਧਨ) ਦੇਸ਼ ਵਿੱਚੋਂ ਕਾਲੇ ਧਨ ਨੂੰ ਖਤਮ ਕਰਨ ਵਿੱਚ ਸਭ ਤੋਂ ਵਧੇਰੇ ਕਾਰਗਰ ਸਿੱਧ ਹੋਵੇਗਾ ਅਤੇ 'ਭੀਮ’ ਐਪ ਜਿਹੇ ਅਦਾਇਗੀ ਦੇ ਨਵੇਂ ਤਰੀਕੇ, ਲੋਕਾਂ ਦੀ ਜੇਬ੍ਹ ਵਿੱਚ ਨਗਦੀ ਰੱਖਣ ਦੀ ਚਿੰਤਾ ਨੂੰ ਖਤਮ ਕਰਕੇ ਵੱਡੀ ਸਹੂਲਤ ਦੇਵੇਗੀ। ਅੱਜ ਇੱਥੇ ਸੁਵਿਧਾ ਕੇਂਦਰ ਮੀਟਿੰਗ ਹਾਲ ਵਿਖੇ ਡਾ. ਬੀ.ਆਰ. ਅੰਬੇਦਕਰ ਜਨਮ ਦਿਵਸ ਮੌਕੇ ਦੇਸ਼ ਭਰ ਦੇ 100 ਸ਼ਹਿਰਾਂ ਵਿੱਚ ਨਗਦੀ ਰਹਿਤ ਲੈਣ ਦੇਣ ਨੂੰ ਉਤਸ਼ਾਹਿਤ ਕਰਨ ਲਈ ਲਾਏ ਗਏ 100 ਡਿਜੀਧਨ ਮੇਲਿਆਂ ਦੀ ਸਫ਼ਲਤਾਪੂਰਵਕ ਸਮਾਪਤੀ ਅਤੇ ਨਗਦੀ ਰਹਿਤ ਲੈਣ ਦੇਣ ਦੇ 'ਭੀਮ’ ਐਪ ਜਿਹੇ ਬਦਲਵੇਂ ਤਰੀਕਿਆਂ ਦੀ ਜਾਗਰੂਕਤਾ ਲਈ ਕੀਤੇ ਗਏ ਜ਼ਿਲ੍ਹਾ ਪੱਧਰੀ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ।

ਵਧੀਕ ਡਿਪਟੀ ਕਮਿਸ਼ਨਰ ਨੇ ਆਖਿਆ ਕਿ ਭਾਰਤ ਸਰਕਾਰ ਵੱਲੋਂ ਅੱਜ ‘ਭੀਮ’ ਐਪ ਨੂੰ ਅਧਾਰ ਨੰਬਰਾਂ ਨਾਲ ਜੁੜੇ ਖਾਤਾਧਾਰਕਾਂ ਦੇ ਵਿਆਪਕ ਵਰਤੋਂ ਵਿੱਚ ਲਿਆਉਣ ਲਈ ਨਾਗਪੁਰ ਵਿਖੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਕੀਤੇ ਸਮਾਗਮ ਦਾ ਉਦੇਸ਼, ਆਮ ਲੋਕਾਂ ਵਿੱਚ ਡਿਜੀਟਲ ਅਦਾਇਗੀ ਦੇ ਤਰੀਕਿਆਂ ਨੂੰ ਸਰਲ ਬਣਾਉਣ ਲਈ ਕੀਤੇ ਯਤਨਾਂ ਬਾਰੇ ਜਾਗਰੂਕਤਾ ਫੈਲਾਉਣਾ ਸੀ। ਉਨ੍ਹਾਂ ਦੱਸਿਆ ਕਿ ਈ-ਪੇਮੈਂਟ ਕਰਨ ਵਾਲੇ ਤਿੰਨ ਗਾਹਕਾਂ ਨੂੰ ਕਰਮਵਾਰ 1 ਕਰੋੜ, 50 ਲੱਖ ਤੇ 25 ਲੱਖ ਦਾ ਇਨਾਮ ਦੇਣਾ, ਹੋਰਨਾਂ ਨੂੰ ਇਸ ਪਾਸੇ ਉਤਸ਼ਾਹਿਤ ਕਰਨ ਦਾ ਵੱਡਾ ਕਦਮ ਹੈ। ਸਮੁੱਚੇ ਭਾਰਤ ਵਿੱਚ 2 ਕਰੋੜ ਲੋਕ ਭੀਮ ਐਪ ਨਾਲ ਜੁੜ ਚੁੱਕੇ ਹਨ ਅਤੇ 1 ਤੋਂ 13 ਅਪਰੈਲ ਵਿਚਕਾਰ 7.15 ਲੱਖ ਵਪਾਰੀ/ਦੁਕਾਨਦਾਰ ਭੀਮ ਐਪ ਨਾਲ ਜੁੜ ਚੁੱਕੇ ਹਨ ਤਾਂ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਨੂੰ ਵੀ ਇਸ ਪਾਸੇ ਵੱਡਾ ਹੰਭਲਾ ਮਾਰਨਾ ਚਾਹੀਦਾ ਹੈ।

ਉਨ੍ਹਾਂ ਦੱਸਿਆ ਕਿ 1 ਤੋਂ 13 ਅਪਰੈਲ ਦੀ ਉਕਤ ਗਿਣਤੀ ਵਿੱਚ ਨਵਾਂਸ਼ਹਿਰ ਦੇ ਵੀ 600 ਤੋਂ ਵਧੇਰੇ ਵਪਾਰੀ/ਦੁਕਾਨਦਾਰ ਸ਼ਾਮਿਲ ਹਨ। ਇਸ ਮੌਕੇ ਬੈਂਕਾਂ ਦੇ ਪ੍ਰਤੀਨਿਧਾਂ ਤੋਂ ਇਲਾਵਾ ਚੋਣਵੇਂ ਭੀਮ ਐਪ ਦੀ ਵਰਤੋਂ ਕਰਨ ਵਾਲੇ ਦੁਕਾਨਦਾਰ ਅਤੇ ਜ਼ਿਲ੍ਹਾ ਲੀਡ ਬੈਂਕ ਮੈਨੇਜਰ ਸ੍ਰੀ ਵੀ. ਕੇ. ਸ਼ਰਮਾ ਅਤੇ ਸਹਾਇਕ ਕਮਿਸ਼ਨਰ (ਸ਼ਿਕਾਇਤਾਂ) ਸਰਬਜੀਤ ਕੌਰ ਵੀ ਮੌਜੂਦ ਸਨ।

# ਬਾਬਾ ਸਾਹਿਬ ਜੀ ਦੀ ਸੋਚ ਦਾ ਭਾਰਤ ਨਹੀਂ ਬਣਿਆ- ਸੰਧੂ

**ਮੁਕੰਦਪੁਰ (ਰੇਸ਼ਮ ਕਰਨਾਣਵੀ)–** ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਦੇ 126ਵੇਂ ਜਨਮ ਦਿਨ ਦੀਆਂ ਮੁਬਾਰਕਾਂ ਦਿੰਦੇ ਹੋਏ ਸ੍ਰੀ ਸਤਨਾਮ ਸੰਧੂ ਖਾਨਖਾਨਾ ਜਨਰਲ ਸਕੱਤਰ ਸ੍ਰੀ ਗੁਰੂ ਰਵਿਦਾਸ ਧਰਮ ਯੁੱਧ ਮੋਰਚਾ ਪੰਜਾਬ ਨੇ ਆਖਿਆ ਕਿ ਬਾਬਾ ਸਾਹਿਬ ਜੀ ਦੀ ਸਮੁੱਚੀ ਜ਼ਿੰਦਗੀ ਦੇ ਸੰਘਰਸ਼ ਅਤੇ ਭਾਰਤੀ ਸੰਵਿਧਾਨ ਨਿਰਮਾਤਾ ਵਜੋਂ ਆਪਣਾ ਸਭ ਕੁਝ ਭਾਰਤ ਵਾਸੀਆਂ ਵਾਸਤੇ ਕੁਰਬਾਨ ਕਰ ਦਿੱਤਾ ਪਰ ਬਾਅਦ ਵਿਚ ਦੇਸ਼ ਨੂੰ ਸੰਭਾਲਣ ਵਾਲੇ ਲੋਕ ਕਸਮ ਤਾਂ ਉਸ ਸੰਵਿਧਾਨ ਦੀ ਖਾਂਦੇ ਹਨ, ਪਰ ਅਮਲ ਨਹੀਂ ਕਰਦੇ, ਇਸ ਕਰਕੇ ਹੀ ਅੱਜ ਭਾਰਤ ਅੰਦਰ ਅੱਤਵਾਦੀ, ਭ੍ਰਿਸ਼ਟਾਚਾਰ, ਭੁੱਖਮਰੀ, ਅਨਪੜ੍ਹਤਾ, ਬੇਰੁਜ਼ਗਾਰੀ ਅਤੇ ਜਾਤ-ਪਾਤ ਖਤਮ ਹੋਣ ਦਾ ਨਾਂ ਨਹੀਂ ਲੈ ਰਹੀ। ਸਾਨੂੰ ਸਾਰਿਆਂ ਨੂੰ ਅੱਜ ਦੇ ਵਿਸ਼ੇਸ਼ ਮੌਕੇ ’ਤੇ ਇਹ ਪ੍ਰਣ ਕਰਨ ਦੀ ਲੋੜ ਹੈ ਅਤੇ ਪ੍ਰਣ ਕਰਨਾ ਚਾਹੀਦਾ ਹੈ ਕਿ ਬਾਬਾ ਸਾਹਿਬ ਜੀ ਦੀ ਸੋਚ ਨੂੰ ਜਨ-ਜਨ ਤੱਕ ਪਹੁੰਚਾਉਣ ਲਈ ਵਚਨਬੱਧ ਹੋਈਏ। ਸਮਤਾ, ਸਮਾਨਤਾ, ਭਾਈਚਾਰਕ ਸਾਂਝ ਮਜ਼ਬੂਤ ਕਰਨ ਵੱਲ ਵਧੀਏ। ਇਸ ਮੌਕੇ ਸ੍ਰੀ ਸੰਧੂ ਜੀ ਦੇ ਨਾਲ ਰਵਿਦਰ ਕੁਮਾਰ ਚੱਕ ਬਿਲਗਾ, ਸੰਤੋਖ ਲਾਲ ਨੰਬਰਦਾਰ, ਸੁਨੀਤਾ ਰਾਣੀ ਮੈਂਬਰ ਬਲਾਕ ਸੰਮਤੀ, ਕੁਲਵੀਰ ਤਲਵੰਡੀ, ਵਿਜੇ ਮਜਾਰੀ, ਰੋਸ਼ਨ ਲਾਲ, ਨਰਿੰਦਰ ਸਿੰਘ ਵਾਲੀਆ, ਹਰਮੇਸ਼ ਲਾਲ ਮੰਡੇਰ, ਬਹਾਦਰ ਪੰਚ ਮੁਕੰਦਪੁਰ ਅਤੇ ਰਾਜ ਕੁਮਾਰ ਆਦਿ ਨੇ ਵੀ ਵਧਾਈਆਂ ਦਿੱਤੀਆਂ।

# ਗੁਰਦੁਆਰਾ ਨਾਨਕਸਰ ਹਕੀਮਪੁਰ ਵਿਖੇ ਦਸਤਾਰ ਬੰਦੀ ਮੁਕਾਬਲੇ ਅਤੇ ਕੀਰਤਨ ਦਰਬਾਰ ਕਰਵਾਇਆ ਗਿਆ

**ਮੁਕੰਦਪੁਰ, (ਰੇਸ਼ਮ ਕਰਨਾਣਵੀ)–**ਪਿੰਡ ਹਕੀਮਪੁਰ ਵਿਖੇ ਸਥਿਤ ਇਤਿਹਾਸਕ ਗੁਰਦੁਆਰਾ ਨਾਨਕਸਰ ਸਾਹਿਬ ਦੀ ਧਰਤੀ ਨੂੰ ਤਿੰਨ ਗੁਰੂ ਸਾਹਿਬਾਨ ਗੁਰੂ ਨਾਨਕ ਦੇਵ ਜੀ, ਗੁਰੂ ਹਰਿ ਰਾਏ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ ਹੈ। ਗੁਰਦੁਆਰਾ ਸਾਹਿਬ ਵਿਖੇ ਦਸਤਾਰ ਬੰਦੀ ਮੁਕਾਬਲੇ ਅਤੇ ਕੀਰਤਨ ਦਰਬਾਰ ਕਰਵਾਇਆ ਗਿਆ। ਮੁਕੰਦਪੁਰ ਇਲਾਕੇ ਦੀ ਸਿੱਖ ਸੰਗਤ ਵਲੋਂ ਖਾਲਸਾ ਸਾਜਨਾ ਦਿਵਸ ਦੇ ਸਬੰਧ ਵਿਚ





ਸ਼ਹੀਦ ਊਧਮ ਸਿੰਘ ਸਪੋਰਟਸ ਅਤੇ ਵੈਲਫੇਅਰ ਕਲੱਬ ਹਕੀਮਪੁਰ ਦੇ ਸਹਿਯੋਗ ਨਾਲ਼ ਦਸਤਾਰ ਬੰਦੀ ਮੁਕਾਬਲੇ ਕਰਵਾਏ ਗਏ। ਇਸ ਮੁਕਾਬਲੇ ਵਿਚੋਂ ਪਹਿਲਾ ਸਥਾਨ ਅਰਸ਼ਦੀਪ ਸਿੰਘ ਮੁਕੰਦਪੁਰ, ਦੂਜਾ ਸਥਾਨ ਰਣਜੋਤ ਸਿੰਘ ਰਹਿਪਾ ਅਤੇ ਹਰਪ੍ਰੀਤ ਸਿੰਘ ਰੁੜਕੀ ਖਾਸ ਨੇ ਤੀਜਾ, ਗੈਵਨਦੀਪ ਸਿੰਘ ਲਾਲੋਮਜਾਰਾ ਨੇ ਚੌਥਾ ਅਤੇ ਤਰਨਜੀਤ ਸਿੰਘ ਲਸਾੜਾ ਨੇ ਪੰਜਵਾਂ ਸਥਾਨ ਪ੍ਰਾਪਤ ਕੀਤਾ। ਇਸ ਦਸਤਾਰ ਬੰਦੀ ਮੁਕਾਬਲੇ ਵਿਚ ਗੁਰਵਿੰਦਰ ਸਿੰਘ ਥਲਾ, ਅਤੇ ਸੰਦੀਪ ਸਿੰਘ ਥਲਾ ਨੇ ਜੱਜ ਦੀ ਭੂਮਿਕਾ ਨਿਭਾਈ। ਦਸਤਾਰ ਬੰਦੀ ਮੁਕਾਬਲੇ ਦੇ ਜੇਤੂਆਂ ਨੂੰ ਦਸਤਾਰਾਂ ਅਤੇ ਯਾਦ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇਸ ਦਿਨ ਹੀ ਸ਼ਾਮ ਨੂੰ ਕੀਰਤਨ ਦਰਬਾਰ ਕਰਵਾਇਆ ਗਿਆ ਜਿਸ ਵਿੱਚ ਬੀਬੀ ਆਸ਼ੂਪ੍ਰੀਤ ਕੌਰ, ਭਾਈ ਹਰਜੋਤ ਸਿੰਘ ਜ਼ਖ਼ਮੀ, ਭਾਈ ਹਰਦੀਪ ਸਿੰਘ ਦੁਪਾਲਪੁਰ, ਭਾਈ ਸਤਨਾਮ ਸਿੰਘ ਭਾਰਾਪੁਰ ਦੇ ਰਾਗੀ ਜਥਿਆਂ ਨੇ ਗੁਰਬਾਣੀ ਦੇ ਰਾਗਾਂ ਵਿੱਚ ਰਸਭਿੰਨਾ ਕੀਰਤਨ ਕੀਤਾ। ਇਸ ਮੌਕੇ ਬਾਬਾ ਸੁਮਿੱਤਰ ਸਿੰਘ, ਅਵਤਾਰ ਸਿੰਘ ਜਗਤਪੁਰ, ਸੁਰਿੰਦਰ ਸਿੰਘ, ਮਨਜਿੰਦਰ ਸਿੰਘ, ਤਿਲਕ ਰਾਜ ਸਿੰਘ, ਗੁਰਸ਼ਰਨ ਸਿੰਘ, ਬਲਜੀਤ ਸਿੰਘ ਕਨੇਡਾ, ਗੁਰਪ੍ਰੀਤ ਸਿੰਘ ਕਨੇਡਾ, ਮਨਧੀਰ ਸਿੰਘ, ਜਰਨੈਲ ਸਿੰਘ, ਕੁਲਤਾਰ ਸਿੰਘ, ਆਦਿ ਵੀ ਹਾਜ਼ਰ ਸਨ।

# ਭਾਰਤ ਰਤਨ ਬਾਬਾ ਸਾਹਿਬ ਡਾ: ਭੀਮ ਰਾਉ ਅੰਬੇਡਕਰ ਜੀ ਦੀ 126 ਵੀਂ ਜੈਅੰਤੀ ’ਤੇ ਦੋ ਸਮਾਗਮਾਂ ਵਿਚ ਹਾਜ਼ਰੀ ਭਰਨ ਦਾ ਸੁਭਾਗ

**ਅੱਜ ਮਹਾਨ ਚਿੰਤਕ, ਯੁੱਗ- ਪਰਵਰਤਕ, ਲੇਖਕ, ਪੱਤਰਕਾਰ, ਰਾਜਨੀਤਕ, ਸਮਾਜ ਸ਼ਾਸ਼ਤਰੀ, ਅਰਥ ਸ਼ਾਸ਼ਤਰੀ, ਨੀਤੀ ਘਾੜੇ, ਕਰਮਸ਼ੀਲ ਆਗੂ, ਨਿੱਡਰ ਜਰਨੈਲ, ਕਾਨੂੰਨਦਾਨੀ, ਸਿਖਿਆ ਸ਼ਾਸ਼ਤਰੀ, ਗਿਆਨ ਦੀ ਮੂਰਤ, ਸੰਵਿਧਾਨ ਨਿਰਮਾਤਾ, ਭਾਰਤ ਰਤਨ ਬਾਬਾ ਸਾਹਿਬ ਡਾ: ਭੀਮ ਰਾਉ ਅੰਬੇਡਕਰ ਜੀ ਦੀ 126 ਵੀਂ ਜੈਅੰਤੀ ’ਤੇ ਦੋ ਸਮਾਗਮਾਂ ਵਿਚ ਹਾਜ਼ਰੀ ਭਰਨ ਦਾ ਸੁਭਾਗ ਮਿਲਿਆ। ਇੱਕ ਸਮਾਗਮ ਡਾ: ਅੰਬੇਦਕਰ ਭਵਨ ਫਰੀਦਕੋਟ ਵਿਖੇ ਸੀ ਜੋ ਭਲਾਈ ਵਿਭਾਗ ਵਲੋਂ ਡਾ: ਅੰਬੇਦਕਰ ਮਿਸ਼ਨ ਸੁਸਾਇਟੀ ਦੇ ਸਹਿਯੋਗ ਨਾਲ ਕੀਤਾ ਗਿਆ ਸੀ। ਦੂਜਾ ਸਮਾਗਮ ਡਾ: ਭੀਮ ਰਾਓ ਅੰਬੇਦਕਰ ਜਾਗਰਿਤੀ ਮੰਚ ਜੀਰਾ ਵਲੋਂ ਆਯੋਜਿਤ ਕੀਤਾ ਹੋਇਆ ਸੀ।**

ਅੱਜ ਜਦੋਂ ਦੇਸ਼ ਅਤੇ ਸਮਾਜ ਨੂੰ ਧਾਰਮਿਕ ਕੱਟੜਵਾਦ, ਜਾਤੀਵਾਦੀ ਮਾਨਸਿਕਤਾ, ਆਰਥਿਕ ਅਤੇ ਸਮਾਜਿਕ ਸਮੱਸਿਆਵਾਂ ਨੇ ਘੇਰਿਆ ਹੋਇਆ ਹੈ; ਘੱਟ ਗਿਣਤੀਆਂ, ਦਲਿਤਾਂ, ਪਛੜੀਆਂ ਸ਼ਰੇਣੀਆਂ ਅਤੇ ਔਰਤਾਂ ’ਤੇ ਜ਼ੁਲਮ ਜ਼ਿਆਦਤੀਆਂ ਵਿਚ ਵਾਧਾ ਹੋਇਆ ਹੈ, ਬਾਬਾ ਸਾਹਿਬ ਦੀ ਵਿਚਾਰਧਾਰਾ ਨੂੰ ਖੁੱਲ ਕੇ ਪ੍ਰਚਾਰਨ ਦੀ ਲੋੜ ਹੈ। ਬਾਬਾ ਸਾਹਿਬ ਦੀ ਸਖ਼ਤ ਮਿਹਨਤ ਦੀ ਉਪਜ ਭਾਰਤੀ ਸੰਵਿਧਾਨ ਨੂੰ ਰੱਦ ਕਰਕੇ ਆਪਣੀ ਯੁਗਾਂ ਪੁਰਾਣੀ ਵਿਚਾਰਧਾਰਾ ਲਾਗੂ ਕੀਤੀ ਜਾ ਰਹੀ ਹੈ। ਧਾਰਮਿਕ ਘੱਟ ਗਿਣਤੀਆਂ ਦਾ ਵਜੂਦ ਖ਼ਤਰੇ ਵਿਚ ਹੈ ਜਿਸ ਬਾਰੇ ਬਾਬਾ ਸਾਹਿਬ ਨੇ ਬਹੁਤ ਪਹਿਲਾਂ ਇਸ਼ਾਰਾ ਕਰ ਦਿੱਤਾ ਸੀ।

ਬਾਬਾ ਸਾਹਿਬ ਦੀ ਦੂਰ ਅੰਦੇਸ਼ੀ ਦੀ ਬਦੌਲਤ ਸੰਵਿਧਾਨ ਦੀ ਸ਼ੁਰੂਆਤ ਕਿਸੇ ਦੇਵੀ- ਦਿਉਤੇ ਦੇ ਨਾਂ ਨਾਲ ਨਾ ਕਰਕੇ ਦੇਸ਼ ਦੇ ਆਪਣੇ ਲੋਕਾਂ ਦੇ ਨਾਂ ’ਤੇ ਇਹ ਕਹਿ ਕੇ ਕੀਤੀ ਗਈ ਹੈ , “ਅਸੀਂ ਭਾਰਤ ਦੇ ਲੋਕ..." ਸੰਵਿਧਾਨ ਸਭਾ ਦਾ ਮੈਂਬਰ ਹਜ਼ਰਤ ਮਹਾਲੀ ਸੰਵਿਧਾਨ ਦੀ ਸ਼ੁਰੂਆਤ "ਅਲਾਹ" ਦੇ ਨਾਮ ਨਾਲ , ਪੰਡਤ ਮਦਨ ਮੋਹਨ ਮਾਲਵੀਆ "ਉਮ ਨਮੋ ਸ਼ਿਵਿਏ " ਨਾਲ , ਐਚ ਪੀ ਕਾਮਤ "ਈਸ਼ਵਰ" ਦੇ ਨਾਮ ਨਾਲ ਕਰਨੀ ਚਾਹੁੰਦੇ ਸਨ। ਇਸ ਮਸਲੇ ਨੂੰ ਲੈ ਕੇ ਵੋਟਾਂ ਪਈਆਂ ਬਾਬਾ ਸਾਹਿਬ ਦੇ ਵਿਚਾਰ ਦੇ ਹੱਕ ਵਿਚ 68 ਅਤੇ ਵਿਰੋਧ ਵਿਚ 41 ਵੋਟਾਂ ਪਈਆਂ। ਇੰਜ ਦੇਵਤੇ ਹਾਰ ਗਏ ਅਤੇ ਭਾਰਤ ਦੇ ਲੋਕ ਜਿੱਤ ਗਏ , ਬਾਬਾ ਸਾਹਿਬ ਦੀ ਵਿਚਾਰਧਾਰਾ ਜਿੱਤ ਗਈ।

ਬਾਬਾ ਸਾਹਿਬ ਮਹਿਸੂਸ ਕਰਦੇ ਸਨ ਕਿ ਜੇਕਰ ਦਲਿਤਾਂ ਦੇ ਗਲੋਂ ਗੁਲਾਮੀ ਦੀਆਂ ਜੰਜੀਰਾਂ ਲਾਹੀਆਂ ਜਾ ਸਕਦੀਆਂ ਹਨ ਤਾਂ ਉਹ ਕੇਵਲ ਸਿਖਿਆ ਦੇ ਮਾਧਿਅਮ ਰਾਂਹੀ ਹੀ ਲਾਹੀਆਂ ਜਾ ਸਕਦੀਆ ਨੇ , ਇਸੇ ਕਰਕੇ ਉਹ ਸਿਖਿਆ ਨੂੰ ਪੂੰਜੀਵਾਦੀ ਹੱਥਾਂ ਵਿਚ ਦੇਣ ਦੇ ਸਖ਼ਤ ਵਿਰੋਧੀ ਸਨ। ਅੱਜ ਬਾਬਾ ਸਾਹਿਬ ਦੀ ਉਸ ਸੋਚ ਨੂੰ ਖਤਮ ਕਰਨ ਲਈ ਤੇ ਦਲਿਤਾਂ ਤੋਂ ਬੁੱਧੀ-ਬਲ ਖੋਹਣ ਲਈ ਸਿਖਿਆ ਨੂੰ ਨਿੱਜੀ ਹੱਥਾਂ ਵਿਚ ਦੇ ਕੇ ਇਸਦਾ ਵਪਾਰੀਕਰਨ ਕਰ ਦਿੱਤਾ ਹੈ ਤੇ ਇੰਜ ਸਮਾਜ ਦੇ ਕਮਜ਼ੋਰ ਤਬਕਿਆਂ ਤੋਂ ਸਿਖਿਆ ਦਾ ਬੁਨਿਆਦੀ ਅਧਿਕਾਰ ਇਕ ਤਰਾਂ ਖੋ ਲਿਆ ਗਿਆ ਹੈ। ਐਲੀਮੈਂਟਰੀ ਸਿਖਿਆ ਨੂੰ ਮਜ਼ਹਬੀ ਰੰਗਤ ਦੇਣ ਦੀ ਕੋਸ਼ਿਸ਼ ਹੋ ਰਹੀ ਹੈ। ਹੋਰ ਤਾ ਹੋਰ ਫੀਸਾਂ ਦੇ ਵਾਧੇ ਦਾ ਵਿਰੋਧ ਕਰਨ ਵਾਲੇ ਵਿਦਿਆਰਥੀਆਂ ਨੂੰ ਦੇਸ਼ ਧਰੋਹੀ ਗਰਦਾਨ ਕਿ ਦੇਸ਼ ਧਰੋਹ ਦੀ ਨਵੀਂ ਪਰਿਭਾਸ਼ਾ ਸਥਾਪਿਤ ਕੀਤੀ ਜਾ ਰਹੀ ਹੈ।

ਬਾਬਾ ਸਾਹਿਬ ਨੇ ਦੇਸ਼ ਦੇ ਕਰੋੜਾਂ ਲੋਕਾਂ ਦਾ ਭਵਿਖ ਭਾਰਤ ਨਾਲ ਜੋੜਨਾ ਬਿਹਤਰ ਸਮਝਿਆ ਸੀ। ਸੋਚ ਕੇ ਦੇਖੋ ਜੇ ਬਾਬਾ ਸਾਹਿਬ ਆਪਣੇ ਲੋਕਾਂ ਲਈ ਵੱਖਰੇ ਦੇਸ਼ ਦੀ ਮੰਗ ਕਰ ਲੈਂਦੇ ਜਾਂ ਕਿਸੇ ਹੋਰ ਨਾਲ ਜਾਣ ਦਾ ਫੈਸਲਾ ਲੈ ਲੈਂਦੇ, ਭਾਰਤ ਦੀ ਭੂਗੋਲਿਕ ਬਣਤਰ ਕਿਹੋ ਜਿਹੀ ਹੁੰਦੀ। 562 ਦੇਸੀ ਰਿਆਸਤਾਂ ਦਾ ਭਾਰਤ ਵਿਚ ਰਲੇਵਾਂ ਵੀ ਬਾਬਾ ਸਾਹਿਬ ਦੇ ਉਸ ਸਖ਼ਤ ਬਿਆਨ ਤੋਂ ਬਾਅਦ ਹੀ ਸੰਭਵ ਹੋ ਸਕਿਆ ਜਿਸ ਵਿਚ ਉਹਨਾਂ ਨੇ ਇਹ ਲਲਕਾਰ ਲਾਈ ਸੀ ਕਿ ਅੰਗਰੇਜਾਂ ਨੂੰ ਕੋਈ ਹੱਕ ਨਹੀਂ ਉਹ ਭਾਰਤ ਦੇ ਲੋਕਾਂ ਦੀ ਕਿਸਮਤ ਦਾ ਫੈਸਲਾ ਕਰਨ ਕਿ ਉਹਨਾਂ ਨੇ ਕਿਧਰ ਜਾਣਾ ਹੈ। ਅੱਜ ਦਾ ਵਿਸ਼ਾਲ ਭਾਰਤ ਬਾਬਾ ਸਾਹਿਬ ਦੀ ਸੋਚ ਦਾ ਨਤੀਜਾ ਹੈ। ਅੱਜ ਕੁਝ ਲੋਕ ਔਰਤਾਂ ਨੂੰ ਬਣਦੇ ਅਧਿਕਾਰ ਦੇਣ ਦੇ ਨਾਂ ਹੇਠ ਮਗਰਮੱਛ ਦੇ ਹੰਝੂ ਕੇਰਦੇ ਨੇ , ਇਹ ਉਸ ਖੇਤਰ ਦੇ ਹੀ ਲੋਕ ਨੇ ਜਿੰਨਾ ਨੇ 1951 ਵਿਚ ਬਾਬਾ ਸਾਹਿਬ ਵਲੋਂ ਪੇਸ਼ " ਹਿੰਦੂ ਕੋਡ ਬਿਲ " ਪਾਸ ਨਹੀਂ ਸੀ ਹੋਣ ਦਿੱਤਾ ਜਿਸ ਨਾਲ ਔਰਤਾਂ ਨੂੰ ਪਿਤਾK ਪਤੀ ਦੀ ਜਾਇਦਾਦ ਦੇ ਅਧਿਕਾਰ ਸਮੇਤ ਹੋਰ ਬਹੁਤ ਸਾਰੇ ਅਧਿਕਾਰ ਮਿਲਣੇ ਸਨ।

ਰਾਜਾਂ ਦੇ ਰਾਜਪਾਲਾਂ ਦੀ ਭੂਮਿਕਾ ਬਾਰੇ ਵੀ ਬਾਬਾ ਸਾਹਿਬ ਬੜੇ ਚੇਤੰਨ ਸਨ । ਉਹਨਾਂ ਨੂੰ ਪਤਾ ਸੀ ਕਿ ਰਾਜਾਂ ਦੇ ਇਹ ਰਾਜਪਾਲ ਕੇਂਦਰੀ ਸਰਕਾਰ ਦੀ ਕਠਪੁਤਲੀ ਵਜੋਂ ਕੰਮ ਕਰਕੇ ਰਾਜ ਸਰਕਾਰਾਂ ਲਈ ਮੁਸ਼ਕਲ ਖੜੀ ਕਰ ਸਕਦੇ ਹਨ। ਇਸਦੇ ਬਾਵਜੂਦ ਉਹ ਮਜ਼ਬੂਤ ਕੇਂਦਰ ਦੇ ਪੱਖ ਵਿਚ ਸਨ ਕਿਉਂਕਿ ਕੇਂਦਰ ਦਾ ਮਜ਼ਬੂਤ ਹੋਣਾ ਨਵੇਂ ਆਜ਼ਾਦ ਹੋਏ ਤੇ ਖਿੰਡਰੇ ਪੁੰਡਰੇ ਭਾਰਤ ਲਈ ਉਸ ਸਮੇ ਬੜਾ ਜਰੂਰੀ ਸੀ। ਹਾਂ, ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਬਾਬਾ ਸਾਹਿਬ ਛੋਟੇ ਰਾਜਾਂ ਦੇ ਪੱਖੀ ਸਨ ਤੇ ਉਹਨਾਂ ਬਿਹਾਰ, ਬੰਬਈ ਸਮੇਤ ਹੋਰ ਵੱਡੇ ਰਾਜਾਂ ਦੀ ਵੰਡ ਕਰਨ ’ਤੇ ਜੋਰ ਦਿੱਤਾ ਸੀ।

ਇਕ ਗੱਲ ਬਿਲਕੁਲ ਨੰਗੇ ਚਿੱਟੇ ਦਿਨ ਵਾਂਗ ਸਪਸ਼ਟ ਹੈ ਕਿ ਜੇ ਭਾਰਤ ਵਿਚ ਦਲਿਤਾਂ ਦੀ ਹਾਲਤ ਕੁਝ ਨਾ ਕੁਝ ਬਿਹਤਰ ਹੋਈ ਹੈ, ਕਰੋੜਾਂ ਦਲਿਤ ਰਾਖਵੇਂਕਰਨ ਦਾ ਆਸਰਾ ਲੈ ਕੇ ਸਵੈਮਾਣ ਭਰਪੂਰ ਜਿੰਦਗੀ ਜਿਉਣ ਦੇ ਕਾਬਲ ਬਣੇ ਨੇ ਤਾਂ ਇਹ ਇਕੱਲੇ ਬਾਬਾ ਸਾਹਿਬ ਦੇ ਨਿੱਜੀ ਯਤਨਾਂ ਨਤੀਜਾ ਹੈ। ਕੇਂਦਰੀ ਅਤੇ ਸੂਬਾਈ ਰਾਜਨੀਤੀ ਵਿਚ ਬਹੁਤ ਦਲਿਤ ਰਾਜਨੇਤਾ ਆਏ, ਚਮਕੇ, ਰਾਜਸੱਤਾ ਦਾ ਸੁੱਖ ਭੋਗਦੇ ਰਹੇ ਨੇ ਪਰ ਉਹਨਾਂ ਦੀ ਭੂਮਿਕਾ ਗੌਣ ਰਹੀ ਹੈ ਜਾਂ ਕਹਿ ਲਵੋ ਅਜਿਹੀ ਰਹੀ ਹੈ ਜਿਹੋ ਜਿਹੀ ਹਿੰਦੀ ਫਿਲਮਾਂ ਵਿਚ ਹੀਰੋ ਦੇ ਦੋਸਤ ਦੀ ਹੁੰਦੀ ਹੈ।

ਅੰਤ ਵਿਚ: ਕੁੱਝ ਇਨਕਲਾਬੀ ਦੋਸਤ ਭਾਰਤ ਦੀ ਮੌਜੂਦਾ ਵਿਵਸਥਾ ਨੂੰ ਵੇਖਦਿਆਂ ਬਾਬਾ ਸਾਹਿਬ ਦੇ ਸੰਵਿਧਾਨ ’ਤੇ ਹੀ ਸੁਆਲ ਖੜੇ ਕਰ ਦਿੰਦੇ ਹਨ। ਇਹ ਦੋਸਤ ਉਹ ਨੇ ਜੋ ਦਹਾਕਿਆਂ ਤੋਂ ਗਰੀਬ ਦਲਿਤ ਲੋਕਾਂ ਤੋਂ ਇਨ-ਕਲਾਬ ਦੇ ਨਾਅਰੇ ਮਰਵਾਉਂਦੇ ਰਹੇ ਨੇ ਪਰ ਬੇਜਮੀਨੇ ਦਲਿਤਾਂ ਨੂੰ ਸਰਪੱਲਸ ਪਈ ( ਉਸ ਸਮੇਂ) ਜ਼ਮੀਨ ਦੇ ਮਾਲਕ ਬਣਾਉਣ ਲਈ ਡੱਕਾ ਨਹੀਂ ਤੋੜਿਆ। ਇਨਕਲਾਬੀ ਦੋਸਤੋ ਭਾਰਤ ਦੀ ਜਾਤੀਵਾਦੀ ਵਿਵਸਥਾ ਨੂੰ ਸਮਝੋ ਤਾਂ ਤੁਹਾਡਾ ਐਨਕਲਾਬ ਕੁਝ ਨੇੜੇ ਹੋਜੂ। ਫੇਹਲ ਸੰਵਿਧਾਨ ਨਹੀਂ ਹੋਇਆ, ਇਸਨੂੰ ਲਾਗੂ ਕਰਨ ਵਾਲੇ ਨੇਤਾ ਹੋਏ ਨੇ ਬਿਲਕੁਲ ਉਵੇਂ ਜਿਵੇਂ ਮਾਰਕਸ ਫੇਹਲ ਨਹੀਂ ਹੋਇਆ ਸਾਡੇ ਕਾਮਰੇਡ ਹੋਏ ਨੇ। ਜੇ ਚੰਗੀ ਭਲੀ ਸੜਕ ’ਤੇ ਜਾਂਦੀ ਗੱਡੀ ਨੂੰ ਕੋਈ ਟਾਹਲੀ ਵਿਚ ਮਾਰ ਦੇਵੇ ਕਸੂਰ ਗੱਡੀ ਦਾ ਨਹੀਂ ਡਰਾਈਵਰ ਦਾ ਹੁੰਦਾ ਹੈ।

ਬਾਬਾ ਸਾਹਿਬ ਦੀ ਵਿਚਾਰਧਾਰਾ ਜਿੰਦਾਬਾਦ ਸੀ , ਜਿੰਦਾਬਾਦ ਰਹੇਗੀ।

ਬਾਬਾ ਸਾਹਿਬ ਅਮਰ ਸਨ , ਅਮਰ ਰਹਿਣਗੇ !!

**– ਗੁਰਮੀਤ ਕੜਿਆਲਵੀ**

# AAA
## AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

**We Do Complete Engine Trans-mission, Body and Paint Work We Sell Used Cars at a Good Price**



Free Estimates
Free Towing

**510- 733- 2222**

1421 Industrial PKWY West#F Hayward, CA 94544



Prop: Jasbir Singh Takhar
510-755-2132

Harmandeep Singh



# Capital Services, ਸੈਕਰਾਮੈਂਟੋ

ਟਰੱਕਾਂ ਵਾਲਿਆਂ ਲਈ ਹੁਣ IRP ਪਲੇਟਾਂ ਲੈਣੀਆਂ ਹੋਈਆਂ ਅਸਾਨ !
ਸੈਕਰਾਮੈਂਟੋ, ਕੈਲੀਫੋਰਨੀਆਂ ਤੋਂ ਲਵੋ ਤੁਰੰਤ IRP Plates

**IRP Plates for 48 States- Same day Plates**

**TRUCKING SERVICES:**

IRP PLATES
IFTA- FUEL TAX RETURNS
MC, US DOT #
CA #, MCP, EPN ENROLLMENTS
TITLE TRANSFER

Capital services

**PERSONAL CAR SERVICES:**
(Approved by CA DMV )

ਕਾਰਾਂ ਦੀ ਤੁਰੰਤ ਟ੍ਰਾਂਸਫਰ
ਕਾਰਾਂ ਦੀਆਂ ਤੁਰੰਤ ਪਲੇਟਾਂ ਤੇ ਸਟਿੱਕਰ,
ਡੁਪਲੀਕੇਟ ਟਾਈਟਲ ਤੇ ਹੋਰ

Vin Verification (Approved by CA DMV
ਕਰਵਾਉਣ ਲਈ ਲਈ ਵੀ ਸੰਪਰਕ ਕਰੋ

**INSURANCE SERVICES:**
ਕਿਸੇ ਤਰਾਂ ਦੀ ਵੀ ਇੰਸ਼ੋਰੈਂਸ ਲੈਣ ਲਈ
COVERED CALIFORNIA (ਉਬਾਮਾ ਕੇਅਰ)
*Auto *Home *Business *Truck *Life
*Medical *Special Events & others

**ਹੋਰ ਸੇਵਾਵਾਂ**

ਵੀਜਾ ਤੇ ਪਾਸਪੋਰਟ * ਫੈਮਲੀ ਪਟੀਸ਼ਨ * ਸਰੈਂਡਰ ਸਰਟੀਫਿਕੇਟ * ਓ ਸੀ ਆਈ * ਗਰੀਨ ਕਾਰਡ * ਸਿਟੀਜਨਸ਼ਿਪ * ਐਫੀਡੇਵਿਟ ਆਫ ਸਪੋਰਟ ਆਦਿ

**OTHER SERVICES:**

Live Scan / Fingerprints, Notary Public/ ਨੋਟਰੀ ਪਬਲਿਕ, Mail Box Business Cards, International Driver Lic., Translation Docs, Banners, Print, Copy, Fax etc.

For Legal Services, Once a week Attorney at your service.

ਕਿਸੇ ਵੀ ਜਾਣਕਾਰੀ ਲਈ Call (916) 427-4321

6624 Florin Road Sacramento CA 95828
Email : sacramento99@yahoo.com
Website : www.capitalservices.us



# Buying or Selling Gas Stations and Hotels All over in California

Do you want to Buy/Sell your Gas Station and Hotel Business property? Call us for a free consultation.

ਕੀ ਤੁਸੀਂ ਆਪਣਾ ਗੈਸ ਸਟੇਸ਼ਨ ਜਾਂ ਹੋਟਲ ਦੀ ਕਾਰੋਬਾਰੀ ਸੰਪਤੀ ਵੇਚਣਾ ਜਾਂ ਖਰੀਦਣਾ ਚਾਹੁੰਦੇ ਹੋ। ਅਸੀਂ ਤੁਹਾਨੂੰ ਮੁਫਤ ਮਾਹਿਰਾਂ ਦੀ ਸਲਾਹ ਅਤੇ ਹੋਟਲ ਜਾਂ ਗੈਸ ਸਟੇਸ਼ਨ ਦੀ ਕੀਮਤ ਬਾਰੇ ਜਾਣਕਾਰੀ ਦਿਆਂਗੇ।

Call us for a Free Consultation about Selling your Gas Station or Hotel and we can also Give you our Expert opinion of the Value of Your Gas Station or Hotel.










*Commercial Real estate and investment adviser*

Shell Mobil EXXON TEXACO Chevron VALERO Holiday Inn Express Hampton Inn COURTYARD

**7412 Elsie Avenue, Sacramento CA 95828**

"Honesty and Experience make the Difference"
www.buyorsellgasstationsandhotels.com



# A & S
## Auto Repair & Services

**Specializing in Brakes & Axles**

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics



9:00 AM to 6:00 PM Mon-Sat



Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

# ਵਿਰੋਧੀ ਧਿਰ ਦੀ ਉਦਾਸੀਨਤਾ ਚਿੰਤਾ ਜਨਕ



ਗੁਰਮੀਤ ਸਿੰਘ ਪਲਾਹੀ
91-98158-02070

**ਇਹ ਠੀਕ ਹੈ ਕਿ ਸਰਕਾਰ ਦੇ ਮੁਕਾਬਲੇ ਵਿਰੋਧੀ ਧਿਰ ਕੋਲ ਓਨੇ ਸਾਧਨ ਨਹੀਂ ਹੁੰਦੇ, ਪਰ ਵਿਰੋਧੀ ਧਿਰ ਦੀ ਭੂਮਿਕਾ ਤਾਂ ਤਦੇ ਸਾਰਥਿਕ ਗਿਣੀ ਜਾਇਗੀ, ਜੇਕਰ ਉਹ ਸਰਕਾਰ ਨਾਲੋਂ ਦੋਗੁਣੀ ਵੱਧ ਮਿਹਨਤ ਕਰੇ, ਤੱਥ ਇਕੱਠੇ ਕਰੇ, ਲੋਕਾਂ ਨਾਲ ਰਾਬਤਾ ਕਾਇਮ ਕਰੇ, ਜ਼ਮੀਨੀ ਹਕੀਕਤਾਂ ਨੂੰ ਸਮਝੇ। ਇਸ ਵੇਲੇ ਦੀ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ, ਮਮਤਾ ਬੈਨਰਜੀ, ਅਰਵਿੰਦ ਕੇਜਰੀਵਾਲ, ਅਖਿਲੇਸ਼ ਯਾਦਵ, ਮਾਇਆਵਤੀ, ਨਵੀਨ ਪਟਨਾਇਕ ਅਤੇ ਹੋਰ ਆਗੂ ਆਪਣੇ-ਆਪਣੇ ਕਾਰਜ ਖੇਤਰ ਵਿੱਚ ਰੁੱਝੇ ਹੋਏ ਹਨ, ਜਿਨ੍ਹਾਂ ਨੂੰ ਆਪਣਿਆਂ ਦੇ ਵਿਰੋਧ ਦਾ ਸਾਹਮਣਾ ਤਾਂ ਕਰਨਾ ਹੀ ਪੈ ਰਿਹਾ ਹੈ, ਨਾਲ ਦੀ ਨਾਲ ਉਹ ਅਤੇ ਉਨ੍ਹਾਂ ਦੀਆਂ ਪਾਰਟੀਆਂ ਦੇ ਆਗੂ ਸਰਕਾਰੀ ਦਮਨ ਦਾ ਸ਼ਿਕਾਰ ਹੋ ਰਹੇ ਹਨ।**

ਵਿਰੋਧੀ ਧਿਰ ਦੀ ਮੁੱਖ ਭੂਮਿਕਾ ਸਰਕਾਰ ਤੋਂ ਸਵਾਲ ਪੁੱਛਣਾ ਅਤੇ ਉਸ ਨੂੰ ਜਨਤਾ ਪ੍ਰਤੀ ਜਵਾਬਦੇਹ ਬਣਾਉਣਾ ਹੁੰਦਾ ਹੈ, ਤਾਂ ਕਿ ਜਨਤਾ ਨੂੰ ਇਸ ਸਿਆਸੀ ਬਹਿਸ ਦਾ ਲਾਭ ਮਿਲ ਸਕੇ, ਪਰ ਦੇਸ਼ ਵਿੱਚ ਵਿਰੋਧੀ ਧਿਰ 'ਚ ਸਿਰੇ ਦੇ ਆਪਸੀ ਮੱਤਭੇਦਾਂ ਕਾਰਨ ਉਸ ਦੀ ਦਿਸ਼ਾ ਹੀ ਕਿਧਰੇ ਗੁਆਚ ਗਈ ਜਾਪਦੀ ਹੈ। ਇਸ ਸਮੇਂ ਵਿਰੋਧੀ ਧਿਰ ਦਾ ਅਜਿਹਾ ਕੋਈ ਨੇਤਾ ਨਜ਼ਰ ਨਹੀਂ ਆਉਂਦਾ, ਜੋ ਕੇਂਦਰ ਦੀ ਮੋਦੀ ਸਰਕਾਰ ਨੂੰ ਘੇਰ ਸਕੇ, ਜੋ ਬੇਲਗਾਮ ਹੋ ਕੇ ਆਪਣੀਆਂ ਸ਼ਕਤੀਆਂ ਦਾ ਇਸ ਢੰਗ ਨਾਲ ਵਿਸਥਾਰ ਕਰ ਰਹੀ ਹੈ, ਜਿਹੋ ਜਿਹਾ ਦਹਾਕਿਆਂ ਪਹਿਲਾਂ ਤੱਕ ਨਹੀਂ ਦੇਖਿਆ ਗਿਆ। ਹੁਣੇ ਜਿਹੇ ਵਿੱਤ ਬਿੱਲ, 2017 ਵਿੱਚ ਕੀਤੀਆਂ ਸੋਧਾਂ ਨੂੰ ਇਸ ਸੰਦਰਭ ਵਿੱਚ ਵੇਖਿਆ ਜਾ ਸਕਦਾ ਹੈ। ਸੀ ਤਾਂ ਇਹ ਮਾਲੀ ਬਿੱਲ, ਪਰ 40 ਐਕਟਾਂ ਵਿੱਚ ਸੋਧਾਂ ਵੀ ਇਸ ਦੇ ਘੇਰੇ ਵਿੱਚ ਸ਼ਾਮਲ ਕਰ ਲਈਆਂ ਗਈਆਂ। ਇਹਨਾਂ ਕਨੂੰਨਾਂ ਵਿੱਚ ਕੰਪਨੀ ਐਕਟ, ਮੁਲਾਜ਼ਮਾਂ ਦਾ ਪ੍ਰਾਵੀਡੈਂਟ ਫ਼ੰਡ ਐਕਟ, ਟਰਾਈ ਐਕਟ, ਸਮਗਲਿੰਗ ਅਤੇ ਫੌਰਨ ਐਕਸਚੇਂਜ ਐਕਟ, ਇਨਫਰਮੇਸ਼ਨ ਟੈਕਨਾਲੋਜੀ ਐਕਟ, ਆਦਿ ਸ਼ਾਮਲ ਹਨ। ਛੋਟੇ ਐਕਟ ਖ਼ਤਮ ਕਰ ਕੇ ਇਨ੍ਹਾਂ ਦੀ ਗਿਣਤੀ 40 ਤੋਂ 12 ਕਰ ਦਿੱਤੀ ਗਈ ਹੈ। ਸੂਚਨਾ ਦੇ ਅਧਿਕਾਰ ਕਨੂੰਨ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ, ਤਾਂ ਕਿ ਸੂਚਨਾਵਾਂ ਤੱਕ ਪਹੁੰਚ ਨੂੰ ਜ਼ਿਆਦਾ ਮਹਿੰਗਾ ਤੇ ਮੁਸ਼ਕਲ ਬਣਾਇਆ ਜਾ ਸਕੇ। 'ਜੇਤੂ ਮੋਦੀ' ਹਰ ਚੀਜ਼ ਨੂੰ ਮੁਸ਼ਕਲ ਬਣਾਉਣ ਦੇ ਰਾਹ ਤੁਰਿਆ ਹੋਇਆ ਹੈ ਅਤੇ ਉੱਤਰ ਪ੍ਰਦੇਸ਼ 'ਚ ਚੋਣਾਂ ਜਿੱਤਣ ਤੋਂ ਬਾਅਦ ਉਸ ਦਾ ਰਵੱਈਆ ਹੋਰ ਵੀ ਤਾਨਾਸ਼ਾਹ ਹੁੰਦਾ ਦਿੱਸਦਾ ਹੈ, ਕਿਉਂਕਿ ਖੰਡਿਤ ਹੋਈ ਵਿਰੋਧੀ ਧਿਰ ਹਰ ਮੁੱਦੇ ਉੱਤੇ ਸਿਰਫ਼ ਵਿਰੋਧ, ਵਿਰੋਧ ਅਤੇ ਵਿਰੋਧ ਦੀ ਭਾਸ਼ਾ ਬੋਲਣ ਦੇ ਰਸਤੇ ਤੁਰੀ ਹੋਈ ਹੈ। ਲੋਕਾਂ ਦੇ ਮਸਲਿਆਂ ਸੰਬੰਧੀ ਉਨ੍ਹਾਂ ਨਾਲ ਸਿੱਧਾ ਸੰਪਰਕ ਸਥਾਪਤ ਕਰਨ ਲਈ ਰੈਲੀਆਂ ਅਤੇ ਜਨ-ਸਭਾਵਾਂ ਦਾ ਸਹਾਰਾ ਲੈਣ ਤੋਂ ਕੰਨੀ ਕਤਰਾ ਰਹੀ ਹੈ। ਆਖ਼ਰ ਅਜਿਹਾ ਕਿਉਂ?

ਪਿਛਲੇ ਦਿਨਾਂ 'ਚ ਹੋਈਆਂ ਲੋਕ ਸਭਾ, ਰਾਜ ਸਭਾ ਦੀਆਂ ਬੈਠਕਾਂ ਵਿੱਚ ਕਾਰਪੋਰੇਟ ਘਰਾਣਿਆਂ ਵੱਲੋਂ ਆਪਣੀ ਪਸੰਦ ਵਾਲੀਆਂ ਸਿਆਸੀ ਪਾਰਟੀਆਂ ਨੂੰ ਜ਼ਿਆਦਾ ਧਨ ਵਜੋਂ ਦਾਨ ਦੇਣ ਦੀ ਇਜਾਜ਼ਤ ਦੇਣ ਦੇ ਮੁੱਦੇ ਉੱਤੇ ਵਿਰੋਧੀ ਧਿਰ ਵੱਲੋਂ ਸਵਾਲ ਉੱਠੇ, ਪਰ ਕਈ ਅਜਿਹੇ ਮੁੱਦੇ ਹਨ, ਜਿਨ੍ਹਾਂ ਵੱਲ ਵਿਰੋਧੀ ਧਿਰ ਦਾ ਧਿਆਨ ਨਹੀਂ ਗਿਆ। ਉਦਾਹਰਣ ਦੇ ਤੌਰ 'ਤੇ ਟ੍ਰਿਬਿਊਨਲਾਂ ਜਾਂ ਸੈਮੀ ਜੁਡੀਸ਼ੀਅਲ ਅਥਾਰਟੀ ਵਾਲੇ ਅਦਾਰਿਆਂ ਤੋਂ ਆਗਿਆ ਲਏ ਬਗ਼ੈਰ ਟ੍ਰਿਬਿਊਨਲ ਮੈਂਬਰਾਂ ਦੀ ਯੋਗਤਾ, ਨਿਯੁਕਤੀ, ਕਾਰਜ ਕਾਲ, ਤਨਖ਼ਾਹ ਤੇ ਭੱਤੇ, ਅਸਤੀਫਾ ਦੇਣ, ਮੈਂਬਰੀ ਤੋਂ ਹਟਾਉਣ ਅਤੇ ਹੋਰ ਸ਼ਰਤਾਂ ਲਈ ਕਨੂੰਨ ਬਣਾਉਣ ਦੇ ਅਧਿਕਾਰਾਂ 'ਚ ਸੋਧ ਕੀਤੀ ਗਈ।

ਇਹ ਠੀਕ ਹੈ ਕਿ ਸਰਕਾਰ ਦੇ ਮੁਕਾਬਲੇ ਵਿਰੋਧੀ ਧਿਰ ਕੋਲ ਓਨੇ ਸਾਧਨ ਨਹੀਂ ਹੁੰਦੇ, ਪਰ ਵਿਰੋਧੀ ਧਿਰ ਦੀ ਭੂਮਿਕਾ ਤਾਂ ਤਦੇ ਸਾਰਥਿਕ ਗਿਣੀ ਜਾਏਗੀ, ਜੇਕਰ ਉਹ ਸਰਕਾਰ ਨਾਲੋਂ ਦੋਗੁਣੀ ਵੱਧ ਮਿਹਨਤ ਕਰੇ, ਤੱਥ ਇਕੱਠੇ ਕਰੇ, ਲੋਕਾਂ ਨਾਲ ਰਾਬਤਾ ਕਾਇਮ ਕਰੇ, ਜ਼ਮੀਨੀ ਹਕੀਕਤਾਂ ਨੂੰ ਸਮਝੇ। ਇਸ ਵੇਲੇ ਦੀ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ, ਮਮਤਾ ਬੈਨਰਜੀ, ਅਰਵਿੰਦ ਕੇਜਰੀਵਾਲ, ਅਖਿਲੇਸ਼ ਯਾਦਵ, ਮਾਇਆਵਤੀ, ਨਵੀਨ ਪਟਨਾਇਕ ਅਤੇ ਹੋਰ ਆਗੂ ਆਪਣੇ-ਆਪਣੇ ਕਾਰਜ ਖੇਤਰ ਵਿੱਚ ਰੁੱਝੇ ਹੋਏ ਹਨ, ਜਿਨ੍ਹਾਂ ਨੂੰ ਆਪਣਿਆਂ ਦੇ ਵਿਰੋਧ ਦਾ ਸਾਹਮਣਾ ਤਾਂ ਕਰਨਾ ਹੀ ਪੈ ਰਿਹਾ ਹੈ, ਨਾਲ ਦੀ ਨਾਲ ਉਹ ਅਤੇ ਉਨ੍ਹਾਂ ਦੀਆਂ ਪਾਰਟੀਆਂ ਦੇ ਆਗੂ ਸਰਕਾਰੀ ਦਮਨ ਦਾ ਸ਼ਿਕਾਰ ਹੋ ਰਹੇ ਹਨ। ਇਸੇ ਕਰ ਕੇ 13 ਵਿਰੋਧੀ ਪਾਰਟੀਆਂ ਦੇ ਇੱਕ ਵਫਦ ਨੇ ਰਾਸ਼ਟਰਪਤੀ ਨੂੰ ਸੋਨੀਆ ਗਾਂਧੀ ਦੀ ਅਗਵਾਈ 'ਚ ਮਿਲ ਕੇ ਕਿਹਾ ਕਿ ਦੇਸ਼ ਵਿੱਚ ਇਸ ਵੇਲੇ ਡਰ ਅਤੇ ਅਸੁਰੱਖਿਆ ਦਾ ਮਾਹੌਲ ਹੈ ਅਤੇ ਵਿਰੋਧ ਪ੍ਰਗਟਾਉਣ ਵਾਲਿਆਂ ਨੂੰ ਦਬਾਇਆ ਜਾ ਰਿਹਾ ਹੈ। ਇਸ ਵਫਦ ਵਿੱਚ ਖੱਬੀਆਂ ਪਾਰਟੀਆਂ, ਤ੍ਰਿਣਮੂਲ ਕਾਂਗਰਸ, ਡੀ ਐੱਮ ਕੇ, ਐੱਨ ਸੀ ਪੀ, ਜਨਤਾ ਦਲ (ਯੂ), ਆਰ ਜੇ ਡੀ, ਸਪਾ, ਬਸਪਾ ਦੇ ਨੁਮਾਇੰਦੇ ਤਾਂ ਸ਼ਾਮਲ ਸਨ, ਪਰ ਇਨ੍ਹਾਂ ਗ਼ੈਰ-ਭਾਜਪਾ, ਗ਼ੈਰ-ਐੱਨ ਡੀ ਏ ਪਾਰਟੀਆਂ ਵਿੱਚ ਇੱਕਮੁੱਠਤਾ ਨਹੀਂ। ਜੇਕਰ ਇਨ੍ਹਾਂ ਪਾਰਟੀਆਂ ਦਾ ਐੱਨ ਡੀ ਏ ਵਿਰੁੱਧ ਇਕੱਠ ਬਣ ਵੀ ਜਾਵੇ ਤਾਂ ਇਸ ਦਾ ਨੇਤਾ ਕੌਣ ਹੋਵੇਗਾ?

ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਨੂੰ ਅਨੁਭਵੀ ਨੇਤਾ ਨਹੀਂ ਮੰਨਿਆ ਜਾ ਰਿਹਾ। ਦੇਸ਼ ਦੀ ਸਭ ਤੋਂ ਪੁਰਾਣੀ ਇਸ ਪਾਰਟੀ ਕੋਲ ਸੂਝਵਾਨ ਨੇਤਾਵਾਂ ਦੀ ਕਮੀ ਨਹੀਂ ਹੈ। ਮਨਮੋਹਨ ਸਿੰਘ, ਪੀ. ਚਿਦੰਬਰਮ, ਸ਼ਸ਼ੀ ਥਰੂਰ, ਏ ਕੇ ਐਂਟਨੀ, ਸੁਸ਼ੀਲ ਕੁਮਾਰ ਸ਼ਿੰਦੇ, ਕਪਿਲ ਸਿੱਬਲ ਵਰਗੇ ਬੁੱਧੀਮਾਨ ਸਲਾਹਕਾਰਾਂ ਤੋਂ ਲੈ ਕੇ ਸਿੰਧੀਆ, ਆਰ ਪੀ ਐੱਨ ਸਿੰਘ, ਜਤਿਨ ਪ੍ਰਸ਼ਾਦ ਵਰਗੇ ਨੌਜਵਾਨ ਨੇਤਾ ਵੀ ਉਸ ਕੋਲ ਹਨ, ਪਰ ਗਾਂਧੀ ਪਰਵਾਰ ਦਾ ਦਬਦਬਾ ਪਾਰਟੀ ਦੀ ਪ੍ਰਫੁੱਲਤਾ ਦੇ ਆੜੇ ਆ ਰਿਹਾ ਹੈ। ਓਧਰ ਕੁਝ ਦਿਨ ਪਹਿਲਾਂ ਦੇਸ਼ ਦੀਆਂ 31 ਪਾਰਟੀਆਂ ਨੇ ਮੋਦੀ ਪ੍ਰਤੀ ਵਫਾਦਾਰੀ ਦਿਖਾਉਂਦਿਆਂ ਸਾਂਝੇ ਤੌਰ 'ਤੇ ਐਲਾਨ ਕੀਤਾ ਕਿ ਸਾਲ 2019 'ਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਹੀ ਲੜੀਆਂ ਜਾਣਗੀਆਂ, ਜਿਸ ਕੋਲ ਸਾਧਨਾਂ, ਧਨ, ਵਰਕਰਾਂ, ਮੀਡੀਆ ਦੀ ਹਮਾਇਤ ਦੀ ਕਮੀ ਨਹੀਂ ਹੈ।

ਇਸ ਸਮੇਂ ਦੇਸ਼ ਵਿੱਚ ਕਾਂਗਰਸ ਬਦਹਾਲ ਸਥਿਤੀ ਵਿੱਚ ਹੈ। ਦੇਸ਼ ਦੇ ਬਹੁਤੇ ਸੂਬਿਆਂ 'ਚ ਉਸ ਦਾ ਰਾਜ ਖੁੱਸਦਾ ਜਾ ਰਿਹਾ ਹੈ। ਰਾਹੁਲ ਗਾਂਧੀ ਨੂੰ ਸੋਨੀਆ ਗਾਂਧੀ ਤੋਂ ਬਾਅਦ ਸਥਾਪਤ ਕਰਨ ਦੇ ਯਤਨਾਂ ਨੂੰ ਸਫ਼ਲਤਾ ਨਹੀਂ ਮਿਲ ਰਹੀ। ਇੱਕ ਸੁੱਘੜ ਨੇਤਾ ਵਜੋਂ ਤਾਂ ਕੀ, ਇੱਕ ਸੁੱਘੜ ਚੋਣ ਪ੍ਰਚਾਰਕ ਵਜੋਂ ਵੀ ਉਹ ਆਪਣੀ ਦਿੱਖ ਨਹੀਂ ਬਣਾ ਸਕੇ। ਬਿਨਾਂ ਸ਼ੱਕ ਹਾਲੇ ਵੀ ਕਾਂਗਰਸ ਦੇਸ਼ ਦੇ ਹਰ ਰਾਜ ਵਿੱਚ ਹੈ। ਉਸ ਦੇ ਵਰਕਰਾਂ-ਨੇਤਾਵਾਂ ਦੀ ਚੋਖੀ ਗਿਣਤੀ ਹੈ, ਭਾਵੇਂ ਉਹ ਦਿਨੋ-ਦਿਨ ਨਿਰਾਸ਼ਤਾ ਕਾਰਨ ਘਟਦੀ ਜਾ ਰਹੀ ਹੈ। ਇਨ੍ਹਾਂ ਕਾਂਗਰਸੀ ਵਰਕਰਾਂ ਦੀ ਧਾਰਨਾ ਬਣ ਚੁੱਕੀ ਹੈ ਕਿ ਆਰ ਐੱਸ ਐੱਸ ਵਰਗੀਆਂ ਜਥੇਬੰਦੀਆਂ ਭਾਜਪਾ ਦੇ ਹੱਕ 'ਚ ਵੋਟਰਾਂ ਨੂੰ ਭਰਮਾਉਂਦੀਆਂ ਹਨ, ਪਰ ਕਾਂਗਰਸ ਅਤੇ ਹੋਰ ਵਿਰੋਧੀ ਦਲਾਂ ਦੇ ਨੇਤਾ ਵੱਖੋ-ਵੱਖਰੇ ਮੱਠਾਂ, ਅਖਾੜਿਆਂ, ਟਰੱਸਟਾਂ ਦੇ ਪ੍ਰਮੁੱਖਾਂ ਨੂੰ ਮਿਲਣ ਤੋਂ ਕਿਉਂ ਕਤਰਾਉਂਦੇ ਹਨ? ਇਹ ਗੱਲ ਪੂਰੇ ਯਕੀਨ ਵਾਲੀ ਹੈ ਕਿ ਇਹ ਸਾਰੇ ਮੁਖੀ ਆਰ ਐੱਸ ਐੱਸ ਦੇ ਪ੍ਰਭਾਵ 'ਚ ਨਹੀਂ ਹਨ, ਨਾ ਉਨ੍ਹਾਂ ਦੇ ਇਸ਼ਾਰਿਆਂ ਉੱਤੇ ਚੱਲਦੇ ਹਨ।

ਵਿਰੋਧੀ ਧਿਰ ਵਿੱਚ ਸ਼ਰਦ ਪਵਾਰ, ਨਿਤੀਸ਼ ਕੁਮਾਰ, ਨਵੀਨ ਪਟਨਾਇਕ ਜਿਹੇ ਨੇਤਾ ਹਨ। ਸ਼ਰਦ ਪਵਾਰ ਦੀ ਚਤੁਰਾਈ ਅਤੇ ਸੌਦੇਬਾਜ਼ੀ ਵਿੱਚ ਮੁਹਾਰਤ ਕਾਰਨ ਇਹ ਕਿਹਾ ਜਾਣ ਲੱਗ ਪਿਆ ਹੈ ਕਿ ਇਸ ਕੱਦਾਵਰ ਮਰਾਠੀ ਨੇਤਾ ਉੱਤੇ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ।

ਬਿਹਾਰ ਦੇ ਨਿਤੀਸ਼ ਕੁਮਾਰ ਦੀ ਐੱਨ ਡੀ ਏ ਦੇ ਨਾਲ ਵਧ ਰਹੀ ਨੇੜਤਾ ਕਾਰਨ ਉਨ੍ਹਾ ਨੂੰ ਮੋਦੀ-ਵਿਰੋਧੀ ਮੋਰਚੇ ਵਿੱਚ ਸ਼ਾਮਲ ਨਹੀਂ ਰੱਖਿਆ ਗਿਆ, ਭਾਵੇਂ ਬਿਹਾਰ ਵਿੱਚ ਇੱਕ ਸ਼ਕਤੀਸ਼ਾਲੀ ਫ਼ਰੰਟ ਬਣਾ ਕੇ ਨਿਤੀਸ਼-ਲਾਲੂ-ਕਾਂਗਰਸ ਅਤੇ ਹੋਰ ਪਾਰਟੀਆਂ ਨੇ ਮੋਦੀ ਨੂੰ ਕਰਾਰੀ ਹਾਰ ਦਿੱਤੀ ਸੀ। ਨਵੀਨ ਪਟਨਾਇਕ ਦੀ ਸਿਹਤ ਖ਼ਰਾਬ ਹੋਣ ਕਾਰਨ ਉਨ੍ਹਾ ਦੀ ਆਪਣੀ ਪਾਰਟੀ ਉੱਤੇ ਪਕੜ ਘਟਦੀ ਜਾ ਰਹੀ ਹੈ। ਸਮਾਜਵਾਦੀ ਪਾਰਟੀ ਦੀ ਅੰਦਰੂਨੀ ਕਲਹ-ਕਲੇਸ਼ ਨੇ ਯੂ ਪੀ ਵਿੱਚ ਆਪਣਾ ਅਕਸ ਖ਼ਰਾਬ ਕੀਤਾ ਹੈ।

ਜੇਕਰ ਇਹ ਮੰਨ ਵੀ ਲਿਆ ਜਾਵੇ ਕਿ ਲੋਕ ਸਭਾ ਵਿੱਚ ਭਾਜਪਾ-ਐੱਨ ਡੀ ਏ ਦੇ ਵੱਡੀ ਗਿਣਤੀ ਸਾਂਸਦ ਮੋਦੀ ਸ਼ਾਸਨ ਵਿਰੁੱਧ ਵਿਰੋਧੀ ਧਿਰ ਨੂੰ ਬੋਲਣ ਨਹੀਂ ਦਿੰਦੇ, ਪਰ ਵਿਰੋਧੀ ਧਿਰ ਦਾ ਜਨ-ਆਧਾਰ ਘਟ ਰਿਹਾ ਹੈ। ਦੇਸ਼ ਇਸ ਵੇਲੇ ਵੱਡੀਆਂ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ। ਮਹਿੰਗਾਈ ਵਧ ਰਹੀ ਹੈ, ਕਾਰਪੋਰੇਟ ਜਗਤ ਸਰਕਾਰ ਦੇ ਇਸ਼ਾਰੇ ਉੱਤੇ ਦੇਸ਼ 'ਚ ਆਪਣੀ ਪੈਂਠ ਵਧਾ ਰਿਹਾ ਹੈ; ਬੇਰੁਜ਼ਗਾਰੀ, ਕੁਨਬਾ-ਪਰਵਰੀ ਦਾ ਬੋਲਬਾਲਾ ਹੈ। ਇਹੋ ਜਿਹੀਆਂ ਹਾਲਤਾਂ ਵਿੱਚ ਜਨਤਾ ਦੀਆਂ ਗੱਲਾਂ, ਜ਼ਰੂਰਤਾਂ ਅਤੇ ਇੱਛਾਵਾਂ ਪ੍ਰਤੀ ਅੱਖ-ਕੰਨ ਬੰਦ ਕਰ ਕੇ ਕੀ ਵਿਰੋਧੀ ਧਿਰ ਲੰਮਾ ਸਮਾਂ ਜਿਉਂਦੀ ਰਹਿ ਸਕਦੀ ਹੈ?

ਇਹ ਠੀਕ ਹੈ ਕਿ ਭਾਜਪਾ ਨੂੰ ਵਿਰੋਧੀ ਧਿਰ ਦੀ ਫੁੱਟ ਦਾ ਲਾਭ ਹੋ ਰਿਹਾ ਹੈ। ਇਨ੍ਹਾਂ ਦਿਨਾਂ 'ਚ ਵੱਖੋ-ਵੱਖਰੇ ਰਾਜਾਂ 'ਚ ਹੋਈਆਂ ਜ਼ਿਮਨੀ ਚੋਣਾਂ 'ਚ ਭਾਜਪਾ 5 ਸੀਟਾਂ ਉੱਤੇ ਜਿੱਤ ਪ੍ਰਾਪਤ ਕਰ ਗਈ ਹੈ। ਪੱਛਮੀ ਬੰਗਾਲ ਵਿੱਚ ਅਸੰਬਲੀ ਸੀਟ ਉੱਤੇ 31 ਫ਼ੀਸਦੀ ਵੋਟਾਂ ਲੈ ਕੇ ਖੱਬੀ ਧਿਰ ਨੂੰ ਉਸ ਨੇ ਪਿਛਾਂਹ ਸੁੱਟ ਦਿੱਤਾ ਹੈ।

ਨਵੀਂ ਦਿੱਲੀ 'ਚ ਭਾਜਪਾ ਨੇ ਜਿੱਤ ਪ੍ਰਾਪਤ ਕੀਤੀ ਹੈ। ਹਿਮਾਚਲ ਪ੍ਰਦੇਸ਼ ਵਿੱਚ ਵੀ ਉਸ ਨੇ ਆਪਣੀ ਸੀਟ ਬਹਾਲ ਰੱਖੀ ਹੈ। ਇਸ ਤੋਂ ਸਪੱਸ਼ਟ ਸੰਕੇਤ ਮਿਲਦੇ ਹਨ ਕਿ ਲੋਕ ਭਾਜਪਾ ਵੱਲ ਖਿੱਚੇ ਤੁਰੇ ਜਾ ਰਹੇ ਹਨ, ਭਾਵੇਂ ਗੁੰਮਰਾਹ ਹੋ ਕੇ ਹੀ ਸਹੀ। ਕੀ ਭਾਜਪਾ ਦੇ ਹਿੰਦੂ ਰਾਸ਼ਟਰ ਸਥਾਪਤ ਕਰਨ ਦੇ ਲੁਕਵੇਂ ਏਜੰਡੇ ਨੂੰ ਲਾਗੂ ਕਰਨ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨਾ ਵਿਰੋਧੀ ਧਿਰ ਦਾ ਕੰਮ ਨਹੀਂ?

ਕੀ ਇਸ ਸੰਬੰਧੀ ਦੇਸ਼-ਵਿਆਪੀ ਅੰਦੋਲਨ ਨਹੀਂ ਵਿੱਢੇ ਜਾਣੇ ਚਾਹੀਦੇ? ਕੀ ਸਿਰਫ਼ ਖੱਬੀਆਂ ਧਿਰਾਂ ਵੱਲੋਂ ਚਲਾਈ ਜਾਗਰੂਕਤਾ ਮੁਹਿੰਮ ਨਾਲ ਭਾਜਪਾ ਦੇ ਅਕਸ, ਕਰੂਪ ਚਿਹਰੇ ਨੂੰ ਨੰਗਿਆਂ ਕੀਤਾ ਜਾ ਸਕਦਾ ਹੈ?

ਬਿਨਾਂ ਸ਼ੱਕ ਵਿਰੋਧੀ ਧਿਰ ਕੋਲ ਵੱਡੇ ਨੇਤਾ ਹਨ, ਵਿਰੋਧੀ ਧਿਰ ਦਾ ਆਧਾਰ ਵੀ ਦੇਸ਼ ਦੇ ਵੱਖੋ-ਵੱਖਰੇ ਸੂਬਿਆਂ ਵਿੱਚ ਹੈ, ਪਰ ਵਿਰੋਧੀ ਧਿਰ ਵੱਲੋਂ ਆਪਣਾ-ਆਪਣਾ ਮੈਦਾਨ ਬਚਾਉਣ ਦਾ ਸੰਘਰਸ਼, ਨੇਤਾਵਾਂ ਦਾ ਵਿਅਕਤੀਗਤ ਦਿੱਖ ਉਭਾਰਨਾ, ਮੁੱਦਿਆਂ-ਮਸਲਿਆਂ ਬਾਰੇ ਦ੍ਰਿਸ਼ਟੀ ਦੀ ਘਾਟ, ਭਵਿੱਖ ਲਈ ਵਿਰੋਧੀ ਧਿਰ ਦੇ ਸਾਂਝੇ ਰੋਡ-ਮੈਪ ਦੀ ਅਣਹੋਂਦ ਜਿਹੀਆਂ ਚੁਣੌਤੀਆਂ ਕਾਰਨ 2019 ਦੀਆਂ ਲੋਕ ਸਭਾ ਚੋਣਾਂ ਲਈ ਕੋਈ ਆਦਰਸ਼ਵਾਦੀ ਮਹਾਂ-ਗਠਬੰਧਨ ਬਣਾਉਣ 'ਚ ਵੱਡੀ ਰੁਕਾਵਟ ਹੈ।

ਦੇਸ਼ ਇਸ ਵੇਲੇ ਮਾਰੂ ਪਰਸਥਿਤੀਆਂ ਦਾ ਸਾਹਮਣਾ ਕਰ ਰਿਹਾ ਹੈ, ਜਿੱਥੇ ਸੱਚ ਨੂੰ ਦਬਾਉਣ, ਧੱਕੜ-ਧੌਂਸ ਦੀ ਸਿਆਸਤ ਭਾਰੂ ਹੋ ਰਹੀ ਹੈ। ਇਹੋ ਜਿਹੀ ਹਾਲਤ ਵਿੱਚ ਵਿਰੋਧੀ ਧਿਰ ਦੀ ਤਾਕਤ ਨੂੰ ਖੋਰਾ ਲੱਗਣਾ ਚਿੰਤਾ ਜਨਕ ਹੈ। ਦੇਸ਼ 'ਚ ਲੋਕਤੰਤਰ ਦੇ ਗੁਆਚ ਰਹੇ ਵੱਕਾਰ ਨੂੰ ਬਚਾਉਣ ਦੀ ਵੱਡੀ ਜ਼ਿੰਮੇਵਾਰੀ ਤੋਂ ਵਿਰੋਧੀ ਧਿਰ ਅੱਖਾਂ ਨਹੀਂ ਮੀਟ ਸਕਦੀ।

# ਵਿਸਾਖੀ ਮੌਕੇ ਸਨਫਰਾਂਸਿਸਕੋ, ਭਾਰਤੀ ਕੌਂਸਲਖਾਨੇ ਵਿਚ ਸ਼ਹੀਦ ਭਗਤ ਸਿੰਘ ਦੀ ਤਸਵੀਰ ਲਗਾਈ ਗਈ






**ਸਨਫਰਾਂਸਿਸਕੋ , ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**-ਵੈਸਾਖੀ ਤੇ ਖਾਲਸਾ ਸਾਜਨਾ ਦਿਵਸ ਮੌਕੇ ਭਾਰਤੀ ਕੌਂਸਲਖਾਨਾ ਸਨਫਰਾਂਸਿਸਕੋ ਵਿਚ ਹੋਏ ਸਮਾਗਮ 'ਚ ਜਲਿਆਂ ਵਾਲਾ ਬਾਗ ਦੇ ਸ਼ਹੀਦਾਂ ਨੂੰ ਯਾਦ ਕੀਤਾ ਗਿਆ। ਇਸ ਮੌਕੇ ਕੌਂਸਲੇਟ ਜਨਰਲ ਸ੍ਰੀ ਵੈਂਕਾਟੇਸ਼ਨ ਅਸ਼ੋਕ ਨੇ ਵੈਸਾਖੀ ਦੀ ਵਧਾਈ ਦਿੱਤੀ। ਉਨਾਂ ਨੇ ਕੌਂਸਲਖਾਨੇ ਵਿਚ ਲਾਈ ਸ਼ਹੀਦ ਭਗਤ ਸਿੰਘ ਦੀ ਤਸਵੀਰ ਉਪਰੋਂ ਪਰਦਾ ਹਟਾਉਣ ਦੀ ਰਸਮ ਨਿਭਾਈ। ਇਸ ਮੌਕੇ ਸੰਬੋਧਨ ਕਰਦਿਆਂ ਉਨਾਂ ਕਿਹਾ ਕਿ ਸਿੱਖ ਇਕ ਬਹੁਤ ਬਹਾਦਰ ਕੌਮ ਹੈ ਤੇ ਸਿੱਖਾਂ ਦਾ ਭਾਰਤ ਦੀ ਆਜ਼ਾਦੀ ਵਿਚ ਬਹੁਤ ਵੱਡਾ ਯੋਗਦਾਨ ਹੈ।

ਸ਼ਹੀਦ ਭਗਤ ਸਿੰਘ ਵਰਗੇ ਅਨੇਕਾਂ ਸ਼ਹੀਦਾਂ ਨੇ ਦੇਸ਼ ਦੀ ਅਜ਼ਾਦੀ ਲਈ ਆਪਾ ਵਾਰ ਦਿੱਤਾ। ਹੋਰ ਵੀ ਬੁਲਾਰਿਆਂ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਤੇ ਭਗਤ ਸਿੰਘ ਦੀ ਸੋਚ ਉਪਰ ਪਹਿਰਾ ਦੇਣ ਦੀ ਅਪੀਲ ਕੀਤੀ।

ਸਮਾਗਮ ਵਿਚ ਵੱਖ ਵੱਖ ਸੋਸਾਇਟੀਆਂ ਤੇ ਸੰਸਥਾਵਾਂ ਦੇ ਆਗੂ ਪੁੱਜੇ ਹੋਏ ਸਨ। ਇਹ ਸਾਰਾ ਪ੍ਰਬੰਧ ਵਾਈਸ ਕੌਂਸਲ ਸ੍ਰੀ ਵੈਂਕਟਰਮਨ ਦੀ ਦੇਖ ਰੇਖ ਹੇਠ ਹੋਇਆ। ਸਮਾਗਮ ਵਿਚ ਪੁੱਜੀਆਂ ਅਹਿਮ ਸਖਸ਼ੀਅਤਾਂ ਵਿਚ ਹੋਰਨਾਂ ਤੋਂ ਇਲਾਵਾ ਚਰਨ ਸਿੰਘ ਜੱਜ, ਜਗਦੇਵ ਰਾਮ ਅਟਾਰਨੀ ਐਟ ਲਾਅ, ਅਜੇਪਾਲ ਰਾਮ ਅਟਰਾਨੀ ਐਟ ਲਾਅ , ਗਲਿੰਦਰ ਗਿੱਲ , ਸੁਰਿੰਦਰ ਸਿੰਘ ਮੰਢਾਲੀ, ਦਲਵਿੰਦਰ ਸਿੰਘ ਧੂਤ, ਇੰਡੋ ਅਮਰੀਕਨ ਫੋਰਮ ਦੇ ਮੈਂਬਰ, ਹਰਜਿੰਦਰ ਧਾਮੀ, ਰੋਮੀ ਉਪਲ, ਕੈਪਟਨ ਕਰਮਜੀਤ ਸਿੰਘ, ਪਰਮਜੀਤ ਦਾਖਾ, ਸੁਰਜੀਤ ਮਾਣਕੂ, ਬੂਟਾ ਸਿੰਘ ਬਾਸੀ ਸੰਪਾਦਕ ਸਾਂਝੀ ਸੋਚ, ਗੁਰਮੀਤ ਗਾਜਿਆਣਾ, ਮਹਿੰਦਰ ਕੰਡਾ, ਸੰਜੀਵ ਕੁਮਾਰ, ਸ਼੍ਰੋਮਣੀ ਅਕਾਲੀ ਦਲ ਯੂਥ ਕੈਲੀਫੋਰਨੀਆ ਦੇ ਪ੍ਰਧਾਨ ਹਰਪ੍ਰੀਤ ਸਿੰਘ ਸਿੱਧੂ, ਜਸਬੀਰ ਪਵਾਰ ਸੈਨਹੋਜੇ ਗੁਰੂ ਘਰ, ਸੁੱਖੀ ਚਾਹਲ, ਗੁਰਵੰਤ ਸਿੰਘ ਪੰਨੂ ਪ੍ਰਧਾਨ ਓਵਰਸੀਜ ਕਾਂਗਰਸ ਤੇ ਪ੍ਰਦੀਪ ਗਣਤਰਾ ਏਅਰ ਇੰਡੀਆ ਸਟੇਸ਼ਨ ਮਾਸਟਰ ਹਾਜਰ ਸਨ। ਇਸ ਮੌਕੇ ਦੁਪਹਿਰ ਦੇ ਖਾਣੇ ਦਾ ਪ੍ਰਬੰਧ ਪੰਜਾਬ ਐਕਸਪ੍ਰੈਸ ਰੈਸਟੋਰੈਂਟ ਦੇ ਕੁਲਵਿੰਦਰ ਸਿੰਘ ਵੱਲੋਂ ਕੀਤਾ ਗਿਆ ਸੀ।

*******

Educate! Agitate! Organize!



Alma Mater
University of Mumbai
Columbia University
University of London
London School of Economics

## You are cordially Invited to

# 126th Birthday Celebration of "Bharat Ratna" Dr. B.R. Ambedkar

Founding father of Modern India
An Economist Extraordinaire,
Greatest reviver of Buddhism,
Most Inspirational leader

**Sunday April 30, 2017**
**Time: 4:00 PM - 7:00 PM**

**Venue:**
Golden Peacock Banquets, 24989 Santa Clare Street Hayward, CA 94544 (USA)

**Guest of Honor: Honorable Consul General Venkatesan Ashok ji**



Performance by
ALKA BHATNAGAR,
U.P. "RATNA AWARDEE"
and her students



BHANGRA by: Jaya Sharma
and her students

Promoters: Desh Doaba Newspaper, S. Ashok Bhaura, Faqira Mehmi, Banga Constructions, Kewal Bolina, Hans Raj Kajla, Om Parkash Balley, RAM Brothers, Kashmiri Bhatia, Shinder Paul Narabat, Dr. Harmesh Kumar, Som Nath Bhatia, Major & Gina Bhatia, Dr. Gagan Deep Mall, Ram Nath Chamber, Harmesh Bangar, Narinder Chahal, Balbir Thind, Ram Labhaya.

**RSVP;**

Ram Saroay 510-368-3983
Ram Kumar 408-406-3582
Amrik Chand 510-329-3215
Tavinder Kazla 916-300-5398
Shashi Paul 707-372-5657
Vinod Chumber 510-953-9800
Ramesh Suman 925-366-3618

**Ambedkar International Center, USA, Ambedkar Educational Aid Society, USA**
www.ambedkarinternationalcentre.org



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# Jai Bhim! Jai Bharat!!



## ਬੇਗਮਪੁਰਾ ਕਲਚਰਲ ਐਂਡ ਐਜੂਕੇਸ਼ਨ ਏਡ ਸੁਸਾਇਟੀ ਸੈਕਰਾਮੈਂਟੋ ਵੱਲੋਂ ਡਾ. ਅੰਬੇਦਕਰ ਦਾ 126ਵਾਂ ਜਨਮ ਦਿਨ 23 ਅਪ੍ਰੈਲ ਨੂੰ

ਬੇਗਮਪੁਰਾ ਕਲਚਰਲ ਐਂਡ ਐਜੂਕੇਸ਼ਨ ਏਡ ਸੁਸਾਇਟੀ ਸੈਕਰਾਮੈਂਟੋ (ਕੈਲੇਫੋਰਨੀਆ) ਵੱਲੋਂ ਬੜੇ ਹੀ ਉਤਸ਼ਾਹ ਨਾਲ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ 126ਵਾਂ ਜਨਮ ਦਿਹਾੜਾ 23 ਅਪ੍ਰੈਲ 2017, ਦਿਨ ਐਤਵਾਰ ਨੂੰ ਸ਼ਾਮੀ 5 ਵਜੇ ਤੋਂ 11 ਵਜੇ ਤੱਕ **Holiday Inn Express 9175 W. Stockton Blvd, Elk Grove, CA 95758** ਵਿਖੇ ਮਨਾਇਆ ਜਾ ਰਿਹਾ ਹੈ। ਇਸ ਮੌਕੇ ਬੁੱਧੀਜੀਵੀ ਬੁਲਾਰੇ ਬਾਬਾ ਸਾਹਿਬ ਦੇ ਜੀਵਨ ਅਤੇ ਮਿਸ਼ਨ ਪ੍ਰਤੀ ਆਪਣੇ ਵਿਚਾਰ ਪੇਸ਼ ਕਰਨਗੇ। ਆਪ ਸਭ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਅਤੇ ਪਰਿਵਾਰ ਸਮੇਤ ਪਹੁੰਚਣ ਦੀ ਕਿਰਪਾਲਤਾ ਕਰੋ ਜੀ।

For more information

Jaswant Sheemar (Secretary) (916)293-6030

Mohinder Singh Dhami (Organizer) (916)701-1170

*Trustees;*
Mohinder Singh Dhami,
Joginder Chumber,
Darshan Virk,
Karnail Virk,
Lashkar Singh Badhan,
Jaswant Sheemar,
Jaswinder Banga

*Members :*
Inderjit Padwaga,
Raj Badhan,
Manjit Paul

## Begumpura Cultural & Education Aid Society



# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

### ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



Call:

530-824-5134

### ਪੁਰਾਣੇ ਟਾਇਰਾਂ ਦੀ ਸੇਲ

### ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

### NEW & USED TIRES
### WASH, LUBE, BRAKES

Call:

650-642-0697

## 3525 Highway 99, West Corning, CA 96021

Across the Street from TA Truck Stop

# ਡਾ.ਅੰਬੇਡਕਰ ਜੀ ਦਾ ਜਨਮ ਦਿਨ ਅਤੇ ਵਿਸਾਖੀ ਦਿਹਾੜਾ ਮਨਾਇਆ














**ਯੂਬਾ ਸਿਟੀ–** ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਦੇ ਸੱਦੇ 'ਤੇ ਸਮੂਹ ਸੰਗਤਾਂ ਵੱਲੋਂ ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ ਵਿਖੇ ਸੰਵਿਧਾਨ ਦੇ ਰਚੇਤਾ, ਘੱਟ ਗਿਣਤੀਆਂ ਦੇ ਮਸੀਹਾ ਡਾ. ਭੀਮ ਰਾਓ ਅੰਬੇਡਕਰ ਜੀ ਦਾ ਜਨਮ ਦਿਨ ਬਹੁਤ ਹੀ ਉਤਸ਼ਾਹ ਅਤੇ ਜੋਸ਼ੋ-ਖਰੋਸ਼ ਨਾਲ ਮਨਾਇਆ ਗਿਆ। ਸੰਗਤਾਂ ਵਿਚ ਪੂਰਾ ਉਤਸ਼ਾਹ ਅਤੇ ਖੁਸ਼ੀ ਦਾ ਮਾਹੌਲ ਸੀ। ਨਾਲ ਹੀ ਹਰ ਸਾਲ ਦੀ ਤਰ੍ਹਾਂ ਖਾਲਸਾ ਸਾਜਨਾ (ਵਿਸਾਖੀ) ਦਿਵਸ ਵੀ ਮਨਾਇਆ ਗਿਆ। ਟੈਂਪਲ ਵਿਚ ਪੂਰੇ ਇਕ ਮੇਲੇ ਵਰਗਾ ਮਾਹੌਲ ਸੀ। ਸਭ ਤੋਂ ਪਹਿਲਾਂ ਮਹਾਂਰਿਸ਼ੀ ਵਾਲਮੀਕ ਸਭਾ ਦੇ ਬੁਲਾਰੇ ਸੰਤੋਖ ਸਿੰਘ ਗਿੱਲ ਵੱਲੋਂ ਸਮੁੱਚੇ ਸੰਸਾਰ ਦੇ ਲੋਕਾਂ ਨੂੰ ਸੰਵਿਧਾਨ ਰਚੇਤਾ ਡਾ. ਅੰਬੇਡਕਰ ਜੀ ਦੇ ਜਨਮ ਦਿਨ ਅਤੇ ਖਾਲਸਾ ਸਾਜਨਾ ਦਿਵਸ (ਵਿਸਾਖੀ) ਦੀਆਂ ਵਧਾਈਆਂ ਦਿੰਦੇ ਹੋਏ ਖਾਲਸਾ ਦਿਵਸ ਦੀ ਲੋੜ ਤੇ ਮਹੱਤਤਾ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਅਤੇ ਡਾ. ਬੀ. ਆਰ. ਅੰਬੇਡਕਰ ਜੀ ਦੇ ਜਨਮ ਦਿਨ ਨੂੰ ਸੰਬੋਧਨ ਹੁੰਦੇ ਹੋਏ ਉਹਨਾਂ ਵੱਲੋਂ ਆਪਣੇ ਜੀਵਨ ਕਾਲ ਵਿਚ ਕੀਤੇ ਗਏ ਸੰਘਰਸ਼ ਬਾਰੇ ਸੰਗਤਾਂ ਨਾਲ ਜਾਣਕਾਰੀ ਸਾਂਝੀ ਕੀਤੀ ਗਈ ਅਤੇ 85 ਫੀਸਦੀ ਲੋਕਾਂ (ਜਿਹਨਾਂ ਵਿਚ ਖਾਸ ਕਰਕੇ ਇਸਤਰੀ ਵਰਗ) ਲਈ ਕੀਤੀਆਂ ਪ੍ਰਾਪਤੀਆਂ ਵੋਟ ਦਾ ਹੱਕ, ਪੜ੍ਹਨ-ਲਿਖਣ ਤੇ ਬੋਲਣ ਦਾ ਹੱਕ ਆਦਿ ਬਾਰੇ ਬੋਲਦਿਆਂ ਉਹਨਾਂ ਸਮੂਹ ਸੰਗਤਾਂ ਨੂੰ ਸੁਚੇਤ ਰਹਿਣ ਦੀ ਚਿਤਾਵਨੀ ਵੀ ਦਿੱਤੀ ਕਿ ਹਿੰਦੂਵਾਦ/ਬ੍ਰਾਹਮਣਵਾਦ ਵਲੋਂ ਮੁੜ ਇਹ ਸਾਰੇ ਅਧਿਕਾਰ ਸਾਡੇ ਕੋਲੋਂ ਖੋਹਣ ਦੇ ਕੋਝੇ ਅਤੇ ਘਟੀਆ ਕਿਸਮ ਦੇ ਯਤਨ ਕੀਤੇ ਜਾ ਰਹੇ ਹਨ, ਸੋ ਸਾਨੂੰ ਪ੍ਰਾਪਤ ਹੱਕਾਂ ਨੂੰ ਬਰਕਰਾਰ ਰੱਖਣ ਲਈ ਇੱਕਜੁਟ ਤੇ ਸੁਚੇਤ ਹੋਣ ਦੀ ਅੱਜ ਸਖਤ ਲੋੜ ਹੈ।

ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਬੁਲਾਰੇ ਸਾਧੂ ਰਾਮ ਭੱਟੀ, ਸੋਢੀ ਰਾਮ ਨਾਹਰ, ਪ੍ਰਕਾਸ਼ ਸਿੰਘ ਗਿੱਲ, ਵਿਨੋਦ ਗਿੱਲ ਤੇ ਨੌਜਵਾਨ ਨਵਦੀਪ ਗਿੱਲ ਵੱਲੋਂ ਵੀ ਸੰਗਤਾਂ ਨਾਲ ਡਾ. ਅੰਬੇਡਕਰ ਦੇ ਜੀਵਨ ਬਾਰੇ ਬਹੁਤ ਹੀ ਵਿਚਾਰ ਸਾਂਝੇ ਕੀਤੇ ਗਏ। ਸਮਾਗਮ ਦੌਰਾਨ ਭਾਰਤ ਤੋਂ ਨਵੀਂ ਆਈ ਬੱਚੀ ਮੇਘਾ ਗਿੱਲ ਨੂੰ ਸਭਾ ਵੱਲੋਂ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ, ਜਿਹਨਾਂ ਦਾ ਪਿਛਲਾ ਪਿੰਡ ਸਮਰਾਲਾ ਜ਼ਿਲ੍ਹਾ ਲੁਧਿਆਣਾ ਹੈ। ਪ੍ਰੋਗਰਾਮ ਦੌਰਾਨ ਸਾਰਾ ਦਿਨ ਲੰਗਰ ਚਲਦੇ ਰਹੇ। ਲੰਗਰਾਂ ਦੀ ਸੇਵਾ ਸਮੂਹ ਸੌਂਧੀ ਪਰਿਵਾਰ ਵੱਲੋਂ ਕੀਤੀ ਗਈ। ਭੁਪਿੰਦਰ ਭਿੰਦਾ, ਵਿਸ਼ਾਲ ਸ਼ਰਬਤੀ, ਪਲਵਿੰਦਰ ਸਹੋਤਾ ਤੇ ਮੈਡਮ ਸੁਨੇਹ ਲਤਾ ਵੱਲੋਂ ਸ਼ਬਦ ਗਾਇਨ ਕੀਤਾ। ਅਖੀਰ ਵਿਚ ਪ੍ਰਧਾਨ ਪ੍ਰੇਮ ਸੌਂਧੀ ਵੱਲੋਂ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ ਗਿਆ। ਸਟੇਜ ਸਕੱਤਰ ਦੀ ਭੂਮਿਕਾ ਸ੍ਰੀ ਵਿਨੋਦ ਗਿੱਲ ਜੀ ਵੱਲੋਂ ਬਾਖੂਬੀ ਨਿਭਾਈ ਗਈ।

**ਰਿਪੋਰਟ– ਸੰਤੋਖ ਸਿੰਘ ਗਿੱਲ, ਯੂਬਾ ਸਿਟੀ**



## ਭਾਰਤ ਰਤਨ ਬਾਬਾ ਸਾਹਿਬ ਡਾ.ਬੀ.ਆਰ.ਅੰਬੇਦਕਰ ਜੀ ਦਾ 126ਵਾਂ ਜਨਮ ਦਿਹਾੜਾ ਭਾਰਤ ਸਰਕਾਰ ਅਤੇ ਵੱਖ ਵੱਖ ਰਾਜ ਸਰਕਾਰਾਂ ਤੇ ਹੋਰ ਸਮਾਜਿਕ-ਧਾਰਮਿਕ ਸੰਸਥਾਵਾਂ ਵੱਲੋਂ ਦੇਸ਼-ਵਿਦੇਸ਼ ਵਿਚ ਮਨਾਏ ਜਾਣ ਦੀਆਂ ਲੱਖ-ਲੱਖ ਵਧਾਈਆਂ।






*Managing Committee:* Prem Sondhi President 530-751-3887, Gurpal Singh Chairman 916-873-0311,
Balbir Singh Thaper Vice Chairman 916-607-4650, Santokh Singh Gill Vice President 530-740-3056
Avinash Sondhi, Cashier 530-301-1157, , , Vinod Gill Cashier 530-822-9587, Sohan Lal Sahota Secretary 530-674-9766

**ਸਮੂਹ ਪ੍ਰਬੰਧਕ ਕਮੇਟੀ** ਮਹਾਂਰਿਸ਼ੀ ਵਾਲਮੀਕ ਸਭਾ, ਯੂ.ਐਸ.ਏ, ਯੂਬਾ ਸਿਟੀ, ਕੈਲੀਫੋਰਨੀਆ

# ਸਟਾਕਟਨ, ਕੈਲੇਫੋਰਨੀਆ ਦੇ ਇਤਿਹਾਸਕ ਗੁਰਦੁਆਰਾ ਸਾਹਿਬ ਵੱਲੋਂ ਵਿਸਾਖੀ ਪੁਰਬ ਤੇ ਵਿਸ਼ਾਲ ਨਗਰ ਕੀਰਤਨ




















# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਕਰਵਾਏ




















**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਬੀਤੀ 14, 15, 16 ਅਪ੍ਰੈਲ ਦਿਨ ਸ਼ੁੱਕਰਵਾਰ, ਸ਼ਨਿਚਰਵਾਰ ਅਤੇ ਐਤਵਾਰ ਨੂੰ ਸ੍ਰੀ ਜਸਵੀਰ ਸਿੰਘ ਢਿੱਲੋਂ, ਬੀਬੀ ਨਰਿੰਦਰ ਕੌਰ ਢਿੱਲੋਂ, ਕਾਕਾ ਸੁਖਜੋਤ ਸਿੰਘ ਢਿੱਲੋਂ, ਬੇਟੀ ਜਸਪ੍ਰੀਤ ਕੌਰ ਵੱਲੋਂ ਵਿਸਾਖੀ ਸਮਾਗਮਾਂ ਨੂੰ ਮੁੱਖ ਰੱਖਦੇ ਹੋਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਜਾਪ ਕਰਵਾਏ ਗਏ, ਜਿਸ ਵਿਚ ਮਿਤੀ 14 ਅਪ੍ਰੈਲ ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਪ੍ਰਾਰੰਭ ਹੋਏ, ਜਿਹਨਾਂ ਦੇ ਭੋਗ 16 ਅਪ੍ਰੈਲ ਦਿਨ ਐਤਵਾਰ ਨੂੰ ਪਾਏ ਗਏ। 15 ਅਪ੍ਰੈਲ ਦਿਨ ਸ਼ਨਿਚਰਵਾਰ ਨੂੰ ਸ਼ਾਮ 5 ਵਜੇ ਸ੍ਰੀ ਨਿਸ਼ਾਨ ਸਾਹਿਬ ਜੀ ਦੇ ਬਸਤਰਾਂ ਦੀ ਸੇਵਾ ਕੀਤੀ ਗਈ।

ਐਤਵਾਰ ਭੋਗ ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਦੇ ਜਥੇ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਇਲਾਵਾ ਕਾਕਾ ਸੁਖਜੋਤ ਸਿੰਘ ਢਿੱਲੋਂ, ਬੀਬੀ ਜਸਪ੍ਰੀਤ ਕੌਰ ਢਿੱਲੋਂ ਜੀ ਦੇ ਜਥੇ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਗੁਰਦੀਪ ਸਿੰਘ ਹੀਰਾ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਉਂਦੇ ਹੋਏ ਆਪਣੀਆਂ ਕਵਿਤਾਵਾਂ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

ਪ੍ਰਬੰਧਕ ਕਮੇਟੀ ਵੱਲੋਂ ਭਾਈ ਜਸਵੀਰ ਸਿੰਘ ਢਿੱਲੋਂ, ਬੀਬੀ ਨਰਿੰਦਰ ਕੌਰ ਢਿੱਲੋਂ ਪਰਿਵਾਰ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਇਸ ਤੋਂ ਇਲਾਵਾ ਭਾਈ ਗੁਰਬਚਨ ਸਿੰਘ ਜੀ, ਜਿਹਨਾਂ ਨੇ 500 ਡਾਲਰ ਗੁਰੂ ਘਰ ਨੂੰ ਦਾਨ ਵਜੋਂ ਦਿੱਤੇ, ਜੀ ਨੂੰ ਵੀ ਸਿਰੋਪਾਓ ਬਖਸ਼ਿਸ਼ ਕੀਤੇ ਗਏ।

ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਗਏ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

------

## 'ਸਤਿਗੁਰੂ ਧੰਨਾ ਜਾਟ' ਜੀ ਦੇ 602ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ

# 'ਜੋ ਜਨ ਤੁਮਰੀ ਭਗਤਿ ਕਰੰਤੇ, ਤਿਨ ਕੇ ਕਾਰਜ ਸਵਾਰਤਾ'



ਪ੍ਰੋ: ਐਚ.ਐਲ.ਕਪੂਰ
001- 916- 587-4002

ਸਤਿਗੁਰੂ ਧੰਨਾ ਜੀ ਦਾ ਜਨਮ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਤੋਂ 53 ਸਾਲ ਪਹਿਲਾਂ 20 ਅਪ੍ਰੈਲ 1415 ਈਸਵੀ ਨੂੰ ਪਿੰਡ ਧੂਆਂ ਕਲਾਂ (ਧੁਆਨ ਕਲਾਂ), ਨੇੜੇ ਡਿਓਲੀ ਸ਼ਹਿਰ, ਜ਼ਿਲ੍ਹਾ ਟੌਂਕ, ਰਾਜਸਥਾਨ ਵਿਖੇ ਹੋਇਆ। ਉਨ੍ਹਾਂ ਦੇ ਪਿਤਾ ਜੀ ਦਾ ਨਾਂ ਭਾਈ ਪੰਨਾ ਜੀ ਤੇ ਮਾਤਾ ਜੀ ਦਾ ਨਾਂ ਮਾਈ ਰੀਵਾ ਜੀ ਸੀ। ਇੱਥੇ ਡਾ. ਪੀਮਾ ਰਾਮ ਜੀ ਜਨਮ ਸਥਾਨ, ਮਿਤੀ ਤੇ ਸੰਨ ਨਾਲ ਤਾਂ ਪੂਰੀ ਤਰ੍ਹਾਂ ਸਹਿਮਤ ਹਨ ਪਰ ਮਾਤਾ-ਪਿਤਾ ਦੇ ਨਾਮ ਨਾਲ ਸਹਿਮਤ ਨਹੀਂ ਹਨ, ਉਹ ਸਤਿਗੁਰੂ ਧੰਨਾ ਜੀ ਦੇ ਪਿਤਾ ਦਾ ਨਾਮ ਸ੍ਰੀ ਰਾਮੇਸ਼ਵਰ ਹਰਚਤਵਾਲ (ਗੋਤਰ ਹਰਚਤਵਾਲ), ਹਿੰਦੂ ਜਾਟ ਤੇ ਮਾਤਾ ਜੀ ਦਾ ਨਾਮ ਗੰਗਾਵਾਈ ਜਿਨ੍ਹਾਂ ਦਾ ਗੋਤਰ ਗੜਵਾਲ ਸੀ, ਦੱਸਦੇ ਹਨ।

ਕਈ ਵਿਦਵਾਨ ਸਤਿਗੁਰੂ ਧੰਨਾ ਜੀ ਦੇ ਜਨਮ ਸਥਾਨ ਬਾਰੇ ਆਪਣੀ ਅਲੱਗ ਰਾਏ ਰੱਖਦੇ ਹਨ। ਉਹ ਕਹਿੰਦੇ ਹਨ ਕਿ ਉਹਨਾਂ ਦਾ ਜਨਮ ਜਾਟ ਹਿੰਦੂ ਪਰਿਵਾਰ 'ਚ, ਜਿਨ੍ਹਾਂ ਦਾ ਗੋਤਰ ਧਾਲੀਵਾਲ ਸੀ ਤੇ ਪਿੰਡ ਚੋਹਰੂ, ਜ਼ਿਲ੍ਹਾ ਟੌਂਕ, ਰਾਜਸਥਾਨ 'ਚ ਹੋਇਆ। ਇੱਥੇ ਇਕ ਮੱਤ ਹੋਰ ਵੀ ਹੈ ਕਿ ਸਤਿਗੁਰੂ ਧੰਨਾ ਜੀ ਦਾ ਜਨਮ ਪਿੰਡ ਚੋਹਰੂ, ਤਸੀਲ ਫਾਗੂ, ਜ਼ਿਲ੍ਹਾ ਜੈਪੁਰ, ਰਾਜਸਥਾਨ ਵਿਖੇ ਬਦੀ 3 ਵਿਸਾਖ ਸੰਮਤ 1472 ਨੂੰ ਸ੍ਰੀ ਰਾਮੇਸ਼ਵਰ ਜਾਟ ਗੋਤਰ ਹਰਚਤਵਾਲ ਸੀ ਤੇ ਮਾਤਾ ਜੀ ਗੰਗਾਵਾਈ ਜੀ ਦੇ ਘਰ ਹੋਇਆ।

ਸਤਿਗੁਰੂ ਧੰਨਾ ਜੀ ਦਾ ਵਿਆਹ ਕੈਰੋਂ ਗੋਤਰ ਵਿਚ ਹੋਇਆ। ਉਹ ਅਜੇ ਬਚਪਨ ਵਿਚ ਹੀ ਸਨ, ਜਦੋਂ ਉਨ੍ਹਾਂ ਦੇ ਪਿਤਾ ਅਭੈਨਗਰ, ਜਿਸਨੂੰ ਅੱਜਕਲ੍ਹ ਧੂਆਂ ਕਲਾਂ (ਧੁਆਨ ਕਲਾਂ) ਕਹਿੰਦੇ ਹਨ, ਜੋ ਡਿਓਲੀ ਸ਼ਹਿਰ ਦੇ ਨੇੜੇ ਹੈ ਤੇ ਜ਼ਿਲ੍ਹਾ ਟੌਂਕ, ਰਾਜਸਥਾਨ ਹੈ, ਵਿਖੇ ਆਣ ਵੱਸੇ ਸਨ। ਸਤਿਗੁਰੂ ਧੰਨਾ ਜੀ ਆਪਣੇ ਮਾਤਾ-ਪਿਤਾ ਦੇ ਇਕਲੌਤੇ ਪੁੱਤਰ ਸਨ।

ਉਨ੍ਹਾਂ ਦਾ ਜਨਮ ਇਕ ਹਿੰਦੂ ਜਾਟ ਪਰਿਵਾਰ ਵਿਚ ਹੋਇਆ ਜੋ ਕਿਸਾਨੀ ਦਾ ਧੰਦਾ ਕਰਦੇ ਸਨ ਤੇ ਬਹੁਤ ਹੀ ਗਰੀਬ ਸਨ। ਸਤਿਗੁਰੂ ਧੰਨਾ ਜੀ ਨੂੰ ਗਰੀਬੀ ਕਾਰਨ ਕਿਸੇ ਵੀ ਸਕੂਲ ਵਿਚ ਪੜ੍ਹਨ ਜਾਣ ਦਾ ਮੌਕਾ ਨਹੀਂ ਮਿਲਿਆ। ਉਹ ਬਿਲਕੁਲ ਅਨਪੜ੍ਹ ਸਨ। ਉਹ ਬਚਪਨ ਵਿਚ ਆਪਣੇ ਪਿਤਾ ਜੀ ਨਾਲ ਖੇਤੀ ਦਾ ਧੰਦਾ ਕਰਵਾਉਂਦੇ ਸਨ ਤੇ ਅਕਸਰ ਗਊਆਂ ਆਦਿ ਨੂੰ ਵੀ ਖੇਤਾਂ 'ਚ ਰੋਜ਼ ਚਾਰਾ ਚਰਨ ਲਈ ਲੈ ਜਾਇਆ ਕਰਦੇ ਸਨ। ਇਸ ਪਰਿਵਾਰ ਨੇ ਆਪਣਾ ਜੀਵਨ ਨਿਰਬਾਹ ਖੇਤੀਬਾੜੀ ਕਰਕੇ ਕੀਤਾ। ਬਚਪਨ ਤੋਂ ਹੀ ਉਹ ਬਹੁਤ ਸਾਦਗੀ ਪਸੰਦ ਸਨ ਤੇ ਬੜੇ ਅਗਾਂਹ ਵਧੂ ਖਿਆਲਾਂ ਦੇ ਸਨ। ਬਚਪਨ ਤੋਂ ਹੀ ਉਹਨਾਂ ਦੀ ਸੰਗਤ ਸਾਧੂ-ਸੰਤਾਂ ਨਾਲ ਤੇ ਉਹਨਾਂ ਤੋਂ ਉਹ ਪ੍ਰਮਾਤਮਾ ਬਾਰੇ ਗਿਆਨ ਹਾਸਲ ਕਰਨ ਦੀ ਇੱਛਾ ਰੱਖਦੇ ਸਨ।

ਘਰੋਂ ਅਕਸਰ ਉਹ ਆਪਣੇ ਖੇਤਾਂ ਵਿਚ ਕੰਮ ਕਰਨ ਲਈ ਰੋਜ਼ ਜਾਂਦੇ ਸਨ। ਰਸਤੇ ਵਿਚ ਇਕ ਠਾਕਰ ਦੁਆਰਾ ਸੀ। ਇਸ ਠਾਕਰ ਦੁਆਰੇ ਵਿਚ ਬਹੁਤ ਸਾਰੀਆਂ ਮੂਰਤੀਆਂ ਰੱਖੀਆਂ ਹੋਈਆਂ ਸਨ। ਇਹ ਠਾਕਰ ਦੁਆਰਾ ਇਕ ਕੱਚੇ ਤਲਾਬ ਦੇ ਕਿਨਾਰੇ ਸੀ। ਧੰਨਾ ਜੀ ਪੰਡਿਤ ਨੂੰ ਠਾਕਰਾਂ ਦੀ ਪੂਜਾ ਕਰਦੇ, ਇਸ਼ਨਾਨ ਕਰਾਉਂਦੇ ਤੇ ਘੰਟੀਆਂ ਖੜਕਾਉਂਦੇ ਰੋਜ਼ ਦੇਖਦਾ ਸੀ। ਉਥੇ ਲੋਕ ਵੀ ਰੋਜ਼ ਉਨ੍ਹਾਂ ਮੂਰਤੀਆਂ ਨੂੰ ਮੱਥਾ ਟੇਕਦੇ, ਪੂਜਾ ਕਰਦੇ ਤੇ ਭੇਟਾ ਚੜ੍ਹਾਉਂਦੇ ਸਨ। ਧੰਨਾ ਜੀ ਰੋਜ਼ ਕਾਫ਼ੀ ਦਿਨਾਂ ਤੱਕ ਇਸ ਤਰ੍ਹਾਂ ਠਾਕਰ ਦੁਆਰੇ ਜਾਂਦੇ ਤੇ ਸਭ ਕੁਝ ਦੇਖਦੇ ਰਹੇ ਪਰ ਅਨਪੜ੍ਹ ਤੇ ਗਿਆਨ ਘੱਟ ਹੋਣ ਕਾਰਨ ਉਹ ਕੁਝ ਸਮਝ ਨਾ ਸਕੇ ਕਿ ਇਹ ਲੋਕ ਤੇ ਪੰਡਿਤ ਇਸ ਤਰ੍ਹਾਂ ਕਿਉਂ ਕਰਦੇ ਹਨ। ਇਕ ਦਿਨ ਧੰਨਾ ਜੀ ਨੇ ਪੰਡਿਤ ਨੂੰ ਪੁੱਛ ਹੀ ਲਿਆ ਕਿ ਤੁਸੀਂ ਮੂਰਤੀਆਂ ਦੇ ਅੱਗੇ ਬੈਠ ਕੇ ਕੀ ਕਰਦੇ ਹੋ? ਪੰਡਿਤ ਨੇ ਕਿਹਾ, "ਮੈਂ ਠਾਕਰਾਂ ਦੀ ਸੇਵਾ ਕਰਦਾ ਹਾਂ। ਇਸ ਨਾਲ ਮੇਰੀਆਂ ਮਨੋਕਾਮਨਾਵਾਂ ਪੂਰੀਆਂ ਹੁੰਦੀਆਂ ਹਨ।" ਧੰਨਾ ਜੀ ਨੇ ਪੰਡਿਤ ਤੋਂ ਠਾਕਰ ਮੰਗ ਲਿਆ ਕਿ ਇਕ ਠਾਕਰ ਮੈਨੂੰ ਦੇ ਦਿਓ। ਪੰਡਿਤ ਨੇ ਧੰਨਾ ਜੀ ਤੋਂ ਪਿੱਛਾ ਛੁਡਵਾਉਣ ਲਈ ਇਕ ਪੱਥਰ ਕੱਪੜੇ ਵਿਚ ਲਪੇਟ ਕੇ ਉਨ੍ਹਾਂ ਨੂੰ ਦੇ ਦਿੱਤਾ।

ਧੰਨਾ ਜੀ ਨੇ ਘਰ ਜਾ ਕੇ ਪੱਥਰ ਨੂੰ ਠਾਕਰ ਸਮਝ ਕੇ ਇਸ਼ਨਾਨ ਕਰਵਾਇਆ, ਭੋਗ ਲਗਾਉਣ ਲਈ ਕਹਿਣ ਲੱਗੇ। ਉਸ ਦੀਆਂ ਮਿੰਨਤਾਂ ਕਰਨ ਲੱਗੇ। ਧੰਨਾ ਜੀ ਨੇ ਕਸਮ ਖਾਧੀ ਕਿ ਠਾਕਰ ਜੀ ਅਗਰ ਤੁਸੀਂ ਨਹੀਂ ਖਾਓਗੇ ਤਾਂ ਮੈਂ ਵੀ ਕੁਝ ਨਹੀਂ ਖਾਵਾਂਗਾ ਤੇ ਭੁੱਖਾ ਹੀ ਰਹਾਂਗਾ। ਧੰਨਾ ਜੀ ਦਾ ਇਹ ਪ੍ਰਣ ਦੇਖ ਕੇ ਪ੍ਰਭੂ ਪ੍ਰਗਟ ਹੋਏ ਤੇ ਰੋਟੀ ਖਾਧੀ ਤੇ ਲੱਸੀ ਵੀ ਪੀਤੀ। ਇਸ ਤਰ੍ਹਾਂ ਧੰਨਾ ਜੀ ਨੇ ਆਪਣੇ ਭੋਲੇ ਮਨ ਨਾਲ ਪੂਜਾ ਕੀਤੀ ਤੇ ਸਾਫ ਮਨ ਨਾਲ ਪੱਥਰ 'ਚੋਂ ਵੀ ਭਗਵਾਨ ਨੂੰ ਪ੍ਰਾਪਤ ਕਰ ਲਿਆ।

ਜਦੋਂ ਧੰਨਾ ਜੀ ਦੀ ਪ੍ਰਭੂ ਨਾਲ ਲਗਨ ਲੱਗੀ ਤਾਂ ਉਸਦੇ ਮਾਤਾ-ਪਿਤਾ ਬੁੱਢੇ ਹੋ ਚੁੱਕੇ ਸੀ ਤੇ ਉਹ ਘਰ ਵਿਚ ਉਨ੍ਹਾਂ ਦਾ ਇਕੱਲਾ ਪੁੱਤਰ ਸੀ। ਉਨ੍ਹਾਂ ਨੂੰ ਖਿਆਲ ਆਇਆ ਅਗਰ ਇਸ ਤਰ੍ਹਾਂ ਕਰਨ ਨਾਲ ਸਭ ਕੁਝ ਪ੍ਰਾਪਤ ਕੀਤਾ ਜਾ ਸਕਦਾ ਹੈ ਤਾਂ ਉਹ ਜ਼ਰੂਰ ਕਰੇਗਾ। ਇਸ ਨਾਲ ਉਸ ਦੀ ਘਰ ਦੀ ਗਰੀਬੀ ਚਲੀ ਜਾਏਗੀ ਤੇ ਸੁੱਖ ਦਾ ਸਾਹ ਆਵੇਗਾ। ਇਹੋ ਸੋਚ ਕੇ ਹੀ ਉਹ ਪੰਡਿਤ ਪਾਸ ਗਏ ਸੀ। ਪੰਡਿਤ ਨੇ ਪਹਿਲਾਂ ਠਾਕਰ ਦੇਣ ਤੋਂ ਇਨਕਾਰ ਕਰ ਦਿੱਤਾ ਕਿ ਜਾਟ ਇਤਨਾ ਬੁੱਧੀਮਾਨ ਨਹੀਂ ਹੈ ਜੋ ਠਾਕੁਰ ਦੀ ਪੂਜਾ ਕਰ ਸਕੇ। ਦੂਸਰਾ ਤੁਸੀਂ ਅਨਪੜ੍ਹ ਹੋ। ਤੀਸਰੀ ਗੱਲ ਇਹ ਹੈ ਕਿ ਠਾਕੁਰ ਜੀ ਮੰਦਿਰ ਤੋਂ ਬਿਨਾਂ ਨਹੀਂ ਰਹਿ ਸਕਦੇ ਤੇ ਨਾ ਹੀ ਪ੍ਰਸੰਨ ਹੁੰਦੇ ਹਨ। ਇਸ ਲਈ ਤੁਸੀਂ ਜਿੱਦ ਨਾ ਕਰੋ ਔਰ ਜਾਓ ਖੇਤਾਂ ਦੀ ਸੰਭਾਲ ਕਰੋ ਤੇ ਖੇਤੀ ਵਿਚ ਆਪਣਾ ਮਨ ਲਗਾਓ। ਬ੍ਰਾਹਮਣ ਦਾ ਕੰਮ ਹੈ ਪੂਜਾ ਪਾਠ ਕਰਨਾ ਅਤੇ ਜਾਟ ਦਾ ਕੰਮ ਹੈ ਅਨਾਜ ਪੈਦਾ ਕਰਨਾ।

ਪ੍ਰੰਤੂ ਧੰਨਾ ਜੀ ਟੱਸ ਤੋਂ ਮੱਸ ਨਾ ਹੋਇਆ। ਆਪਣੀ ਪਿਟਾਈ ਦੇ ਡਰ ਤੋਂ ਪੰਡਿਤ ਨੇ ਜੋ ਸਾਲਗਰਾਮ ਮੰਦਰ ਵਿਚ ਫਾਲਤੂ ਪਿਆ ਸੀ, ਉਹ ਉਨ੍ਹਾਂ ਨੂੰ ਦੇ ਦਿੱਤਾ ਤੇ ਪਾਠ-ਪੂਜਾ ਦੀ ਵਿਧੀ ਵੀ ਸਮਝਾ ਦਿੱਤੀ। ਪੂਰੀ ਰਾਤ ਧੰਨਾ ਜੀ ਨੂੰ ਨੀਂਦ ਨਹੀਂ ਆਈ। ਉਹ ਸਾਰੀ ਰਾਤ ਸੋਚਦਾ ਰਿਹਾ ਕਿ ਉਹ ਠਾਕੁਰ ਨੂੰ ਕਿਵੇਂ ਖੁਸ਼ ਕਰੇਗਾ ਤੇ ਉਸ ਪਾਸੋਂ ਕੀ ਮੰਗੇਗਾ। ਸਵੇਰੇ ਉੱਠ ਕੇ ਧੰਨਾ ਜੀ ਨੇ ਇਸ਼ਨਾਨ ਕੀਤਾ ਤੇ ਠਾਕੁਰ ਨੂੰ ਇਸ਼ਨਾਨ ਕਰਾਇਆ। ਭਗਤੀ ਭਾਵਨਾ ਵਿਚ ਆ ਕੇ ਲੱਸੀ ਰਿੜਕੀ ਤੇ ਰੋਟੀ ਪਕਾਈ। ਧੰਨਾ ਜੀ ਨੇ ਪ੍ਰਾਰਥਨਾ ਕੀਤੀ, ਹੇ ਪ੍ਰਭੂ! ਭੋਗ ਲਗਾਓ! ਮੇਰੇ ਗਰੀਬ ਕੋਲ ਰੋਟੀ, ਲੱਸੀ ਅਤੇ ਮੱਖਣ ਹੀ ਹੈ। ਹੋਰ ਕੁਝ ਨਹੀਂ। ਜਦੋਂ ਹੋਰ ਚੀਜ਼ਾਂ ਦਿਓਗੇ ਤਾਂ ਉਹ ਵੀ ਤੁਹਾਡੇ ਅੱਗੇ ਰੱਖ ਦਿਆਂਗਾ। ਧੰਨਾ ਜੀ ਠਾਕੁਰ ਮੋਹਰੇ ਬੈਠ ਕੇ ਸਭ ਕੁਝ ਦੇਖਦੇ ਰਹੇ। ਹੁਣ ਪੱਥਰ ਭੋਜ ਕਿਸ ਤਰ੍ਹਾਂ ਖਾ ਸਕਦਾ ਸੀ? ਪੰਡਿਤ ਤਾਂ ਭੋਗ ਦਾ ਬਹਾਨਾ ਲਾ ਕੇ ਸਾਰੀ ਸਮੱਗਰੀ ਘਰ ਲੈ ਜਾਂਦਾ ਸੀ। ਪਰ ਭਲੇ ਤੇ ਭੋਲੇ-ਭਾਲੇ ਧੰਨਾ ਜੀ ਨੂੰ ਇਸ ਗੱਲ ਦਾ ਕੋਈ ਗਿਆਨ ਨਹੀਂ ਸੀ। ਧੰਨਾ ਜੀ ਵਿਆਕੁਲ ਹੋ ਕੇ ਕਹਿਣ ਲੱਗੇ, ਕੀ ਤੁਸੀਂ ਜਾਟ ਦਾ ਭੋਜਨ ਨਹੀਂ ਖਾਂਦੇ? ਪੰਡਿਤ ਦੇ ਪਾਸ ਤਾਂ ਤੁਸੀਂ ਇਤਨੀ ਦੇਰ ਨਹੀਂ ਲਾਉਂਦੇ ਸੀ। ਅਗਰ ਤੁਸੀਂ ਪ੍ਰਸ਼ਾਦ ਨਹੀਂ ਖਾਧਾ ਤਾਂ ਮੈਂ ਮਰ ਜਾਊਂਗਾ ਤੇ ਤੁਹਾਡੇ ਤੋਂ ਬਿਨਾਂ ਨਹੀਂ ਰਹੂੰਗਾ।

ਪ੍ਰਮਾਤਮਾ ਜਾਣਦੇ ਸੀ ਕਿ ਇਹ ਮੇਰਾ ਸੱਚਾ-ਸੁੱਚਾ ਤੇ ਨਿਰਮਲ ਭਗਤ ਹੈ। ਇਸ ਨੂੰ ਕੋਈ ਛੱਲ-ਕਪਟ ਨਹੀਂ ਆਉਂਦਾ। ਇਸ ਲਈ ਮੈਨੂੰ ਪ੍ਰਗਟ ਹੋਣਾ ਹੀ ਪਵੇਗਾ। ਕੁਝ ਸਮਾਂ ਬੀਤਣ ਤੇ ਧੰਨਾ ਜੀ ਦੇਖਦੇ ਹਨ ਕਿ ਸ੍ਰੀ ਕ੍ਰਿਸ਼ਨ ਰੂਪ ਭਗਵਾਨ ਜੀ ਰੋਟੀ ਮੱਖਣ ਦੇ ਨਾਲ ਖਾ ਰਹੇ ਹਨ ਤੇ ਲੱਸੀ ਪੀ ਰਹੇ ਹਨ। ਭੋਜਨ ਖਾਣ ਤੋਂ ਬਾਅਦ ਪ੍ਰਭੂ ਬੋਲੇ ਧੰਨੇ ਜੋ ਇੱਛਾ ਹੈ ਮੰਗ ਲਓ, ਮੈਂ ਤੇਰੇ ਤੇ ਬਹੁਤ ਪ੍ਰਸੰਨ ਹਾਂ। ਧੰਨਾ ਜੀ ਨੇ ਪ੍ਰਭੂ ਨੂੰ ਹੱਥ ਜੋੜ ਕੇ ਬੇਨਤੀ ਕੀਤੀ- ਭਾਵ ਕਿਹਾ ਕਿ- ਜੋ ਤੁਹਾਡੀ ਭਗਤੀ ਕਰਦੇ ਹਨ ਤੁਸੀਂ ਉਹਨਾਂ ਦੇ ਸਾਰੇ ਕੰਮ ਸੁਆਰ ਦਿੰਦੇ ਹੋ। ਮੈਨੂੰ ਕਣਕ, ਦਾਲ, ਘਿਓ ਆਦਿ ਦੇ ਦਿਓ। ਮੈਂ ਖੁਸ਼ ਹੋ ਜਾਵਾਂਗਾ ਅਗਰ ਤੁਸੀਂ ਮੈਨੂੰ ਕੱਪੜੇ, ਪੈਰਾਂ ਵਿਚ ਪਾਉਣ ਲਈ ਜੁੱਤੀ, ਸੱਤ ਪ੍ਰਕਾਰ ਦੇ ਅਨਾਜ, ਗਊ ਜਾਂ ਮੱਝ, ਸਵਾਰੀ ਕਰਨ ਲਈ ਘੋੜੀ ਤੇ ਘਰ ਦੀ ਦੇਖਭਾਲ ਕਰਨ ਲਈ ਸੁੰਦਰ ਨਾਰੀ ਦੇ ਦਿਓਗੇ ਤਾਂ। ਧੰਨਾ ਜੀ ਦੇ ਇਹ ਬਚਨ ਸੁਣ ਕੇ ਪ੍ਰਭੂ ਜੀ ਹੱਸ ਪਏ ਤੇ ਬੋਲੇ, ਇਹ ਸਭ ਵਸਤੂਆਂ ਤੁਹਾਨੂੰ ਮਿਲ ਜਾਣਗੀਆਂ।



ਪ੍ਰਭੂ ਬੋਲੇ- ਹੋਰ ਕੁਝ?

ਪ੍ਰਭੂ ਜੀ! ਮੈਂ ਜਦੋਂ ਵੀ ਤੁਹਾਨੂੰ ਯਾਦ ਕਰਾਂ ਤੁਸੀਂ ਮੈਨੂੰ ਦਰਸ਼ਨ ਦੇ ਦੇਣਾ। ਅਗਰ ਮੈਨੂੰ ਕਿਸੇ ਚੀਜ਼ ਦੀ ਲੋੜ ਪਈ ਤਾਂ ਮੈਂ ਤੁਹਾਨੂੰ ਦੱਸਾਂਗਾ।

ਸਭ ਠੀਕ ਹੈ! ਪ੍ਰਭੂ ਜੀ ਨੇ ਉੱਤਰ ਦਿੱਤਾ।

ਹੇ ਪ੍ਰਭੂ! ਧੰਨਾ ਅੱਜ ਤੋਂ ਤੇਰਾ ਸਾਰੀ ਉਮਰ ਲਈ ਸੇਵਕ ਹੋ ਗਿਆ ਹੈ। ਤੁਹਾਡੇ ਤੋਂ ਬਿਨਾਂ ਕਿਸੇ ਹੋਰ ਦਾ ਨਾਮ ਨਹੀਂ ਲਊਂਗਾ। ਧੰਨਾ ਜੀ ਖੁਸ਼ੀ ਵਿਚ ਦੀਵਾਨੇ ਹੋ ਗਏ। ਉਹਨਾਂ ਦੀਆਂ ਅੱਖਾਂ ਬੰਦ ਹੋ ਗਈਆਂ। ਜਦੋਂ ਅੱਖਾਂ ਖੋਲ੍ਹੀਆਂ ਤਾਂ ਪ੍ਰਭੂ ਜੀ ਉਥੇ ਨਹੀਂ ਸਨ। ਉਹ ਪੱਥਰ ਦਾ ਸਾਲਗਰਾਮ ਉਥੇ ਹੀ ਪਿਆ ਸੀ। ਧੰਨਾ ਜੀ ਨੇ ਬਰਤਨ ਵਿਚ ਪਿਆ ਪ੍ਰਸਾਦ ਖਾਧਾ ਤੇ ਉਸਨੂੰ ਤਿੰਨ ਲੋਕ ਦਾ ਗਿਆਨ ਹੋ ਗਿਆ।

ਪ੍ਰਮਾਤਮਾ ਦੇ ਦਰਸ਼ਨ ਹੋਣ ਦੇ ਕੁਝ ਦਿਨਾਂ ਬਾਅਦ ਹੀ ਧੰਨਾ ਜੀ ਦੇ ਘਰ ਸਾਰੀਆਂ ਖੁਸ਼ੀਆਂ ਆ ਗਈਆਂ। ਇਕ ਅੱਛੇ ਅਮੀਰ ਘਰ ਵਿਚ ਵਿਆਹ ਹੋ ਗਿਆ। ਉਸ ਦੇ ਖੇਤਾਂ ਵਿਚ ਬਿਨਾਂ ਕੋਈ ਬੀਜ ਬੀਜਿਆਂ ਫਸਲ ਲਹਿਰਾਉਣ ਲੱਗ ਪਈ। ਅਨਾਜ ਦੇ ਦਾਣੇ ਜੋ ਖੇਤਾਂ ਵਿਚ ਬੀਜਣੇ ਸਨ, ਉਹ ਭੁੱਖੇ ਸਾਧੂਆਂ-ਫਕੀਰਾਂ ਨੂੰ ਢਿੱਡ ਭਰਨ ਲਈ ਦੇ ਦਿੱਤੇ ਤੇ ਅਨਾਜ ਦੇ ਦਾਣੇ ਨਾ ਬੀਜਣ ਕਾਰਨ, ਖੇਤਾਂ ਵਿਚ ਤੁੰਮੇ ਉੱਗ ਪਏ ਤੇ ਜਦ ਉਨ੍ਹਾਂ ਨੂੰ ਤੋੜਿਆ ਜਾਂਦਾ ਤਾਂ ਉਸ ਵਿਚੋਂ ਅਨਾਜ ਦੇ ਦਾਣੇ ਨਿਕਲੇ, ਜਦੋਂ ਕਿ ਤੁੰਮੇ ਕੌੜੇ ਹੁੰਦੇ ਹਨ ਤੇ ਉਨ੍ਹਾਂ ਨੂੰ ਅਵਾਰਾ ਪਸ਼ੂ ਜਾਂ ਜਾਨਵਰ ਜਾਂ ਪੰਛੀ ਵੀ ਨਹੀਂ ਖਾਂਦੇ ਤੇ ਉਹਨਾਂ ਨੂੰ ਪਤਾ ਹੁੰਦਾ ਹੈ ਕਿ ਇਹ ਤੁੰਮੇ ਦਾ ਫਲ ਕੌੜਾ ਹੁੰਦਾ ਹੈ ਆਦਿ। ਧੰਨਾ ਜੀ ਨੇ ਪ੍ਰਭੂ ਤੋਂ ਜੋ ਮੰਗਿਆ ਸੀ ਸਭ ਮਿਲ ਗਿਆ।

ਕਿਸੇ ਸਿਆਣੇ ਬੰਦੇ ਨੇ ਧੰਨਾ ਜੀ ਨੂੰ ਸਲਾਹ ਦਿੱਤੀ ਕਿ ਭਾਵੇਂ ਪ੍ਰਭੂ ਜੀ ਤੁਹਾਡੇ 'ਤੇ ਖੁਸ਼ ਅਤੇ ਮਿਹਰਬਾਨ ਹਨ ਪ੍ਰੰਤੂ ਫਿਰ ਵੀ ਤੁਹਾਨੂੰ ਕੋਈ ਗੁਰੂ ਜ਼ਰੂਰ ਧਾਰਨਾ ਚਾਹੀਦਾ ਹੈ।ਉਸ ਵਿਅਕਤੀ ਨੇ ਸੁਆਮੀ ਰਾਮਾਨੰਦ ਜੀ ਨੂੰ ਗੁਰੂ ਧਾਰਨ ਲਈ ਉਨ੍ਹਾਂ ਦਾ ਨਾਮ ਦੱਸਿਆ। ਇਕ ਦਿਨ ਅਚਾਨਕ ਹੀ ਉਧਰ ਸਵਾਮੀ ਰਾਮਾਨੰਦ ਜੀ ਆ ਗਏ। ਧੰਨਾ ਜੀ ਨੇ ਆਪਣੇ ਤਨੋਂ-ਮਨੋਂ ਉਹਨਾਂ ਦੀ ਸੇਵਾ ਕੀਤੀ ਤੇ 'ਦੀਕਸ਼ਾ' ਲੈਣ ਦੀ ਮੰਗ ਕੀਤੀ। ਰਾਮਾਨੰਦ ਜੀ ਨੇ ਧੰਨਾ ਜੀ ਦੀ ਬੇਨਤੀ ਸਵੀਕਾਰ ਕਰ ਲਈ ਅਤੇ 'ਦੀਕਸ਼ਾ' ਦੇ ਕੇ ਧੰਨਾ ਜੀ ਨੂੰ ਆਪਣਾ ਚੇਲਾ ਬਣਾ ਲਿਆ। ਹੁਣ ਧੰਨਾ ਜੀ 'ਰਾਮ ਨਾਮ' ਦਾ ਸਿਮਰਨ ਕਰਨ ਲੱਗ ਪਏ। ਮੌਜ ਮਸਤੀ ਵਿਚ ਧੰਨਾ ਜੀ ਆ ਕੇ ਕਈ ਵਾਰੀ ਆਪਣੇ ਭਗਵਾਨ ਨੂੰ ਆਪਣੇ ਪਾਸ ਬੁਲਾਅ ਲੈਂਦੇ ਤੇ ਆਪਣੇ ਸਾਰੇ ਕੰਮ ਉਨ੍ਹਾਂ ਤੋਂ ਕਰਵਾਉਂਦੇ।

ਇਸ ਤੋਂ ਬਾਅਦ ਸਤਿਗੁਰੂ ਧੰਨਾ ਜੀ ਕਾਸ਼ੀ ਵਿਖੇ ਸੁਆਮੀ ਰਾਮਾਨੰਦ ਜੀ ਦੇ ਆਸ਼ਰਮ ਤੇ ਆ ਗਏ। ਇੱਥੇ ਸੁਆਮੀ ਰਾਮਾਨੰਦ ਜੀ ਦੀ ਸੰਗਤ ਨਾਲ ਤੇ ਹੋਰ ਸਮਕਾਲੀ ਭਗਤਾਂ ਦੀ ਸੰਗਤ ਵਿਚ ਰਹਿ ਕੇ ਰੱਬ ਦੀ ਭਗਤੀ ਵਿਚ ਜੁਟ ਗਏ। ਇੱਥੇ ਉਨ੍ਹਾਂ ਨੇ ਰਾਮਾ ਨੰਦ ਜੀ ਤੇ ਉਹਨਾਂ ਦੇ ਸ਼ਿਸ਼ ਤੇ ਸਮਕਾਲੀ ਭਗਤਾਂ ਦੀ ਯੋਗ ਅਗਵਾਈ ਨਾਲ ਬਹੁਤ ਭਗਤੀ ਕੀਤੀ ਤੇ ਅਧਿਆਤਮਵਾਦ ਦਾ ਗਿਆਨ ਹਾਸਲ ਕੀਤਾ। ਉਹ ਬਿਲਕੁਲ ਅਨਪੜ੍ਹ ਸਨ ਤੇ ਉਨ੍ਹਾਂ ਨੇ ਅਧਿਆਤਮਵਾਦ ਦਾ ਗਿਆਨ, ਮਾਨਵ ਸੇਵਾ ਤੇ ਸੱਚੇ ਪਰਮਾਰਥ ਦੀ ਪ੍ਰਾਪਤੀ ਦਾ ਗਿਆਨ ਵੀ ਕਾਸ਼ੀ ਵਿਖੇ ਹੀ ਰਹਿ ਕੇ ਕੀਤਾ। ਇਸ ਤਰ੍ਹਾਂ ਹੌਲੀ-ਹੌਲੀ ਉਨ੍ਹਾਂ ਦਾ ਬੌਧਿਕ ਵਿਕਾਸ ਹੁੰਦਾ ਗਿਆ ਤੇ ਨਾਲ ਦੀ ਨਾਲ ਅਧਿਆਤਮਵਾਦ ਦੇ ਰਸਤੇ ਦੀ ਵੀ ਸੋਝੀ ਆਉਂਦੀ ਗਈ ਤੇ ਇਕ ਦਿਨ ਉਨ੍ਹਾਂ ਦਾ ਨਾਮ ਉਸ ਸਮੇਂ ਦੇ ਚੋਟੀ ਦੇ ਭਗਤਾਂ ਦੀ ਕਤਾਰ ਵਿਚ ਗਿਣਿਆ ਜਾਣ ਲੱਗਾ। ਉਹ ਭਗਤ ਗੁਰੂ ਸਨ: ਸਤਿਗੁਰੂ ਕਬੀਰ ਜੀ, ਸਤਿਗੁਰੂ ਰਵਿਦਾਸ ਜੀ, ਸਤਿਗੁਰੂ ਸੈਣ ਜੀ, ਸਤਿਗੁਰੂ ਪੀਪਾ ਜੀ, ਸਤਿਗੁਰੂ ਨਾਮਦੇਵ ਜੀ, ਸਤਿਗੁਰੂ ਤ੍ਰੀਲੋਚਨ ਜੀ ਤੇ ਸਤਿਗੁਰੂ ਜੈ ਦੇਵ ਜੀ ਆਦਿਕ।

ਇਹ ਸਾਰੇ ਮਹਾਂਪੁਰਸ਼ ਆਰੰਭ ਵਿਚ ਸ੍ਰੀ ਕ੍ਰਿਸ਼ਨ ਜੀ ਤੇ ਬਾਅਦ ਵਿਚ ਸ੍ਰੀ ਰਾਮ ਚੰਦਰ ਜੀ ਦੇ ਉਪਾਸ਼ਕ ਸਨ ਤੇ ਮੂਰਤੀ ਪੂਜਾ ਕਰਦੇ ਸਨ। ਜਿਉਂ-ਜਿਉਂ ਇਨ੍ਹਾਂ ਨੇ ਆਪਣੇ ਮਾਨਸਿਕ ਵਿਕਾਸ ਦੇ ਪੜਾਵਾਂ ਨੂੰ ਪਾਰ ਕੀਤਾ ਤੇ ਉਸ ਨਾਲ ਇਹ ਪ੍ਰਮ-ਾਤਮਾ ਦੀ ਹੋਂਦ ਬਾਰੇ ਸੁਤੰਤਰ ਚਿੰਤਨ ਦੀ ਦਿਸ਼ਾ ਵੱਲ ਵਧਦੇ ਗਏ। ਉਨ੍ਹਾਂ ਦਿਨਾਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਵੀ ਭਾਰਤ ਦਾ ਭ੍ਰਮਣ ਕਰ ਰਹੇ ਸਨ। ਉਹ ਵੇਦਾਂਤੀ ਸਨ ਤੇ ਇਕੋ ਨਿਰਾਕਾਰ ਪ੍ਰਮਾਤਮਾ ਦੀ ਹੋਂਦ ਵਿਚ ਵਿਸ਼ਵਾਸ ਰੱਖਦੇ ਸਨ। ਇਨ੍ਹਾਂ ਸਭ ਭਗਤਾਂ ਦੀ ਪਹਿਲਾਂ ਅਯੁੱਧਿਆ ਤੇ ਫਿਰ ਕਾਸ਼ੀ ਵਿਖੇ ਗੁਰੂ ਨਾਨਕ ਦੇਵ ਜੀ ਨਾਲ ਮੁਲਾਕਾਤ ਹੋਈ। ਸਰਗੁਣ ਤੇ ਨਿਰਗੁਣ ਵਿਚਾਰਧਾਰਾ ਤੇ ਦੋਹਾਂ ਗਰੁੱਪਾਂ ਦੀ ਖੂਬ ਚਰਚਾ ਹੋਈ ਤੇ ਅੰਤ ਨੂੰ ਸਾਰੇ ਭਗਤ ਸਾਹਿਬਾਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਨਿਰਗੁਣ ਵਿਚਾਰਧਾਰਾ ਨਾਲ ਸਹਿਮਤ ਹੋ ਗਏ ਤੇ ਸਭ ਭਗਤਾਂ ਨੇ ਸਰਗੁਣ ਵਿਚਾਰਧਾਰਾ ਦਾ ਰਸਤਾ ਛੱਡ ਕੇ ਮੂਰਤੀ ਪੂਜਾ ਨੂੰ ਤਿਆਗ ਕੇ ਇਕੋ ਨਿਰਾਕਾਰ ਪ੍ਰਮਾਤਮਾ ਦੀ ਹੋਂਦ ਵਿਚ, ਸੱਚੇ ਮਾਰਗ ਨੂੰ ਗ੍ਰਹਿਣ ਕਰਕੇ ਪ੍ਰਾਪਤ ਕਰਨ ਦਾ ਰਸਤਾ ਗ੍ਰਹਿਣ ਕੀਤਾ। ਇਸ ਤਰ੍ਹਾਂ ਇਹ ਸਾਰੇ ਭਗਤ ਸਾਹਿਬਾਨ ਨਿਰਾਕਾਰ ਉਪਾਸਨਾ ਵੱਲ ਪ੍ਰੀਵਰਤਿਤ ਹੋ ਗਏ। ਇਨ੍ਹਾਂ ਵਿਚ ਸਭ ਤੋਂ ਪਹਿਲਾਂ ਇਹ ਪ੍ਰਭਾਵ ਸਤਿਗੁਰੂ ਕਬੀਰ ਸਾਹਿਬ ਜੀ ਨੇ ਗ੍ਰਹਿਣ ਕੀਤਾ। ਇਸ ਭਗਤ ਮੰਡਲੀ ਦੀ ਅਗਵਾਈ ਉਸ ਸਮੇਂ ਸੁਆਮੀ ਰਾਮਾਨੰਦ ਜੀ ਕਰ ਰਹੇ ਸਨ, ਜੋ ਉੱਤਰੀ ਭਾਰਤ ਵਿਚ 'ਰਾਮ ਨਾਮ' ਦੀ ਉਪਾਸਨਾ ਨੂੰ ਲਿਆਉਣ ਵਾਲੇ ਪ੍ਰਥਮ ਮਹਾਂਪੁਰਸ਼ ਸਨ, ਵੀ ਗੁਰੂ ਸਾਹਿਬ ਤੋਂ ਪ੍ਰਭਾਵਿਤ ਹੋ ਕੇ ਨਿਰਗੁਣਵਾਦੀ ਬਣ ਗਏ।

ਸਤਿਗੁਰੂ ਧੰਨਾ ਜੀ ਦੇ ਤਿੰਨ ਸ਼ਬਦ ਰਾਗ ਆਸਾ ਤੇ ਚੌਥਾ ਸ਼ਬਦ ਰਾਗ ਧਨਾਸਰੀ ਵਿਚ 'ਆਰਤਾ' ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹਨ। ਹੋਰਨਾਂ ਭਗਤਾਂ ਦੀ 'ਆਰਤੀ' ਤੇ ਧੰਨੇ ਜੀ ਦਾ 'ਆਰਤਾ'। ਧੰਨਾ ਜੀ ਆਪਣੀ ਬਾਣੀ ਵਿਚ ਦੱਸਦੇ ਹਨ ਕਿ ਉਨ੍ਹਾਂ ਨੂੰ ਪ੍ਰਮਾਤਮਾ ਦੀ ਭਾਲ ਵਿਚ ਜ਼ਮਾਨੇ ਗੁਜ਼ਰ ਗਏ, ਜੁਗ ਗੁਜ਼ਰ ਗਏ ਪਰ ਉਨ੍ਹਾਂ ਨੂੰ ਧੀਰਜ ਨਹੀਂ ਮਿਲਿਆ:

ਭ੍ਰਮਤ ਫਿਰਤ ਬਹੁ ਜਨਮ ਬਿਲਾਨੇ,
ਤਨੁ ਮਨੁ ਧਨੁ ਨਹੀਂ ਧੀਰੇ।

ਜੁਗਤ ਦਾ ਪਤਾ ਲੱਗਿਆ, ਜਿਸ ਤੋਂ ਵਿਸ਼ੇ ਵਿਕਾਰਾਂ, ਬੁਰਾਈਆਂ ਤੇ ਜਮਾਂ ਤੋਂ ਛੁਟਕਾਰਾ ਹੋਵੇ। ਮਨ ਪ੍ਰਮਾਤਮਾ ਨਾਲ ਲੱਗਣ ਦੀ ਥਾਂ ਵਿਸ਼ੇ-ਵਿਕਾਰਾਂ ਵੱਲ ਲੱਗਿਆ ਰਿਹਾ। ਗੁਰੂ ਨੇ ਗਿਆਨ ਦਿੱਤਾ, ਉਹ ਗਿਆਨ ਮੰਨ ਵਿਚ ਵੱਸਿਆ ਤੇ ਮੰਨ ਪ੍ਰਮਾਤਮਾ ਦੇ ਧਿਆਨ ਵਿਚ ਲੱਗਿਆ, ਪ੍ਰਮਾਤਮਾ ਦੀ ਪ੍ਰੇਮਾ-ਭਗਤੀ ਨੂੰ ਮੰਨਿਆ, ਪ੍ਰਮਾਤਮਾ ਦੇ ਆਤਮਕ ਸੁੱਖ ਦਾ ਰਹੱਸ ਜਾਣਿਆ। ਉਸ ਰਸ ਦੀ ਪ੍ਰਾਪਤੀ ਨਾਲ ਮਨ ਨੂੰ ਤ੍ਰਿਪਤੀ ਮਿਲੀ ਤੇ ਮੁਕਤੀ ਪ੍ਰਾਪਤ ਹੋਈ। ਉਸ ਸਰਵ ਵਿਆਪਤ ਪ੍ਰਮਾਤਮਾ ਦੀ ਜੋਤ ਜਿਸ ਵੀ ਵਿਅਕਤੀ ਦੇ ਮਨ ਵਿਚ ਵੱਸ ਜਾਂਦੀ ਹੈ, ਉਹ ਨਾ ਛਲੇ ਜਾਣ ਵਾਲੇ ਅਛੱਲ ਪ੍ਰਭੂ ਨੂੰ ਪਹਿਚਾਣ ਲੈਂਦਾ ਹੈ। ਸਤਿਗੁਰੂ ਧੰਨਾ ਜੀ ਨੇ ਧਰਤੀ ਦੇ ਸਭ ਜੀਵਾਂ ਤੇ ਕਣ-ਕਣ ਵਿਚ ਪ੍ਰਭੂ ਜੀ ਦਾ ਅਹਿਸਾਸ ਪ੍ਰਾਪਤ ਕਰ ਲਿਆ ਹੈ। ਸੰਤ ਜਨਾਂ ਨਾਲ ਮਿਲਣ ਤੇ ਹੀ ਸਮਾਨਤਾ ਦੀ ਦ੍ਰਿਸ਼ਟੀ ਪ੍ਰਾਪਤ ਹੁੰਦੀ ਹੈ। ਸਤਿਗੁਰੂ ਧੰਨਾ ਜੀ ਦੇ ਸ਼ਬਦ ਇਸ ਪ੍ਰਕਾਰ ਹਨ;

ਭ੍ਰਮਤ ਫਿਰਤ ਬਹੁ ਜਨਮ ਬਿਲਾਨੇ ਤਨੁ ਮਨੁ ਧਨੁ ਨਹੀਂ ਧੀਰੇ।।
ਲਾਲਚ ਬਿਖ ਕਾਮ ਲੁਬਧ ਰਾਤਾ ਮਨਿ ਬਿਸਰੇ ਪ੍ਰਭੂ ਹੀਰੇ।।੧।।ਰਹਾਉ।।
ਬਿਖੁ ਫਲ ਮੀਠ ਲਗੇ ਮਨ ਬਉਰੇ ਚਾਰ ਬਿਚਾਰ ਨਾ ਜਾਨਿਆ।।
ਗੁਨ ਤੇ ਪ੍ਰੀਤਿ ਬਢੀ ਅਨ ਭਾਂਤੀ ਜਨਮ ਮਰਨ ਫਿਰਿ ਤਾਂ-ਨਿਆ।।੧।।
ਜੁਗਤਿ ਜਾਨਿ ਨਹੀ ਰਿਦੈ ਨਿਵਾਸੀ ਜਲਤ ਜਾਲ ਜਮ ਫੰਧ ਪਰੇ।।
ਬਿਖੁ ਫਲ ਸੰਚਿ ਭਰੇ ਮਨ ਐਸੇ ਪਰਮ ਪੁਰਖ ਪ੍ਰਭ ਮਨ ਬਿਸਰੇ।।੨।।
ਗਿਆਨ ਪ੍ਰਵੇਸੁ ਗੁਰਹਿ ਧਨੁ ਦੀਆ ਧਿਆਨੁ ਮਾਨੁ ਮਨ ਏਕ ਮਏ।
ਪ੍ਰੇਮ ਭਗਤਿ ਮਾਨੀ ਸੁਖੁ ਜਾਨਿਆ ਤ੍ਰਿਪਤਿ ਅਘਾਨੇ ਮੁਕਤਿ ਭਏ।।੩।।
ਜੋਤਿ ਸਮਾਏ ਸਮਾਨੀ ਜਾ ਕ, ਅਛਲੀ ਪ੍ਰਭੂ ਪਹਿਚਾਨਿਆ।
ਧੰਨੇ ਧਨੁ ਪਾਇਆ ਧਰਣੀਧਰ ਮਿਲਿ ਜਨ ਸੰਤ ਸਮਾਨਿਆ।।4।।
(ਰਾਗ ਆਸਾ ਧੰਨਾ ਜੀ)

ਦੂਸਰੇ ਸ਼ਬਦ ਵਿਚ ਆਤਮ ਸਥਿਰਤਾ ਦਾ ਗਿਆਨ ਹੈ। ਨਾਲ ਹੀ ਪਰਮ ਦਯਾਲ ਦਮੋਦਰ (ਪ੍ਰਮਾਤਮਾ ਨੂੰ) ਚੇਤਨ ਦੀ ਪ੍ਰੇਰਨਾ ਦਿੱਤੀ ਹੈ। ਦ੍ਰਿਸ਼ਟਾਂਤ ਦੇ ਕੇ ਦੱਸਿਆ ਹੈ। ਮਾਤਾ ਦੇ ਸਰੀਰ ਵਿਚ, ਪੇਟ ਦੀ ਅਗਨੀ ਤੇ ਪਾਣੀ ਅੰਦਰ ਜੋ ਪ੍ਰਮਾਤਮਾ ਆਹਾਰ ਦੇ ਕੇ ਰੱਖਦਾ ਹੈ, ਉਹ ਸਮਰੱਥ ਹੈ। ਭਾਵਨਾ ਬੜੀ ਸ਼ਕਤੀਸ਼ਾਲੀ ਵਸਤੂ ਹੈ। ਕੁੰਮੀ ਭਾਵ 'ਕਛੂਕੁੰਮੀ' ਪਾਣੀ ਵਿਚ ਰਹਿੰਦੀ ਹੈ। ਉਸ ਦੇ ਬੱਚੇ ਬਾਹਰ ਰੇਤੇ ਵਿਚ ਪਏ ਪਲਦੇ ਹਨ। ਨਾ ਕੁੰਮੀ ਆਪਣਾ ਦੁੱਧ ਪਿਲਾਉਂਦੀ ਹੈ, ਨਾ ਬੱਚਿਆਂ ਦੇ ਖੰਭ ਹੁੰਦੇ ਹਨ ਕਿ ਉਹ ਉੱਡ ਕੇ ਆਪਣੀ ਖੁਰਾਕ ਲੈ ਸਕਣ, ਉਥੇ ਵੀ ਉਨ੍ਹਾਂ ਨੂੰ ਅਹਿਸਾਸ ਜਿਉਂਦਾ ਰੱਖਦਾ ਹੈ। ਉਸ ਪੂਰਨ ਸਰਵ ਵਿਆਪੀ ਪ੍ਰਮਾਤਮਾ ਦੀ ਲੀਲਾ ਵੱਲ ਦੇਖੋ ਤੇ ਸਮਝ ਦੇ ਉਸ ਨੂੰ ਮਨ ਵਿਚ ਰੱਖੋ।

ਪੱਥਰ ਵਿਚ ਇਕ ਕੀੜਾ ਹੁੰਦਾ ਹੈ। ਉਸ ਲਈ ਕਿਸੇ ਤਰ੍ਹਾਂ ਦੇ ਭੋਜਨ ਦਾ ਕੋਈ ਰਾਹ ਨਹੀਂ ਹੁੰਦਾ, ਉਸ ਦੀ ਉਥੇ ਵੀ ਪਾਲਣਾ ਹੁੰਦੀ ਹੈ। ਸਤਿਗੁਰੂ ਧੰਨਾ ਜੀ ਕਹਿੰਦੇ ਹਨ, ਉਹ ਸਭ ਥਾਂ ਪੂਰਨ ਹੈ। ਉਸ ਦੇ ਹੋ ਜਾਣ ਤੋਂ 'ਮਤ ਰੇ ਜੀਅ ਡਰਾਹੀ, ਜਿੰਦੇ ਮਤ ਡਰ' ਸ਼ਬਦ ਨਿਮਨ-ਲਿਖਤ ਅਨੁਸਾਰ ਹੈ:

ਰੇ ਚਿਤ ਚੇਤਸਿ ਕੀ ਨ ਦਯਾਲ ਦਮੋਦਰ ਬਿਬਹਿ ਨਾ ਜਾਨਸਿ ਕੋਈ।।
ਜੇ ਧਾਵਹਿ ਬ੍ਰਹਮੰਡ ਖੰਡ ਕਉ ਕਰਤਾ ਕਰੈ ਸੁ ਹੋਈ।।੧।। ਰਹਾਉ।।
ਜਨਨੀ ਕੇਰੇ ਉਦਰ ਉਦਕ ਮਹਿ ਪਿੰਡੁ ਕੀਆ ਦਸ ਦੁਆਰਾ।।
ਦੇਇ ਅਹਾਰੁ ਅਗਨਿ ਮਹਿ ਰਾਖੈ ਐਸਾ ਖਸਮੁ ਹਮਾਰਾ।।੧।।
ਕੁੰਮੀ ਜਲ ਮਾਹਿ, ਤਨ ਤਿਸੁ ਬਾਹਰਿ, ਪੰਖ ਖੀਰੁ ਤਿਨ ਨਾਹੀ।।
ਪੂਰਨ ਪਰਮਾਨੰਦ ਮਨੋਹਰ ਸਮਝਿ ਦੇਖੁ ਮਨ ਮਾਹੀ।।੨।।
ਪਾਖਣਿ ਕੀਟੁ ਗੁਪਤੁ ਹੋਇ ਰਹਤਾ ਤਾ ਚੋ ਮਾਰਗੁ ਨਾਹੀ।।
ਕਹੈ ਧੰਨਾ ਪੂਰਨ ਤਾਹੂ ਕੋ ਮਤ ਰੇ ਜੀਅ ਡਰਾਂਹੀ।।੪।।
(ਰਾਗ ਆਸਾ ਧੰਨਾ ਜੀ)

ਸਤਿਗੁਰੂ ਧੰਨਾ ਜੀ ਦਾ ਨਿਮਨ-ਲਿਖਤ ਤੀਸਰਾ ਸ਼ਬਦ ਜੋ ਰਾਗ ਆਸਾ ਵਿਚ ਹੀ ਹੈ। ਇਸ ਸ਼ਬਦ ਦੀ ਗੁਰੂ ਅਰਜਨ ਦੇਵ ਜੀ ਨੇ 'ਗੁਰੂ ਗ੍ਰੰਥ ਸਾਹਿਬ' ਦੀ ਸੰਪਾਦਨਾ ਕਰਨ ਵੇਲੇ ਸੋਧ ਕਰਕੇ ਮਹਲਾ 5ਵਾਂ ਲਿਖਿਆ ਹੈ। ਜੇਕਰ ਮੂਲ ਰੂਪ ਵਿਚ ਇਹ ਸਾਰਾ ਸ਼ਬਦ ਧੰਨਾ ਜੀ ਦਾ ਹੁੰਦਾ ਤਾਂ ਗੁਰੂ ਅਰਜਨ ਦੇਵ ਜੀ ਜੋ ਸੱਚ ਦੇ ਰੂਪ ਸਨ, ਉਹ ਕਦੇ ਵੀ ਇਸ 'ਤੇ ਮ: 5 ਨਾ ਲਿਖਦੇ।

ਜੇਕਰ ਸਾਰਾ ਸ਼ਬਦ ਮੂਲ ਰੂਪ ਵਿਚ ਗੁਰੂ ਜੀ ਦਾ ਹੁੰਦਾ ਤਾਂ ਮ: 5 ਦੇ ਸ਼ਬਦਾਂ ਵਿਚ ਦਰਜ ਹੁੰਦਾ। ਬਾਣੀ ਦਾ ਆਰੰਭਕ ਲੇਖ 'ਆਸਾ ਬਾਣੀ ਭਗਤ ਧੰਨੇ ਜੀ ਕੀ' ਮਹਲਾ 5 ਸਿਰਲੇਖ ਵੀ ਇਹੋ ਸੂਚਿਤ ਕਰਦਾ ਹੈ, 'ਗੋਬਿੰਦ ਗੋਬਿੰਦ ਗੋਬਿੰਦ ਸੰਗ' ਵਾਲੇ ਸ਼ਬਦ ਦਾ ਵਿਚਾਰ ਧੰਨਾ ਜੀ ਦਾ ਹੈ। ਗੁਰੂ ਅਰਜਨ ਦੇਵ ਜੀ ਨੇ ਧੰਨੇ ਜੀ ਦੇ ਸ਼ਬਦ ਪ੍ਰਤੀ ਕੁਝ ਸੰਸ਼ੋਧਨੀ ਅੰਸ਼ ਮਿਲਾ ਕੇ ਆਪਣੀ ਛੋਹ ਦੀ ਸੂਚਨਾ ਮਹਲਾ 5 ਰਾਹੀਂ ਦਿੱਤੀ ਹੈ, ਨਾ ਕਿ ਸਾਰਾ ਸ਼ਬਦ ਮਹਲਾ 5 ਦਾ ਹੈ?

ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ।।
ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ।।੧।। ਰਹਾਉ।।
ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ।।
ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ।।੧।।
ਰਵਿਦਾਸ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ।।
ਪਰਗਟੁ ਹੋਆ ਸਾਧ ਸੰਗਿ ਹਰ ਦਰਸਨੁ ਪਾਇਆ।।੨।।
ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ।।
ਹਿਰਦੇ ਵਸਿਆ ਪਾਰਬ੍ਰਹਮ ਭਗਤਾ ਮਹਿ ਗਨਿਆ।।੩।।
ਇਹ ਬਿਧਿ ਸੁਨਿਕੈ ਜਾਟਰੋ ਉਠਿ ਭਗਤੀ ਲਾਗਾ।।
ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ।।
(ਆਸਾ ਰਾਗ ਮਹਲਾ 5।।2।।)

ਸ਼ਬਦ ਦੀ ਅਖੀਰਲੀ ਤੁਕ ਵਿਚ ਵਰਤਿਆ 'ਧੰਨਾ

(ਬਾਕੀ ਅਗਲੇ ਸਫ਼ੇ 'ਤੇ)

# 'ਜੋ ਜਨ ਤੁਮਰੀ ਭਗਤਿ ਕਰੰਤੇ, ਤਿਨ ਕੇ ਕਾਰਜ ਸਵਾਰਤਾ'

ਵਡਭਾਗਾ' ਵਾਕ, ਸੂਚਿਤ ਕਰਦਾ ਹੈ ਕਿ ਮੂਲ ਰੂਪ ਵਿਚ ਸ਼ਬਦ ਧੰਨਾ ਜੀ ਦਾ ਹੀ ਹੈ।

ਗੋਪਾਲ ਤੇਰਾ ਆਰਤਾ॥
ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ॥੧॥ ਰਹਾਉ॥
ਦਾਲਿ ਸੀਧਾ ਮਾਗਉ ਘੀਉ॥ ਹਮਰਾ ਖੁਸੀ ਕਰੈ ਨਿਤ ਜੀਉ॥੧॥
ਪਨੀਆ ਛਾਦਨ ਨੀਕਾ॥ ਅਨਾਜ ਮਾਗਉ ਸਤ ਸੀ ਕਾ॥੧॥
ਗਊ ਭੈਸ ਮਗਉ ਲਾਵੇਰੀ। ਇਕ ਤਾਜਨਿ ਤੁਰੀ ਚੰਗੇਰੀ॥
ਘਰ ਦੀ ਗੀਹਨਿ ਚੰਗੀ॥ ਜਨੁ ਧੰਨਾ ਲੇਵੈ ਮੰਗੀ॥੨॥੨॥ (ਰਾਗ ਧਨਾਸਰੀ ਧੰਨਾ ਜੀ)

ਸਤਿਗੁਰੂ ਧੰਨਾ ਜੀ ਨੇ ਇਸ ਪਦੇ ਵਿਚ ਆਪਣੀ ਪੇਟ ਪੂਰਤੀ ਲਈ ਜ਼ਰੂਰਤਾਂ ਦੱਸ ਕੇ, ਦਾਲ, ਸੀਧਾ, ਘਿਉ ਮੰਗਿਆ ਹੈ। ਜੁੱਤੀ, ਕੱਪੜਾ, ਚੰਗੀ ਅਰਬੀ ਘੋੜੀ, ਸੋਹਣੀ ਔਰਤ ਦੀ ਮੰਗ ਕੀਤੀ ਹੈ। ਸਤ ਸੀਕਾ, ਸਤਵਾਰੀ ਪੈਲੀ ਵਾਹ ਕੇ ਬੀਜਿਆ ਅੰਨ, ਗਊ, ਮੱਝ, ਦੁੱਧ ਦੇਣ ਵਾਲੀ ਲਵੇਰੀ ਮੰਗੀ ਹੈ। ਰੋਜ਼ ਦੀਆਂ ਲੋੜਾਂ ਪੂਰੀਆਂ ਕਰਨ ਦਾ ਵੇਰਵਾ ਸਹਿਤ ਚੰਗੀ ਵਿਆਖਿਆ ਅਤੇ ਜਿੰਦਗੀ ਦੀਆਂ ਲੋੜਾਂ ਅਤੇ ਥੁੜ੍ਹਾਂ ਦੀ ਪੂਰਤੀ ਦਾ ਚੰਗਾ ਵੇਰਵਾ ਦਿੱਤਾ ਹੈ।

ਆਪਣੇ ਸਾਰੇ ਕਾਰਜ ਹੱਲ ਕਰਨ ਲਈ ਪ੍ਰਮਾਤਮਾ ਅੱਗੇ ਖੁੱਲ੍ਹ ਕੇ ਪੁਕਾਰ ਕੀਤੀ ਹੈ। ਇਕ ਕੇਂਦਰੀ ਨੁਕਤਾ ਹੈ- 'ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ' ਹੋਰ ਆਰਤੀਆਂ ਕਰਨ ਵਾਲੇ ਦੇਵਤੇ ਨੂੰ ਕਿਸ ਤਰ੍ਹਾਂ ਇੱਛਾ ਦੀ ਪੂਰਤੀ ਲਈ ਰੀਝਾਉਂਦੇ ਹਨ, ਇਹ ਉਹ ਜਾਨਣ। ਧੰਨੇ ਨੂੰ ਭਗਤੀ ਕਰਨ ਲਈ ਸਰੀਰ ਦੀ ਖੁਰਾਕ, ਜੀਵਨ ਜਿਊਣ ਲਈ ਨਿੱਤ ਵਰਤੋਂ ਦੀਆਂ ਚੀਜ਼ਾਂ ਦੀ ਲੋੜ ਸਭ ਤੋਂ ਪਹਿਲਾਂ ਹੈ। ਭਗਤਾਂ ਦੇ ਕਾਰਜ ਸੰਵਾਰਨ ਵਾਲੇ ਪ੍ਰਭੂ ਅੱਗੇ ਉਨ੍ਹਾਂ ਨੇ ਇਹ ਅਰਦਾਸ-ਬੇਨਤੀ ਨਿਰਸੰਕੋਚ ਹੋ ਕੇ ਕੀਤੀ ਹੈ।

ਸਤਿਗੁਰੂ ਧੰਨਾ ਜੀ ਦੀ 'ਗੁਰੂ ਗ੍ਰੰਥ ਸਾਹਿਬ' ਵਿਚਲੀ ਦਰਜ ਬਾਣੀ ਤੋਂ ਇਲਾਵਾ ਹੋਰ ਬਾਹਰਲੀ ਬਾਣੀ ਵੀ ਮਿਲਦੀ ਹੈ, ਜਿਸ ਵਿਚੋਂ ਉਨ੍ਹਾਂ ਦੇ ਨਿਰਗੁਣਵਾਦੀ ਵਿਚਾਰਾਂ ਦੀ ਸਾਫ ਝਲਕ ਦੇਖੀ ਜਾ ਸਕਦੀ ਹੈ। ਉਨ੍ਹਾਂ ਦੇ ਦੋ ਪਦਿਆਂ ਵਿਚੋਂ ਇਹ ਪਤਾ ਲੱਗਦਾ ਹੈ ਕਿ ਮਨੁੱਖ ਨੂੰ ਇਸ਼ਨਾਨ ਦਾ ਲਾਭ ਲੈਣ ਦੀ ਕਾਮਨਾ, ਤੀਰਥਾਂ ਦੇ ਭ੍ਰਮਣ ਤੋਂ ਉਲਟ, ਸ਼ੁਭ ਕਰਮਾਂ ਦੀ ਸਿੱਖਿਆ ਹੈ। ਜਿਸ ਦੇ ਅੰਗਾਂ ਵਿਚੋਂ ਅਨੁਪਮ ਬਾਸ (ਸੁਗੰਧ) ਉਠ ਰਹੀ ਹੈ। ਚੰਦਨ ਲੇਪ ਫੁੱਲ ਪੱਤੀਆਂ, ਭਾਰ ਅਠਾਰਹ ਜਿਸ ਦੇ ਰੋਮ ਮਾਤਰ ਨਹੀਂ। ਜਿਸ ਨੂੰ ਸਹਿਸ ਭਾਵ ਸੈਂਕੜੇ ਜੀਭਾਂ ਵਾਲਾ ਸ਼ੇਸ਼ਨਾਗ ਹਰ ਸਮੇਂ ਨਵੀਂ ਤੋਂ ਨਵੀਂ ਉਪਮਾ ਦੇ ਕੇ ਅਰਾਧਦਾ ਹੈ, ਜਿਸ ਨੂੰ ਨਾਰਦ ਸਨਕ ਸਨੰਦਨ (ਬ੍ਰਹਿਮੇ ਦੇ ਪੁੱਤਰ) ਪਵਨ ਪੁੱਤਰ (ਹਨੂਮਾਨ), ਸ਼ਿਵ, ਅਪੱਛਰਾਂ ਆਦਿ ਤਾਲ ਦੇ-ਦੇ ਕੇ ਗਾਉਂਦੇ ਹਨ। ਉਸ ਅਣਗਿਣਤ ਮਹਿਮਾ ਦੇ ਮਾਲਕ, ਗੋਪਾਲ, ਅਗਮ ਅਗੋਚਰ ਦੀ ਵਿਸਮਾਦੀ ਮਹਿਮਾ ਕਿੰਨੀ ਕੁ ਕਹੀ ਜਾ ਸਕਦੀ ਹੈ? ਕੌਣ ਕਹਿ ਸਕਦਾ ਹੈ? ਸਤਿਗੁਰੂ ਧੰਨਾ ਜੀ ਕਹਿੰਦੇ ਹਨ ਜਿਨ੍ਹਾਂ ਨੇ ਪਰਮਾਰਥ ਦਾ ਅਰਥ ਜਾਣ ਲਿਆ, ਉਨ੍ਹਾਂ ਨੇ ਸਹਿਜ ਵਿਚ ਆਪਣੇ ਆਪ ਨੂੰ ਸਮਾ ਲਿਆ ਹੈ। ਸਹਿਜ ਉਹਨਾਂ ਵਿਚ ਸਮਾ ਗਿਆ ਹੈ।

ਹਰਿ ਗੁਣ ਗਾਈ ਰੇ, ਹਰਿ ਗੁਣ ਗਾਈ ਰੇ, ਔਰ ਛਾਡਿ ਸਬੈ ਚਤੁਰਾਈ ਟੇਕ।
ਚਰਣ ਗੰਗ ਗਹਿ ਨੀਰੁ, ਪੀਅਬੰਰ ਕਿਊ ਸੋਭੈ ਤਾਸ।
ਚੰਨਨਿ ਕਿਸੋ ਕਰੋ ਹਰਿ ਲੇਪਨ, ਜਾਕੈ ਅੰਗ ਅਨੂਪਮ ਬਾਸ।
ਅਗਰ ਚੰਦਨ ਘਸਿ ਧੂਪ ਖਿਡਾਣੋ, ਕੌਣ ਬਾਸ ਮਨਿ ਰਾਗ ਰਲੀ।
ਪਤਰੀ ਪੁਹਪ ਕਿਸੈ ਬਨਿ ਆਣੋ, ਜਾਕੈ ਭਾਰ ਅਠਾਹਰ ਰੋਮਾਵਲੀ।
ਪੂਜਾ ਭਗਤਿ ਕਿਸੀ ਮਲ ਮਾਨੋ, ਜਾਕੈ ਸਨਕ ਸਨਦੰਨ ਭਗਤ ਸੁਕਾਦਿ।
ਸੇਸ ਸਹਸ ਮੁਖ ਨਾਉਂ ਅਗਧੇ, ਪਵਨ ਪੂਤ ਜਾਕੇ ਬ੍ਰਹਮਾਦਿ।
ਜਾਕੈ ਨਾਰਦ ਨਿਰਤ ਨੰਦਾ ਰਸ ਸੰਕਰ ਆਪ ਅਪਛਰਾ ਤੋੜੇ ਤਾਲ।
ਅਣਗਿਣਤ ਮਹਿਮਾ ਰਾਮ ਤੁਮਹਾਰੀ, ਮੈਂ ਕਾ ਗੁਣ ਜਾਣੋ ਗੋਪਾਲ।
ਅਬਿਅਗਤ ਅਗਮ ਬਸਮ ਕਠਿਨਾਈ ਕਹਿ ਕਹਿ ਕਹੁ ਕੀ ਲੀਉ ਜਾਈ।
ਕਹੋ ਧੰਨਾ ਅਰਥ ਪਰਮਾਰਥ, ਜਿਨਿ ਪਾਇਓ ਤਿਨਿ ਸਹਜ ਸੁਮਾਈ।

ਦੂਸਰੇ ਪਦੇ ਵਿਚ ਭੀ ਪ੍ਰਭੂ ਮਹਿਮਾ ਦਾ ਵਰਣਨ ਹੈ। ਜਿਸ ਦੇ ਗੁਣਗਾਨ ਨਾਲ ਦੁੱਖ ਹਰੇ ਜਾਂਦੇ ਹਨ। ਊਧੋ, ਅੰਬ੍ਰੀਕ, ਸੁਦਾਮਾ, ਪ੍ਰਹਿਲਾਦ, ਨਾਮਾ, ਸਨਕਾਦਕ ਆਦਿ ਉਸ ਦੇ ਚਰਨਾਂ ਦੀ ਪ੍ਰਾਪਤੀ ਕਾਰਨ ਧੰਨਾ ਜੀ ਕਹਿੰਦੇ ਹਨ, ਉਧਰ ਗਏ। ਗੁਰੂ ਕ੍ਰਿਪਾ ਭਾਵ ਗੁਰ ਪ੍ਰਸਾਦਿ ਨਾਲ ਮੈਂ ਵੀ ਉਹ ਪਰਮ ਪਦ ਪਾਇਆ ਹੈ। ਇਨ੍ਹਾਂ ਪਦਿਆਂ ਵਿਚ ਧੰਨਾ ਜੀ ਦੇ ਵਿਚਾਰਾਂ ਦੀ ਪਕਿਆਈ ਨਜ਼ਰ ਆਉਂਦੀ ਹੈ। ਆਰੰਭਕ ਖਿਆਲਾਂ ਵਾਲੀ ਬੇਚੈਨੀ ਨਹੀਂ ਹੈ। ਪ੍ਰਭੂ ਦੇ ਗੁਣਾਂ ਦੀ ਵਡਿਆਈ ਅਨੰਦਮਈ ਸੰਗੀਤ ਵਾਂਗ ਹੈ।

'ਗੁਰੂ ਗ੍ਰੰਥ ਸਾਹਿਬ' ਦੀ ਬਾਣੀ ਗੁਰੂ ਰੂਪ ਹੈ, ਉਸਦੇ ਇਕ ਭਾਵ ਦੇ ਸ਼ਬਦ ਵਿਚਾਰਾਂ ਦੀ ਇਹੋ ਹੀ ਸਵਰ ਹੈ। ਇਕ ਅਕਾਲ ਪੂਜਾ ਦੀ ਸੇਧ ਦੇਣ ਵਾਲੀ ਹੈ। 'ਇਕਾ ਬਾਣੀ ਇਕ ਗੁਰ ਇਕੋ ਸ਼ਬਦ ਵਿਚਾਰ'। 'ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਸਭ ਭਗਤਾਂ ਦੀ ਬਾਣੀ ਨੂੰ 'ਸ਼ਬਦ ਗੁਰੂ' ਦਾ ਦਰਜਾ ਪ੍ਰਾਪਤ ਹੈ ਤੇ ਇਹੀ ਗੱਲ ਗੁਰੂ ਸਾਹਿਬ ਦੇ 'ਸਮਾਜਿਕ ਬਰਾਬਰੀ ਦੇ ਸਿਧਾਂਤ' ਨੂੰ ਪ੍ਰਮਾਣਿਤ ਕਰਦੀ ਹੈ ਤੇ ਭਗਤਾਂ ਨੂੰ ਸਤਿਗੁਰੂ ਦਾ ਦਰਜਾ ਵੀ ਪ੍ਰਦਾਨ ਕਰਦੀ ਹੈ।

ਸਤਿਗੁਰੂ ਧੰਨਾ ਜੀ ਜਿੱਥੇ ਖੇਤੀ ਕਰਦੇ ਸਨ, ਉਥੇ ਇਕ ਤਲਾਬ ਬਣਾ ਦਿੱਤਾ ਹੈ, ਜਿਸ ਦਾ ਨਾਮ 'ਮੋਤੀ ਤਲਾਬ' ਰੱਖਿਆ ਹੈ। ਆਜ਼ਾਦੀ ਤੋਂ ਬਾਅਦ ਇਸ ਨੂੰ 'ਮੋਤੀ ਨਗਰ ਧਾਮ' ਵਿਚ ਬਦਲ ਦਿੱਤਾ ਗਿਆ ਹੈ। ਅੱਜ ਵੀ ਰਾਜਸਥਾਨ ਵਿਚ ਇਹ ਅਖਾਣ ਬਣ ਗਿਆ ਹੈ ਕਿ ਜਦੋਂ ਲੋਕ ਆਪਣੇ ਖੇਤ ਵਿਚ ਹ.ਲ ਚਲਾਉਂਦੇ ਹਨ ਤਾਂ ਅਕਸਰ ਸਤਿਗੁਰੂ ਧੰਨਾ ਜੀ ਨੂੰ ਯਾਦ ਕਰਦਿਆਂ ਗਾਉਂਦੇ ਹਨ:-

'ਧੰਨੇ ਜਾਟ ਕਾ ਹਰਿਸੋ ਹੇਤ,
ਬਿਨਾ ਬੀਜ ਕੇ ਨਿਪਜਾ ਖੇਤ।

ਸਤਿਗੁਰੂ ਧੰਨਾ ਜੀ ਨੇ ਇਕ ਮੰਦਰ ਵੀ ਬਣਵਾਇਆ, ਜਿਸ 'ਤੇ ਆਪਣੇ ਗੁਰੂ ਸੁਆਮੀ ਰਾਮਾਨੰਦ ਜੀ ਦਾ ਨਾਂ ਵੀ ਲਿਖਵਾਇਆ ਤੇ ਇਸ ਮੰਦਰ ਦੇ ਬਣਨ ਦਾ ਸਮਾਂ ਸੰਮਤ 535 ਲਿਖਿਆ ਹੋਇਆ ਹੈ। ਸਤਿਗੁਰੂ ਧੰਨਾ ਜੀ ਦੀ ਯਾਦ ਵਿਚ ਉਹਨਾਂ ਦੇ ਜਨਮ ਸਥਾਨ ਪਿੰਡ ਧੁਆਨ (ਧੂਆਂ) ਵਿਖੇ ਇਕ ਬਹੁਤ ਹੀ ਸੁੰਦਰ 'ਗੁਰਦੁਆਰਾ ਸਾਹਿਬ' ਵੀ ਬਣਿਆ ਹੋਇਆ ਹੈ। ਸਤਿਗੁਰੂ ਧੰਨਾ ਜੀ ਦੇ ਜੀਵਨ ਨਾਲ ਬਹੁਤ ਹੀ ਕਰਾਮਾਤਾਂ ਜੁੜੀਆਂ ਹੋਈਆਂ ਹਨ। ਇਹ ਕਰਾਮਾਤਾਂ ਦੀ ਚਰਚਾ ਅੱਜ ਵੀ ਉਹਨਾਂ ਦੇ ਪਿੰਡ ਧੁਆਨ ਕਲਾਂ ਵਿਚ ਲੋਕ ਸੁਣਾਉਂਦੇ ਹਨ ਪਰ ਇਨ੍ਹਾਂ ਨੂੰ ਯਥਾਰਥਵਾਦੀ ਨਹੀਂ ਮੰਨਿਆ ਜਾ ਸਕਦਾ। ਗੁਰਮਤਿ ਦੇ ਸਿਧਾਂਤ ਅਨੁਸਾਰ ਕਰਾਮਾਤਾਂ ਨੂੰ ਸਿੱਖ ਧਰਮ ਵਿਚ ਕੋਈ ਸਥਾਨ ਨਹੀਂ। ਇਹ ਕੇਵਲ ਉਨ੍ਹਾਂ ਦੇ ਸ਼ਰਧਾਲੂਆਂ ਵੱਲੋਂ ਹੀ ਧੰਨਾ ਜੀ ਦੇ ਜੀਵਨ ਨਾਲ ਜੋੜੀਆਂ ਗਈਆਂ ਮਿੱਥਾਂ ਹਨ। ਪੱਥਰਾਂ ਵਿਚੋਂ ਰੱਬ ਨੂੰ ਪਾਉਣਾ, ਤੂੰਮਿਆਂ ਵਿਚੋਂ ਕਣਕ ਦੇ ਦਾਣੇ ਨਿਕਲਣਾ, ਥੋੜ੍ਹੀ ਜਿਹੀ ਮਿੱਟੀ ਧੰਨਾ ਜੀ ਦੇ ਖੇਤਾਂ ਵਿਚੋਂ ਲਿਆ ਕੇ ਆਪਣੇ ਖੇਤਾਂ ਵਿਚ ਪਾਉਣਾ ਤੇ ਕਹਿਣਾ ਇਸ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਬਹੁਤ ਵਧਦੀ ਹੈ, ਆਦਿਕ ਨੂੰ ਵਿਗਿਆਨਕ ਨਜ਼ਰੀਏ ਤੋਂ ਮੰਨਿਆ ਨਹੀਂ ਜਾ ਸਕਦਾ। ਧੰਨਾ ਜੀ ਤਾਂ ਇਕ ਮਹਾਨ ਕਿਰਤੀ ਸਨ ਜੋ ਖੇਤੀਬਾੜੀ ਕਰਕੇ ਆਪਣਾ ਗੁਜ਼ਾਰਾ ਕਰਦੇ ਸਨ। ਵੰਡ ਕੇ ਛਕਦੇ ਸਨ ਤੇ ਰੱਬ ਦਾ ਨਾਮ ਲੈਂਦੇ ਸਨ। 'ਗੁਰੂ ਗ੍ਰੰਥ ਸਾਹਿਬ' ਵਿਚ ਉਨ੍ਹਾਂ ਦਾ ਸਤਿਕਾਰ ਕਰਾਮਾਤਾਂ ਕਰਕੇ ਨਹੀਂ ਹੈ, ਸਗੋਂ ਉਨ੍ਹਾਂ ਦੇ ਹਿਰਦੇ ਵਿਚ ਪ੍ਰਭੂ ਦੇ ਵਾਸ ਕਰ ਜਾਣ ਕਰਕੇ ਹੈ। ਉਹਨਾਂ ਦਾ ਨਾਮ ਭਗਤੀ ਲਹਿਰ ਦੇ ਮਹਾਨ ਗੁਰੂ ਭਗਤਾਂ ਦੀ ਸੂਚੀ ਵਿਚ ਆਉਂਦਾ ਹੈ। ਉਹਨਾਂ ਦਾ ਮਾਨਸਿਕ ਵਿਕਾਸ ਸਰਗੁਣਧਾਰਾ ਤੋਂ ਨਿਰਗੁਣਵਾਦ ਦੀ ਧਾਰਾ ਵੱਲ ਵਿਕਾਸ ਕਰਦਾ ਹੈ। ਜੋ ਉਨ੍ਹਾਂ ਨੂੰ ਇਕ ਪ੍ਰਗਤੀਵਾਦੀ ਬਣਾਉਂਦਾ ਹੈ। ਇਸੇ ਕਰਕੇ ਹੀ ਉਹ ਅਵਿਦਿਅਕ ਹੋਣ ਕਰਕੇ ਵੀ ਪਰਮ-ਪੁਰਖ ਪ੍ਰਮਾਤਮਾ ਦੀ ਪ੍ਰਾਪਤੀ ਕਰ ਲੈਂਦੇ ਹਨ। ਉਹਨਾਂ ਦੀਆਂ ਸਿੱਖਿਆਵਾਂ ਸਾਨੂੰ ਸਦਾ ਹੀ ਅੰਧੇਰੇ ਤੋਂ ਰੌਸ਼ਨੀ ਵੱਲ ਮਾਰਗ ਦਰਸ਼ਨ ਕਰਦੀਆਂ ਰਹਿਣਗੀਆਂ। ਉਨ੍ਹਾਂ ਦੇ 602ਵੇਂ ਜਨਮ ਦਿਨ ਤੇ ਮੇਰੇ ਵੱਲੋਂ ਸਮੁੱਚੀ ਲੋਕਾਈ ਨੂੰ ਬਹੁਤ-ਬਹੁਤ ਵਧਾਈ ਹੋਵੇ ਜੀ।

## ਸੱਚ ਤਾਂ ਬੋਲੋ



ਤੁਸੀਂ ਸੱਚ ਤਾਂ ਬੋਲੋ ਝੂਠੇ ਬੁਰਾ ਮਨਾ ਜਾਂਦੇ ਨੇ
ਕੀਮਤ ਦੇਣ ਲਈ ਵੱਢਣ ਜ਼ੁਬਾਨ ਆ ਜਾਂਦੇ ਨੇ
ਅਸਮਾਨ ਫਟ ਜਾਂਦਾ ਹੈ ਪਾਪ ਦੀ ਦੁਨੀਆਂ ਦਾ
ਸੱਚ ਤੇ ਝੂਠ ਜਦ ਜਦ ਵੀ ਕਦੇ ਟਕਰਾ ਜਾਂਦੇ ਨੇ
ਸੱਚ ਨੂੰ ਤਾਂ ਸਮਝਦੇ ਉਹ ਚੀਜ਼ ਸੋਅਪੀਸ ਜਿਹੀ
ਬਸ ਚੁੱਪ ਬੈਠਾ ਰਹੇ ਕਰਕੇ ਰੋਜ਼ ਦੁਆ ਜਾਂਦੇ ਨੇ
ਤੜਫ਼ ਜਾਂਦੇ ਨੇ ਸੱਚ ਕਰੇ ਜ਼ਰਾ ਜਿਹੀ ਹਰਕਤ
ਪਸੀਨੇ ਕਿਉਂ ਝੂਠ ਦੇ ਚਿਹਰੇ ਤੇ ਆ ਜਾਂਦੇ ਨੇ
ਸਾਜ਼ਿਸਾਂ ਦੇ ਦੌਰ ਤੇਜ਼ ਹੋ ਜਾਂਦੇ ਹਰ ਪਾਸੇ ਹੀ
ਸੱਚ ਤੋਂ ਜਦ ਜਦ ਵੀ ਝੂਠੇ ਘਬਰਾ ਜਾਂਦੇ ਨੇ
ਬੋਲੀ ਉੱਚੀ ਤੋਂ ਉੱਚੀ ਲਗਦੀ ਖਰੀਦਣ ਦੇ ਲਈ
ਕੀਮਤ ਇੰਝ ਪਰ ਝੂਠੇ ਅਪਣੀ ਦਿਖਾ ਜਾਂਦੇ ਨੇ

**- ਹਰਦੀਪ ਬਿਰਦੀ**
91-90416-00900

## ਸਮੇਂ ਦਾ ਗੇੜ!



ਤਰਲੋਚਨ ਸਿੰਘ ਦੁਪਾਲਪੁਰ
001-408-915-1268

ਦੇਸ਼ ਭਗਤ ਤੇ 'ਸੂਰਮੇ' ਨਵੇਂ ਥਾਪੇ
ਮੰਗ ਮੁਆਫੀਆਂ ਜਾਨ ਬਚਾਉਣ ਵਾਲੇ।

ਦੇਸ਼-ਧ੍ਰੋਹ ਦਾ ਲੈ ਕੇ 'ਹਥਿਆਰ' ਆਏ
ਰਾਸ਼ਟਰਵਾਦ ਦਾ 'ਸਬਕ' ਪੜ੍ਹਾਉਣ ਵਾਲੇ।

ਭਾਅ ਪੁੱਛਦੇ ਸਾਗ ਤੇ ਸ਼ਲਗਮਾਂ ਦਾ
ਸੁਭਾ ਸ਼ਾਮ ਨੂੰ ਗੋਸ਼ਤ ਪਕਾਉਣ ਵਾਲੇ।

ਆਉਂਦੇ ਸੀ ਪਹਾੜਾਂ ਤੋਂ ਘੂਕ ਸੁਣਕੇ
ਜੋਗੀ ਪਿੰਡ ਵਿਚ ਚੱਲਦਿਆਂ ਚਰਖਿਆਂ ਦੀ।

ਜਾਨ ਮੁੱਠੀ 'ਚ ਦੇਣ ਹੁਣ ਆਉਣ ਲੱਗੇ
ਘੱਟ-ਗਿਣਤੀਆਂ ਵਾਲਿਆਂ ਹਰਖਿਆਂ ਦੀ।

# ਸਵਰਗੀ ਸ੍ਰੀ ਸੋਹਣ ਸਿੰਘ ਦਾਮੜੀਆ ਦੀ ਪਹਿਲੀ ਬਰਸੀ 23 ਅਪ੍ਰੈਲ ਨੂੰ



ਕਮਿਊਨਿਟੀ ਦੀ ਜਾਣੀ-ਪਛਾਣੀ ਸ਼ਖਸੀਅਤ, ਸਮਾਜ ਸੇਵਕ ਅਤੇ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਦੇ ਸਾਬਕਾ ਚੇਅਰਮੈਨ ਸ੍ਰੀ ਸੋਹਣ ਲਾਲ ਦਾਮੜੀਆ ਪਿਛਲੇ ਸਾਲ ਸਵਰਗ ਸਿਧਾਰ ਗਏ ਸਨ। ਉਹਨਾਂ ਦੀ ਮਿੱਠੀ ਯਾਦ ਨੂੰ ਤਾਜ਼ਾ ਕਰਨ ਲਈ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਵਿਖੇ 23 ਅਪ੍ਰੈਲ ਨੂੰ ਸਵੇਰੇ 10 ਵਜੇ ਉਹਨਾਂ ਦੀ ਪਹਿਲੀ ਬਰਸੀ ਮਨਾਈ ਜਾ ਰਹੀ ਹੈ।

## ਸਮਾਂ ਤੇ ਸਥਾਨ

**23 ਅਪ੍ਰੈਲ 2017 ਸਵੇਰੇ 10 ਵਜੇ**

**Shri Guru Ravidass Temple · Pittsburg, CA**

ਇਸ ਮੌਕੇ ਪੰਥ ਦੇ ਪ੍ਰਸਿੱਧ ਰਾਗੀ, ਢਾਡੀ ਜਥੇ ਗੁਰਬਾਣੀ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਸਮੂਹ ਦਾਮੜੀਆ ਪਰਿਵਾਰ ਵੱਲੋਂ ਸਮੂਹ ਸਾਧ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ 23 ਅਪ੍ਰੈਲ ਨੂੰ ਗੁਰੂ ਘਰ ਹਾਜ਼ਰੀਆਂ ਲਗਵਾ ਕੇ ਸਵਰਗੀ ਦਾਮੜੀਆ ਜੀ ਨੂੰ ਸ਼ਰਧਾਂਜਲੀਆਂ ਭੇਂਟ ਕਰੀਏ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

## ਜਨਮ ਦਿਨ ਤੇ ਵਿਸ਼ੇਸ਼

# ਯਾਦਾਂ ਸ਼ਮਸ਼ਾਦ ਬੇਗਮ ਦੀਆਂ



ਨਵਜੋਤ ਬਜਾਜ ਗੱਗੂ
91-98721-02614

ਸ਼ਮਸ਼ਾਦ ਬੇਗਮ ਦਾ ਜਨਮ 14 ਅਪ੍ਰੈਲ 1919 ਨੂੰ ਸ੍ਰੀ ਅੰਮ੍ਰਿਤਸਰ ਵਿਖੇ ਰਵਾਇਤੀ ਮੁਸਲਮਾਨ ਪਰਿਵਾਰ 'ਚ ਹੋਇਆ ਸੀ। ਬਾਲੀਵੁੱਡ 'ਚ 1940-50 ਦਾ ਦਹਾਕਾ ਉਹਨਾਂ ਦੇ ਗੀਤਾਂ ਦੇ ਨਾਂ ਹੀ ਰਿਹਾ। 'ਸਈਆ ਦਿਲ ਮੇ ਆਨਾ ਰੇ, ਆ ਕੇ ਫਿਰ ਨਾ ਜਾਨਾ ਰੇ' ਵਰਗੇ ਉਹਨਾਂ ਦੇ ਗੀਤ ਅੱਜ ਵੀ ਸਰੋਤਿਆ ਨੂੰ ਆਪਣੇ ਜਾਦੂ ਨਾਲ ਮੋਹ ਲੈਂਦੇ ਹਨ। ਉਹਨਾਂ ਦੇ ਪਿਤਾ ਗਾਉਣ ਦੇ ਖਿਲਾਫ ਸਨ ਪਰ ਸ਼ਮਸ਼ਾਦ ਨੂੰ ਕੁੱਝ ਸ਼ਰਤਾਂ ਨਾਲ ਘਰੋ ਬਾਹਰ ਪੈਰ ਰੱਖਣ ਦੀ ਇਜਾਜ਼ਤ ਦੇ ਦਿੱਤੀ ਗਈ। ਜਿਸ 'ਚ ਸ਼ਮਸ਼ਾਦ ਦੀ ਤਸਵੀਰ ਨਾ ਖਿੱਚਣ ਦੀ ਸ਼ਰਤ ਵੀ ਸ਼ਾਮਿਲ ਸੀ। ਪਿਤਾ ਦੇ ਆਦੇਸ਼ਾ ਦਾ ਅਸਰ ਸੀ ਜਾਂ ਕੁਝ ਹੋਰ, ਜੋ ਵੀ ਹੋਵੇ ਮਸ਼ਹੂਰ ਹੋ ਜਾਣ ਤੋਂ ਬਾਅਦ ਵੀ ਲੰਮੇ ਸਮੇਂ ਤੱਕ ਲੋਕਾਂ ਨੇ ਉਹਨਾਂ ਦੀ ਕੋਈ ਤਸਵੀਰ ਨਹੀਂ ਦੇਖੀ ਸੀ। ਇਹ ਵੀ ਕਿਹਾ ਜਾਂਦਾ ਕਿ ਸ਼ਮਸ਼ਾਦ ਬੇਗਮ ਦਾ ਚਿਹਰਾ ਖੂਬਸੂਰਤ ਨਹੀਂ ਸੀ ਅਤੇ ਇਸ ਲਈ ਉਹ ਖੁਦ ਨਹੀਂ ਚਾਹੁੰਦੀ ਸੀ ਕਿ ਉਹਨਾਂ ਦੀ ਤਸਵੀਰ ਸਾਹਮਣੇ ਆਏ। ਖੈਰ, ਸਭ ਗੱਲਾਂ ਤੋਂ ਬੇਪਰਵਾਹ ਸ਼ਮਸ਼ਾਦ ਦੀ ਆਵਾਜ਼ ਦਾ ਜਾਦੂ ਹਿੰਦੀ ਫਿਲਮਾਂ 'ਚ ਗੂੰਜਦਾ ਰਿਹਾ। ਉਹਨਾਂ ਦੀ ਸੁਰੀਲੀ ਆਵਾਜ਼ ਨੂੰ ਸੁਣ ਕੇ ਪੰਜਵੀ ਕਲਾਸ 'ਚ ਉਹਨਾਂ ਦੇ ਪ੍ਰਾਇਮਰੀ ਸਕੂਲ ਦੀ ਪ੍ਰਿੰਸੀਪਲ ਨੇ ਉਹਨਾਂ ਨੂੰ ਕਲਾਸ ਹੈੱਡ ਸਿੰਗਰ ਬਣਾ ਦਿੱਤਾ ਸੀ। ਫਿਰ ਘਰ ਰਿਸ਼ਤੇਦਾਰੀ 'ਚ ਵਿਆਹ-ਸ਼ਾਦੀਆ ਜਾਂ ਹੋਰ ਮੌਕਿਆ ਤੇ ਰਵਾਇਤੀ ਗੀਤਾਂ ਨੂੰ ਗਾਉਣ ਤੋਂ ਸ਼ੁਰੂਆਤ ਹੋਈ। ਸ਼ਮਸ਼ਾਦ ਬੇਗਮ ਉਸ ਦੌਰ ਦੇ ਸਟਾਰ ਗਾਇਕ ਕੁੰਦਨ ਨਾਲ ਸਹਿਗਲ ਦੀ ਜ਼ਬਰਦਸਤ ਪ੍ਰਸ਼ੰ ਸੀ। ਇੱਕ ਇੰਟਰਵਿਊ 'ਚ ਸ਼ਮਸ਼ਾਦ ਬੇਗਮ ਨੇ ਦੱਸਿਆ ਕਿ ਉਹਨਾਂ ਨੇ ਕੇ. ਐੱਲ. ਸਹਿਗਲ ਸਟਾਰਰ 'ਦੇਵਦਾਸ' 14 ਵਾਰ ਦੇਖੀ ਸੀ।

ਉਹਨਾਂ ਦੀ ਗਾਇਕੀ ਅਤੇ ਸਾਫ ਆਵਾਜ਼ ਤੋਂ ਪ੍ਰਭਾਵਿਤ ਹੋ ਕੇ ਸਾਰੰਗੀ ਦੇ ਸੁਲਤਾਨ ਉਸਤਾਦ ਹੁਸੈਨ ਬਖਸ਼ਵਾਲੇ ਸਾਹਿਬ ਨੇ ਸ਼ਮਸ਼ਾਦ ਬੇਗਮ ਨੂੰ ਆਪਣੀ ਸ਼ਾਗਿਰਦੀ 'ਚ ਲਿਆ ਅਤੇ ਸੰਗੀਤ ਦੀ ਤਾਲੀਮ ਦਿੱਤੀ। ਸ਼ਮਸ਼ਾਦ ਬੇਗਮ ਨੇ ਆਪਣੀ ਗਾਇਕੀ ਦੀ ਸ਼ੁਰੂਆਤ ਰੇਡੀਉ ਤੋਂ ਕੀਤੀ। 1937 'ਚ ਉਹਨਾਂ ਨੇ ਲਾਹੌਰ ਰੇਡੀਉ ਤੇ ਪਹਿਲਾ ਗੀਤ ਪੇਸ਼ ਕੀਤਾ ਸੀ। ਉਸ ਦੌਰ 'ਚ ਉਹਨਾਂ ਨੇ ਪੇਸ਼ਾਵਰ, ਲਾਹੌਰ ਅਤੇ ਦਿੱਲੀ ਸਟੇਸ਼ਨ ਤੇ ਗੀਤ ਗਾਏ ਸਨ।



ਸ਼ੁਰੂਆਤੀ ਦੌਰ 'ਚ ਉਹਨਾਂ ਨੇ ਲਾਹੌਰ 'ਚ ਬਣੀਆ ਫਿਲਮਾਂ 'ਖਜ਼ਾਨਚੀ' ਅਤੇ 'ਖਾਨਦਾਨ' ਵਿੱਚ ਗੀਤ ਗਾਏ। ਅਖੀਰ 1944 'ਚ ਉਹ ਬੰਬਈ ਆ ਗਈ। ਮੁੰਬਈ ਵਿੱਚ ਸ਼ਮਸ਼ਾਦ ਨੇ ਨੌਸ਼ਾਦ ਅਲੀ, ਰਾਮ ਗਾਂਗੁਲੀ, ਐੱਸ. ਡੀ. ਬਰਮਨ, ਸੀ. ਰਾਮਚੰਦਰਨ ਖੇਮਚੰਦ ਪ੍ਰਕਾਸ਼ ਅਤੇ ਓ. ਪੀ. ਨਈਅਰ ਵਰਗੇ ਸੰਗੀਤਕਾਰਾਂ ਲਈ ਗੀਤ ਗਾਏ। ਇਹਨਾਂ ਵਿੱਚ ਵੀ ਨੌਸ਼ਾਦ ਅਤੇ ਨਈਅਰ ਨਾਲ ਉਹਨਾਂ ਦਾ ਤਾਲਮੇਲ ਕਾਫੀ ਵਧੀਆ ਰਿਹਾ ਕਿਉਂਕਿ ਇਹਨਾਂ ਦੋਹਾਂ ਸੰਗੀਤਕਾਰਾ ਨੇ ਸ਼ਮਸ਼ਾਦ ਬੇਗਮ ਦੀ ਆਵਾਜ਼ 'ਚ ਜਿੰਨੀਆ ਵੀ ਵਿਸ਼ੇਸ਼ਤਾਵਾ ਲੁਕੀਆ ਸਨ, ਉਹਨਾਂ ਭਰਪੂਰ ਵਰਤੋਂ ਕਰਦਿਆ ਇੱਕ ਤੋਂ ਇੱਕ ਲੋਕਪ੍ਰਿਯ ਗੀਤ ਦਿੱਤੇ। ਨੌਸ਼ਾਦ ਦੇ ਸੰਗੀਤ ਤੇ ਸ਼ਮਸ਼ਾਦ ਬੇਗਮ ਦੇ ਜੋ ਗੀਤ ਲੋਕਪ੍ਰਿਯ ਹੋਏ ਉਹਨਾਂ 'ਚ ' ਓ ਲਾਗੀ ਲਾਗੀ' 'ਧੜਕਕਰ ਮੇਰਾ ਦਿਲ' 'ਤੇਰੀ ਮਹਿਫਲ ਮੇ ਕਿਸਮਤ ਆਜ਼ਮਾ ਕਰ ਹਮ ਭੀ ਦੇਖੇਗੇ' ਸ਼ਾਮਲ ਹਨ। ਲੋਕ ਧੁਨਾਂ ਅਤੇ ਪੱਛਮੀ ਸੰਗੀਤ ਦਾ ਵਿਲ-ੱਖਣ ਤਾਲਮੇਲ ਕਰਨ ਵਾਲੇ ਸੰਗੀਤਕਾਰ ਓ. ਪੀ. ਨਈਅਰ ਦੇ ਸੰਗੀਤ ਨਿਰਦੇਸ਼ਨ 'ਚ ਤਾ ਸ਼ਮਸ਼ਾਦ ਬੇਗਮ ਨੇ ਜਿਵੇ ਆਪਣੇ ਤੇ ਸੁਰਾਂ ਦੇ ਇੰਦਰ ਧਨੁਸ਼ ਦਾ ਜਾਦੂ ਬਿਖੇਰ ਦਿੱਤਾ। ਇਹਨਾਂ ਗੀਤਾਂ 'ਚ 'ਲੇ ਕੇ ਪਹਿਲਾ ਪਹਿਲਾ ਪਿਆਰ' 'ਕਭੀ ਆਰ ਕਭੀ ਪਾਰ, 'ਕਹੀ ਪੇ ਨਿਗਾਹੇ ਕਹੀ ਪੇ ਨਿਸ਼ਾਨਾ', 'ਕਜਰਾ ਮੁਹੱਬਤ ਵਾਲਾ, 'ਮੇਰੀ ਨੀਦੋਂ ਮੇ ਤੁਮ ਮੇਰੇ ਖੁਆਬੋ ਮੇ ਤੁਮ' ਅਜਿਹੇ ਗੀਤ ਹਨ, ਜੋ ਸੁਣਨ ਵਾਲੇ ਨੂੰ ਗੁਣਗਾਣਾਉਣ ਲਈ ਮਜ਼ਬੂਰ ਕਰ ਦਿੰਦੇ ਸਨ। ਬਤੌਰ ਗਾਇਕਾ ਉਹ 1933 ਤੋਂ 1976 ਤੱਕ ਸਰਗਰਮ ਰਹੀ। 'ਮੈ ਪਾਪੀ ਤੂ ਬਖਸ਼ਣਹਾਰ' ਉਹਨਾਂ ਦੀ ਆਖ਼ਰੀ ਫਿਲਮ ਸੀ, ਜਿਸ 'ਚ ਉਹਨਾਂ ਨੇ ਗੀਤ ਗਾਇਆ ਸੀ। 1969 'ਚ ਉਹਨਾਂ ਦਾ ਆਖ਼ਰੀ ਹਿੱਟ ਗੀਤ 'ਕਜਰਾ ਮੁਹੱਬਤ ਵਾਲਾ' (ਕਿਸਮਤ) ਆਇਆ ਸੀ। ਇਸ ਗੀਤ ਦੀ ਖਾਸੀਅਤ ਸੀ ਕਿ ਇਸਨੂੰ ਵਿਸ਼ਵਜੀਤ ਤੇ ਫਿਲਮਾਇਆ ਗਿਆ ਸੀ। ਸ਼ਮਸ਼ਾਦ ਬੇਗਮ ਦੇ ਹੋਰ ਮੁੱਖ ਗੀਤਾਂ 'ਚ 'ਰੇਸ਼ਮੀ ਸਲਵਾਰ ਕੁਰਤਾ', 'ਬੂਝ ਮੇਰਾ ਕਿਆ ਨਾਮ ਰੇ', 'ਹੋਲੀ ਆਈ ਰੇ ਕਨਹਾਈ', 'ਮੇਰੇ ਪੀਆ ਗਏ ਰੰਗੂਨ', 'ਓੜਨ ਖਟੋਲੇ ਪੇ ਓੜ ਜਾਓ', 'ਦੁੱਖ ਭਰੇ ਦਿਨ ਬੀਤੇ ਰੇ ਭਈਆ', 'ਓ ਗਾਡੀ ਵਾਲੇ ਗਾਡੀ', 'ਮਿਲਤੇ ਹੀ ਆਂਖੇ ਦਿਲ ਹੂਲਾ', 'ਨੈਨਾ ਭਰ ਆਏ ਨੀਰ', 'ਮੇਰੀ ਨੀਂਦੋ ਮੇ ਤੁਮ', 'ਸਈਆ ਦਿਲ ਮੇ ਆਨਾ ਰੇ ਆਦਿ ਸ਼ਮਲ ਹਨ।

ਉਸਦੇ ਪਤੀ ਗਣਪਤ ਲਾਲ ਬੱਟੋ ਦਾ 1955 'ਚ ਦਿਹਾਂਤ ਹੋ ਗਿਆ ਸੀ ਅਤੇ ਉਸ ਤੋਂ ਬਾਅਦ ਹੀ ਉਹ ਮੁੰਬਈ 'ਚ ਆਪਣੀ ਬੇਟੀ ਊਸ਼ਾ ਨਾਲ ਰਹਿੰਦੀ ਸੀ। ਉਸਨੂੰ 2009 'ਚ ਪਦਮ ਭੂਸ਼ਨ ਨਾਲ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਆਪਣੇ ਆਖ਼ਰੀ ਸਮੇਂ 94 ਸਾਲਾ ਸ਼ਮਸ਼ਾਦ ਬੇਗਮ ਕਾਫੀ ਲੰਮਾ ਸਮਾਂ ਬੀਮਾਰ ਰਹੀ ਤੇ ਅੰਤ 23 ਅਪ੍ਰੈਲ 2013 ਨੂੰ ਉਸ ਨੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਦਿੱਤਾ। ਹਿੰਦੀ ਸਿਨਮਾ ਅੱਜ ਆਪਣੇ ਜਨਮ ਦੇ 103 ਸਾਲ ਮਨ੍ਹਾ ਰਿਹਾ ਹੈ, ਪਰ ਉਹਨਾਂ ਵਿੱਚੋ ਸ਼ਮਸ਼ਾਦ ਬੇਗਮ ਦੀ ਸੁਰੀਲੀ ਆਵਾਜ਼ ਹਮੇਸ਼ਾ ਲਈ ਖਾਮੋਸ਼ ਹੋ ਗਈ ਹੈ।

# ਸ਼ਹੀਦੇ ਆਜ਼ਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦਾ ਸ਼ਹੀਦੀ ਦਿਨ ਸੈਕਰਾਮੈਂਟੋ ਵਿਖੇ ਮਨਾਇਆ ਗਿਆ



**ਸੈਕਰਾਮੈਂਟੋ-** ਪਿਛਲੇ ਦਿਨੀਂ ਸੀਨੀਅਰ ਸਿਟੀਜ਼ਨ ਸੈਕਰਾਮੈਂਟੋ ਅਤੇ ਇੰਡੋ-ਅਮਰੀਕਨ ਕਲਚਰਲ ਔਰਗੇਨਾਈਜੇਸ਼ਨ ਦੇ ਯਤਨਾਂ ਸਦਕਾ ਗੁਰਦੁਆਰਾ ਵੈਸਟ ਸੈਕਰਾਮੈਂਟੋ ਵਿਖੇ ਮਨਾਇਆ ਗਿਆ, ਜਿਸ ਵਿਚ ਸੀਨੀਅਰ ਸਿਟੀਜ਼ਨ ਦੇ ਪ੍ਰਧਾਨ ਸ. ਹਰੀ ਸਿੰਘ, ਕਰਨਲ ਗੁਰਮੁਖ ਸਿੰਘ ਗਿੱਲ, ਪ੍ਰੋ. ਮੁਖਤਿਆਰ ਸਿਘ, ਮਲਕੀਤ ਬਰਾੜ, ਕੇਵਲ ਬੁਲੀਨਾ, ਦਲਜੀਤ ਸੰਧੂ ਅਤੇ ਤਰਲੋਚਨ ਸਮਰਾ ਹੋਰ ਸਾਥੀਆਂ ਸਮੇਤ ਹਾਜ਼ਰ ਹੋਏ। ਸੁਰਿੰਦਰ ਸਿੰਘ ਬਿੰਦਰਾ ਪ੍ਰਧਾਨ ਇੰਡੋ-ਅਮਰੀਕਨ ਕਲਚਰਲ ਔਰਗੇਨਾਈਜੇਸ਼ਨ ਵੱਲੋਂ ਬੋਲਦਿਆਂ ਸ਼ਹੀਦੇ-ਆਜ਼ਮ ਭਗਤ ਸਿੰਘ ਦੀ ਭਾਰਤੀ ਉਪਰ ਮਹਾਂਦੀਪ ਦੀ ਅੰਗਰੇਜ਼ ਸਾਮਰਾਜ ਤੋਂ ਆਜ਼ਾਦੀ ਲਈ ਸਾਥੀਆਂ ਸਮੇਤ ਦਿੱਤੀ ਸ਼ਹਾਦਤ ਦਾ ਅਤੇ ਉਹਨਾਂ ਦੇ ਜੀਵਨ ਤੇ ਚਾਨਣਾ ਪਾਇਆ। ਪਰ ਦੁੱਖ ਦੀ ਗੱਲ ਹੈ ਕਿ ਉਹਨਾਂ ਦੇ ਸੁਪਨਿਆਂ ਦਾ ਭਾਰਤ ਨਹੀਂ ਬਣ ਸਕਿਆ। ਭਾਰਤ ਨੌਜਵਾਨ ਸਭਾ ਦੀ ਆਜ਼ਾਦੀ ਲਈ ਕੀਤੇ ਕਾਰਜਾਂ ਦਾ ਵਰਣਨ ਕਰਦਿਆਂ ਉਲੇਖ ਕੀਤਾ ਕਿ ਭਗਤ ਸਿੰਘ ਕੇਵਲ ਬੰਬਾਂ-ਬੰਦੂਕਾਂ ਦੀ ਹੀ ਗੱਲ ਕਰਨ ਵਾਲਾ ਨਹੀਂ ਸਗੋਂ ਇਕ ਵਿਦਵਾਨ, ਉਚ ਕੋਟੀ ਦਾ ਲਿਖਾਰੀ ਤੇ ਜਥੇਬੰਦਕ ਵੀ ਸੀ। ਇੰਡੋ-ਅਮਰੀਕਨ ਕਲਚਰਲ ਔਰਗੇਨਾਈਜੇਸ਼ਨ ਦੇ ਡਾਇਰੈਕਟਰ ਸਮਿੱਤਰ ਸਿੰਘ ਉਪਲ ਨੇ ਆਪਣੇ ਵਿਚਾਰ ਰੱਖਦਿਆਂ ਦੱਸਿਆ ਕਿ ਪਰਿਵਾਰ ਭਾਵੇਂ ਦੇਸ਼ ਦੀ ਆਜ਼ਾਦੀ ਲਈ ਤੱਤਪਰ ਸੀ, ਜਿਸ ਤੋਂ ਭਗਤ ਸਿੰਘ ਨੇ ਇਨਕਲਾਬੀ ਰਾਹ ਅਖਤਿਆ ਕੀਤਾ। ਉਹਨਾਂ ਸਮੁੱਚੇ ਸੰਸਾਰ ਦੀਆਂ ਇਨਕਲਾਬੀ ਲਹਿਰਾਂ ਦਾ ਅਧਿਐਨ ਕੀਤਾ। ਉਹਨਾਂ ਕਾਰਲ ਮਾਰਕਸ, ਏਂਗਲ, ਰਸਲ ਆਦਿ ਵਿਦਵਾਨਾਂ ਨੂੰ ਪੜ੍ਹਿਆ। ਉਹ ਕੇਵਲ ਦੇਸ਼ ਨੂੰ ਅੰਗਰੇਜ਼ਾਂ ਤੋਂ ਹੀ ਆਜ਼ਾਦ ਨਹੀਂ ਕਰ-ਾਉਣਾ ਚਾਹੁੰਦੇ ਸਨ, ਸਗੋਂ ਦੇਸ਼ ਵਿਚ ਲੋਕ ਜਮਹੂਰੀ ਲੀਹਾਂ ਤੇ ਸਮਾਜਵਾਦੀ ਪੱਥ ਤੇ ਤੋਰਨਾ ਚਾਹੁੰਦੇ ਸਨ। ਉਸਦੀਆਂ ਲਿਖਤਾਂ ਦਾ ਡੂੰਘਾ ਅਧਿਐਨ ਕਰਨਾ ਚਾਹੀਦਾ ਹੈ।

ਉਹ ਅਰਾਜਕਤਾਵਾਦੀ ਨਹੀਂ ਸਨ। ਪੰਜਾਬੀ ਭਾਸ਼ਾ ਬਾਰੇ ਉਸ ਦਾ ਲੇਖ ਅੱਜ ਵੀ ਸਾਰਥਕ ਹੈ। ਉਪਲ ਜੀ ਨੇ ਕਿਹਾ ਕਿ ਸਾਂਡਰਸ ਦੇ ਕਤਲ ਤੋਂ ਬਾਅਦ ਲਾਹੌਰ ਤੋਂ ਬਾਹਰ ਜਾਣ ਸਮੇਂ ਦੁਰਗਾ ਭਾਬੀ ਦੇ ਰੋਲ ਤੇ ਉਸ ਦੇ ਛੋਟੇ ਬੱਚੇ ਦੇ ਨਾਲ ਜਾਣ ਸਮੇਂ ਜਿਹੜੇ ਖਤਰੇ ਦਾ ਸਾਹਮਣਾ ਕੀਤਾ ਤੇ ਭਗਤ ਸਿੰਘ ਦੇ ਦਿੱਤੇ ਮਾਨਵਤਾਵਾਦੀ ਵਿਚਾਰਾਂ ਦਾ ਵਿਸਥਾਰ ਨਾਲ ਵਰਣਨ ਕੀਤਾ। ਸੀਨੀਅਰ ਸਿਟੀਜ਼ਨ ਦੇ ਚੇਅਰਮੈਨ ਸੁਖਚੈਨ ਜੀ ਨੇ ਹਾਜ਼ਰ ਸੀਨੀਅਰ ਸਿਟੀਜ਼ਨਜ਼ ਦਾ ਧੰ ਵਾਦ ਕਰਦਿਆਂ ਇੰਡੋ-ਅਮਰੀਕਨ ਆਰਗੇਨਾਈਜੇਸ਼ਨ ਜੋ ਗਦਰੀ ਬਾਬਿਆਂ ਨੂੰ ਸਮਰਪਿਤ ਹੈ, ਦਾ ਵੀ ਧੰਨਵਾਦ ਕੀਤਾ।

# ਅਸੀ ਇੱਧਰ ਧਿਆਨ ਕਦੋਂ ਦੇਵਾਂਗੇ?



ਅਵਤਾਰ ਸਿੰਘ ਮਿਸ਼ਨਰੀ
510-432-5827

ਕਿਸੇ ਨੂੰ ਐਵੇਂ ਗਾਲਾਂ ਕੱਢਣ ਦੀ ਲੋੜ ਨਹੀ ਆਪਣੇ ਅੰਦਰ ਜਾਤ ਮਾਰ ਕੇ ਦੇਖੋ ਅਸੀਂ ਹੋਣਹਾਰ ਸਿੱਖੀ ਦਾ ਪ੍ਰਚਾਰ ਕਰਨ ਵਾਲੇ ਪ੍ਰਚਾਰਕਾਂ ਅਤੇ ਬੱਚਿਆਂ ਨੂੰ ਸੰਭਾਲਿਆ ਨਹੀਂ ਅਤੇ ਨਾਂ ਬਣਦਾ ਮਾਨ ਸਤਿਕਾਰ ਦਿੱਤਾ ਹੈ। ਅਸੀਂ ਸਿਰਫ ਵਿਹਲੜ ਬ੍ਰਹਮ ਗਿਆਨੀ ਅਖਵਾਉਣ ਵਾਲੇ ਚੋਲਾਧਾਰੀ ਡੇਰੇਦਾਰਾਂ ਦੇ ਅੰਨੇਵਾਹ ਖੀਸੇ ਭਰੇ ਹਨ। ਜਿਨ੍ਹਾਂ ਨੇ ਸਿੱਖੀ ਦਾ ਬੇੜਾ ਸਭ ਤੋਂ ਵੱਧ ਗਰਕ ਕੀਤਾ। ਸਿੱਖ ਸੰਗਤਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨਾਲ਼ੋਂ ਤੋੜ ਕੇ, ਹੋਰ ਹੋਰ ਸੰਤਾਂ ਤੇ ਗ੍ਰੰਥਾਂ ਦੇ ਮੱਗਰ ਲਾਇਆ ਜੋ ਟਕਸਾਲੀ ਸੰਪ੍ਰਦਾਈ ਸੀਨਾ-ਬਸੀਨਾ ਸੰਤ ਬਣ ਕੇ. ਰੱਬੀ ਭਗਤਾਂ, ਸਿੱਖ ਗੁਰੂ ਸਾਹਿਬਾਨਾਂ, ਪੰਜਾਂ ਪਿਆਰਿਆਂ, ਚਾਰ ਸਾਹਿਬਜ਼ਾਦਿਆਂ ਨੂੰ ਅਤੇ ਬਾਕੀ ਸਿਰਕੱਢ ਸਿੱਖਾਂ ਨੂੰ ਅਖੌਤੀ ਦੇਵੀ ਦੇਵਤਿਆਂ ਦਾ ਅਵਤਾਰ ਤੇ ਅੰਸ ਬੰਸ ਦੱਸੀ ਜਾ ਰਹੇ ਹਨ। ਇਹ ਗੱਲਾਂ ਇੰਨ੍ਹਾਂ ਆਪੂੰ ਬਣੇ ਬ੍ਰਹਮਗਿਆਨੀਆਂ ਦੇ ਗ੍ਰੰਥਾਂ ਵਿੱਚ ਬੜੀ ਕੂਟ ਨੀਤੀ ਨਾਲ ਲਿੱਖੀਆਂ ਹੋਈਆਂ ਹਨ। ਇਨਾਂ ਨੂੰ ਅੱਜ ਤੱਕ ਨਾਂ ਕਿਸੇ ਜਥੇਦਾਰ ਨੇ ਸੱਦ ਕੇ ਪੁੱਛਿਆ ਅਤੇ ਨਾਂ ਕਿਸੇ ਖਾਲਸਤਾਨੀ ਨੇ, ਇੱਕ ਅਤਿੰਦ੍ਰਪਾਲ ਸਿੰਘ ਸਾਬਕਾ ਐਮ ਪੀ ਨੂੰ ਛੱਡ ਕੇ। ਇੰਨਾਂ ਸੰਪਰਦਾਈ ਡੇਰੇਦਾਰਾਂ ਨੂੰ ਨਿਰਮਲਿਆਂ ਤੇ ਜਟਾਧਾਰੀ ਉਦਾਸੀਆਂ ਦੇ ਰੂਪ ਵਿੱਚ ਗੁੜਤੀ ਹੀ ਬ੍ਰਾਹਮਣੀ ਸਕੂਲ ਕਾਸੀਂ ਬਨਾਰਸ ਤੋਂ ਮਿਲੀ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਸੱਚੀ ਬਾਣੀ ਦਾ ਸਿਧਾਂਤਿਕ ਪ੍ਰਚਾਰ ਕਰਨ ਵਾਲਿਆਂ ਨੂੰ ਇਹ ਮਾਰਨ ਨੂੰ ਫਿਰਦੇ ਹਨ। ਵੱਡੇ ਵੱਡੇ ਗੁਰਦੁਵਾਰਿਆਂ ਤੇ ਧਰਮ ਅਸਥਾਨਾਂ ਦੀਆਂ ਗੋਲਕਾਂ ਤੇ ਇੰਨਾਂ ਦਾ ਕਬਜ਼ਾ ਹੈ ਫਿਰ ਵੀ ਅਸੀਂ ਅੰਨੇਵਾਹ ਇਕੋਤਰੀਆਂ ਦੇ ਪਾਠਾਂ ਅਤੇ ਦਾਨਾਂ ਦੇ ਰੂਪ ਵਿੱਚ ਭਰੀ ਜਾਂਦੇ ਹਾਂ। ਝਿੜਕੀ ਅਸੀਂ ਆਮ ਪ੍ਰਚਾਰਕਾਂ ਅਤੇ ਬੱਚਿਆਂ ਨੂੰ ਜਾਂਦੇ ਹਾਂ।

ਹੁਣ ਮੀਡੀਏ ਨੇ ਸਭ ਦੇ ਪਾਜ ਉਘੇੜ ਦਿੱਤੇ ਹਨ ਤੇ ਸੰਗਤਾਂ ਨੂੰ ਅਸਲੀਅਤ ਦਾ ਪਤਾ ਲੱਗਣਾ ਸ਼ੁਰੂ ਹੋ ਗਿਆ ਹੈ। ਸਭ ਤੋਂ ਵੱਡੀ ਮਿਸਾਲ ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ ਹਨ ਜੋ ਇਨਾਂ ਡੇਰੇਦਾਰਾਂ ਦੀ ਚੁੰਗਲ ਚੋਂ ਬਾਹਰ ਨਿਕਲ ਕੇ, ਗੁਰਬਾਣੀ ਦਾ ਸਹੀ ਪ੍ਰਚਾਰ ਕਰਨ ਲੱਗ ਪਏ ਹਨ। ਜੇ ਇੱਕ ਡੇਰੇਦਾਰ ਇੰਨ੍ਹਾਂ ਬਾਣਾਧਾਰੀ ਸਿੱਖ ਡੇਰੇਦਾਰ ਬ੍ਰਾਹਮਣਾਂ ਦਾ ਤਿਆਗ ਕਰ ਸਕਦਾ ਹੈ ਤਾਂ ਅਸੀਂ ਕਿਉਂ ਨਹੀ ਐਸਾ ਕਰ ਸਕਦੇ? ਇਸ ਪਾਸੇ ਸ਼ੀਂ ਕਦੋਂ ਪ੍ਰੈਕਟੀਕਲ ਰੂਪ ਵਿੱਚ ਪਹਿਰਾ ਦੇਵਾਂਗੇ?

ਕੀ ਅਸੀਂ ਅਜੇ ਵੀ ਰਿਸ਼ਤੇਦਾਰੀਆਂ, ਗਰਜਾਂ, ਲਿਹਾਜਦਾਰੀਆਂ ਅਤੇ ਅਖੌਤੀ ਮਰਯਾਦਾਵਾਂ ਦੇ ਹਊਏ ਪਾਲੀ ਜਾਂਵਾਂਗੇ? ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਬਾਣੀ ਦੇ ਸਿਧਾਂਤਾਂ ਦਾ ਮੂੰਹ ਮੁਹਾਂਦਰਾਂ ਵਿਗਾੜਨ ਵਾਲਿਆਂ ਨੂੰ ਹੋਰ ਕਿੰਨ੍ਹਾ ਕੁ ਚਿਰ ਜਥੇਦਾਰ ਤੇ ਸੰਤ ਬਾਬੇ ਮੰਨੀ ਜਾਂਵਾਂਗੇ? ਜੇ ਤਨੋਂ ਮਨੋਂ ਗੁਰੂ ਗ੍ਰੰਥ ਸਾਹਿਬ ਦੇ ਸਿੱਖ ਹੋ ਤਾਂ ਜਰੂਰ ਸੋਚੋ!

# ਭਗਤ ਸਿੰਘ ਦਾ ਜਲ੍ਹਿਆਂਵਾਲਾ ਬਾਗ ਵਿਖੇ ਸਜਦਾ



ਮਲਵਿੰਦਰ ਜੀਤ ਸਿੰਘ ਵੜੈਚ (ਪ੍ਰੋ.)
0172-2556314

ਇਸ ਲੇਖ ਨਾਲ ਭਗਤ ਸਿੰਘ ਦੀ ਤਸਵੀਰ ਹੈ ਜਦੋਂ ਉਹ ਦਸ ਵਰ੍ਹਿਆਂ ਦਾ ਸੀ। ਉਹ ਕਿੰਨਾ ਅਨਭੋਲ ਲੱਗਦਾ ਹੈ ਪਰ ਇਕ ਅੱਧ ਵਰ੍ਹੇ ਪਿੱਛੋਂ ਹੀ ਇਹ ਬੱਚਾ ਸਾਲ 1919 ਦੀ ਵਿਸਾਖੀ ਮੌਕੇ ਜਲ੍ਹਿਆਂਵਾਲਾ ਦੇ ਘੱਲੂਘਾਰੇ ਦੇ ਅਗਲੇ ਹੀ ਦਿਨ ਘਰੋਂ ਨਿਕਲਦਾ ਹੈ। ਰੋਜ਼ ਵਾਂਗ ਲਾਹੌਰ ਡੀ. ਏ. ਵੀ. ਸਕੂਲ ਨਾ ਜਾ ਕੇ ਸਟੇਸ਼ਨੋਂ ਗੱਡੀ ਫੜ ਕੇ ਅੰਮ੍ਰਿਤਸਰ ਪਹੁੰਚ ਜਾਂਦਾ ਹੈ।



ਮੌਕੇ ’ਤੇ ਲਾਹੌਰ ਦੇ ਸੈਂਕੜੇ ਲੋਕ ਮੌਜੂਦ ਸਨ, ਜਿਨ੍ਹਾਂ ਨੇ ਸ਼ਾਮੀ ਪਰਤ ਕੇ ਅੱਖੀਂ ਡਿੱਠਾ ਹਾਲ ਸੁਣਾਇਆ। ਇਯ ਅਫਸਾਨੇ ਨੇ ਲੋਕਾਈ ਨੂੰ ਹਲੂਣ ਕੇ ਰੱਖ ਦਿੱਤਾ ਸੀ। ਤੇ ਭਗਤ ਸਿੰਘ ਦੇ ਦੇਸ਼ ਭਗਤ ਪਰਿਵਾਰ ਨੂੰ ਤਾਂ ਆਮ ਲੋਕਾਂ ਨਾਲੋਂ ਕਿਤੇ ਵਧੇਰੇ ਸੇਕ ਲੱਗਿਆ ਹੋਵੇਗਾ। ਭਗਤ ਸਿੰਘ ਉਸ ਰਾਤ ਸ਼ਾਇਦ ਹੀ ਸੌਂ ਸਕਿਆ ਹੋਵੇਗਾ। ਜ਼ਾਲਮ ਹਕੂਮਤ ਦੇ ਵਹਿਸ਼ੀਆਨਾ ਕਾਰੇ ਨੇ ਉਸਦੇ ਅੰਦਰ ਪਤਾ ਨਹੀਂ ਕਿੰਨਾ ਕੁ ਵੱਡਾ ਬਦਲੇ ਦਾ ਭਾਂਬੜ ਬਾਲ ਦਿੱਤਾ ਹੋਵੇਗਾ। ਇੰਝ ਹੋਇਆ ਹੀ ਹੋਵੇਗਾ ਤਾਂ ਹੀ ਭਗਤ ਸਿੰਘ ਦੇ ਪੈਰ ਅਗਲੀ ਸਵੇਰ ਸਕੂਲ ਵੱਲ ਜਾਣ ਦੀ ਬਜਾਏ ਉਸ ਲਹੂ ਭਿੱਜੀ ਧਰਤੀ ਵੱਲ ਨੂੰ ਹੋ ਤੁਰੇ। ਇਕੱਲਿਆਂ ਸਫਰ ਕਰਨਾ ਤਾਂ ਉਸ ਲਈ ਸਧਾਰਨ ਜਿਹੀ ਗੱਲ ਸੀ ਕਿਉਂਕਿ ਉਹ ਉਹਨੀਂ ਦਿਨੀਂ ਇਕੱਲਾ ਲਾਇਲਪੁਰ ਜ਼ਿਲ੍ਹੇ ਦੇ ਪਿੰਡ ਬੰਗੇ ਵੀ ਆ-ਜਾ ਲੈਂਦਾ ਸੀ। ਲਿਹਾਜ਼ਾ ਅੰਮ੍ਰਿਤਸਰ ਸਟੇਸ਼ਨ ਤੋਂ ਜਲ੍ਹਿਆਂਵਾਲੇ ਬਾਗ ਪਹੁੰਚਣਾ ਵੀ ਕੋਈ ਮਸਲਾ ਨਹੀਂ ਸੀ ਕਿਉਂ ਜੋ ਉਹ ਕਦੇ ਕਦਾਈ ’ਭਾਈਆ ਜੀ’ ਨਾਲ ਜਲਸਿਆਂ ਵਿਚ ਉਥੇ ਜਾਂਦਾ ਰਿਹਾ ਸੀ। ਇਹ ਤਾਂ ਕਿਹਾ ਨਹੀਂ ਜਾ ਸਕਦਾ ਕਿ ਉਸ ਨੇ ਉਥੇ ਲਹੂ ਲਿੱਬੜੀ ਮਿੱਟੀ ਲਿਆਉਣ ਦਾ ਫੈਸਲਾ ਕਿਉਂ ਕੀਤਾ ਸੀ ਪਰ ਮੌਕੇ ’ਤੇ ਪਹੁੰਚਣ ਵੇਲੇ ਉਸ ਦੇ ਪਜਾਮੇ ਦੀ ਜੇਬ ਵਿਚ ਖੁੱਲ੍ਹੇ ਮੂੰਹ ਵਾਲੀ ਸ਼ੀਸ਼ੀ ਜ਼ਰੂਰ ਮੌਜੂਦ ਸੀ।

ਭਗਤ ਸਿੰਘ ਉਸ ਵੇਲੇ ਕਿੰਝ ਲੱਗਦਾ ਹੋਵੇਗਾ। ਸਿਰ ’ਤੇ ਆਮ ਨਾਲੋਂ ਵੀ ਢਿੱਲੀ ਢੱਠੀ ਛੋਟੀ ਜਿਹੀ ਪੱਗ, ਵੱਟੋ ਵੱਟ ਮਧੋਲਿਆ ਜਿਹਾ ਕਮੀਜ਼ ਪਜਾਮਾ, ਡੌਰ-ਭੌਰ ਅੱਖਾਂ, ਧੁਸਿਆ ਹੋਇਆ ਚਿਹਰਾ, ਸੇਜ਼ਲ ਅੱਖਾਂ ਝੁਕੀਂ ਅਤੇ ਕਿਤੇ ਦੂਰ-ਦੁਰਾਡੇ ਗੁਆਚੀਆਂ ਹੋਈਆਂ।

ਉਸ ਨੇ ਮਿੱਟੀ ਭਰਨ ਲਈ ਜੇਬ੍ਹ ’ਚੋਂ ਸ਼ੀਸ਼ੀ ਕੱਢੀ। ਮਿੱਟੀ ਭਾਵੇਂ ਅਜੇ ਸਿੱਲ੍ਹੀ ਸੀ ਪਰ ਸੰਘਣੇ ਲਹੂ ਨਾਲ ਜੰਮੀ ਹੋਈ ਹੋਣ ਕਰਕੇ ਖਾਲੀ ਹੱਥ ਨਾ ਪੁੱਟੀ ਨਹੀਂ ਸੀ ਜਾ ਰਹੀ। ਉਸ ਨੇ ਇੱਧਰੋਂ ਉਧਰੋਂ ਇਕ ਠੀਕਰੀ ਲਿਆ ਕੇ ਮਿੱਟੀ ਖੁਰਚੀ ਅਤੇ ਸ਼ੀਸ਼ੇ ’ਚ ਭਰ ਲਈ। ਪਤਾ ਨਹੀਂ ਉਸ ਨੂੰ ਕਿਹੜਾ ਸਫਰ ਜ਼ਿਆਦਾ ਮੁਸ਼ਕਿਲ ਲੱਗਿਆ ਹੋਵੇਗਾ, ਪਹੁੰਚਣ ਵਾਲਾ ਜਾਂ ਵਾਪਸੀ ਵਾਲਾ। ਪਰ ਇੰਝ ਤਾਂ ਕਿਹਾ ਹੀ ਜਾ ਸਕਦਾ ਹੈ ਕਿ ਵਾਪਸੀ ਵੇਲੇ ਭਗਤ ਸਿੰਘ ਪਹਿਲਾਂ ਵਾਲਾ ਭਗਤ ਸਿੰਘ ਨਹੀਂ ਸੀ। ਸ਼ਾਮੀ ਉਸ ਦੇ ਘਰ ਪਰਤਣ ਵੇਲੇ ਤੱਕ ਘਰ ਵਾਲੇ ਫਿਕਰ ’ਚ ਡੁੱਬੇ ਹੋਏ ਸਨ। ਉਦਾਸ ਜਿਹੇ ਮਾਹੌਲ ਨੇ ਚਿੰਤਾ ਨੂੰ ਦੂਣ ਸਵਾਇਆ ਕਰ ਦਿੱਤਾ ਸੀ। ਘਰ ਪਹੁੰਚਦਿਆਂ ਹੀ ਅੱਗੋਂ ਭੱਜ ਕੇ ਮਿਲੀ ਛੋਟੀ ਭੈਣ ਅਮਰੋ, ਜੋ ਵੀਰ ਦੇ ਵਿਛੋੜੇ ’ਚ ਪਲ-ਪਲ ਨੂੰ ਮਸਾਂ ਝੱਲ ਰਹੀ ਸੀ, ਨੇ ਵੀਰ ਨੂੰ ਦੇਖ ਕੇ ਕਿਹਾ; “ਵੀਰ, ਮੈਂ ਤੇਰੇ ਲਈ ਅੰਬੀਆਂ ਰੱਖੀਆਂ ਹੋਈਆਂ ਨੇ।”

ਪਰ ਵੀਰ ਗੁਆਚਾ ਹੋਇਆ, ਨਿਮੋਝੂਣਾ ਜਿਹਾ ਲੱਗਦਾ ਸੀ। ਜਿਵੇਂ ਉਹ ਪਹਿਲਾਂ ਵਾਲਾ ਵੀਰਾ ਰਿਹਾ ਹੀ ਨਾ ਹੋਵੇ। ਭੈਣ ਨੂੰ ਨਾਲ ਲਿਜਾ ਕੇ ਜੇਬ ’ਚੋਂ ਸ਼ੀਸ਼ੀ ਕੱਢ ਕੇ ਵਿਖਾਉਂਦਿਆਂ ਕਿਹਾ ਕਿ ਇਹ ਲਹੂ ਭਿੱਜੀ ਮਿੱਟੀ ਉਹ ਜਲ੍ਹਿਆਂਵਾਲੇ ਬਾਗ ਤੋਂ ਲੈ ਕੇ ਆਇਆ ਹੈ। ”ਅਮਰੋ ਬਾਹਰੋਂ ਫੁੱਲ ਪੱਤੀਆਂ ਲਿਆ, ਮੈਂ ਇਸ ਦੇ ਦੁਆਲੇ ਸਜਾਵਾਂਗੇ। ਤੇ ਇੰਝ ਹੀ ਕੀਤਾ ਗਿਆ। 14 ਅਪ੍ਰੈਲ 1919 ਨੂੰ ਲਿਆਂਦੀ ਇਹ ਮਿੱਟੀ ਜ਼ਿੰਦਗੀ ਭਰ ਭਗਤ ਸਿੰਘ ਲਈ ਪ੍ਰੇਰਨਾ ਸਰੋਤ ਬਣੀ ਰਹੀ। ਬਾਰਾਂ ਵਰ੍ਹਿਆਂ ਦੇ ਭਗਤ ਸਿੰਘ ਨੇ ਜ਼ਿੰਦਗੀ ਦੇ ਰਹਿੰਦੇ ਬਾਰਾਂ ਸਾਲ ਦੇਸ਼ ਦੀ ਆਜ਼ਾਦੀ ਦੇ ਘੋਲ ਲੇਖੇ ਲਾ ਦਿੱਤੇ।



ਸੀਤਾ ਰਾਮ ਬਾਂਸਲ ਮਾਧੋਪੁਰੀ

**ਬਾਬਾ ਸਾਹਿਬ ਡਾ. ਭੀਮ ਰਾਉ ਅੰਬੇਡਕਰ ਜੀ ਬਾਰੇ ਜਾਣਕਾਰੀ ਵੱਟਸਐਪ 'ਤੇ ਹਿੰਦੀ 'ਚ ਸੀ ਜਿਸਨੂੰ ਪੰਜਾਬੀ 'ਚ ਅਨੁਵਾਦ ਅਤੇ ਇਸ ਵਿੱਚ ਹੋਰ ਵਾਧਾ ਕੀਤਾ ਹੈ ਸੀਤਾ ਰਾਮ ਬਾਂਸਲ ਨੇ**

ਪ੍ਰਸ਼ਨ 1 - ਡਾ. ਅੰਬੇਡਕਰ ਦਾ ਜਨਮ ਕਦੋਂ ਹੋਇਆ ਸੀ?
ਉੱਤਰ - 14 ਅਪ੍ਰੈਲ 1891
ਪ੍ਰਸ਼ਨ 2- ਡਾ. ਅੰਬੇਡਕਰ ਦਾ ਜਨਮ ਕਿੱਥੇ ਹੋਇਆ ਸੀ?
ਉੱਤਰ - ਮੱਧ ਪ੍ਰਦੇਸ਼, ਇੰਦੌਰ ਦੀ ਮਹੂ ਛਾਉਣੀ ਵਿੱਚ।
ਪ੍ਰਸ਼ਨ 3 - ਡਾ. ਅੰਬੇਡਕਰ ਦੇ ਪਿਤਾ ਜੀ ਦਾ ਕੀ ਨਾਮ ਸੀ?
ਉੱਤਰ - ਰਾਮਜੀ ਮੋਲਾਜੀ ਸਕਪਾਲ ।
ਪ੍ਰਸ਼ਨ 4 - ਡਾ. ਅੰਬੇਡਕਰ ਦੀ ਮਾਤਾ ਦਾ ਕੀ ਨਾਮ ਸੀ?
ਉੱਤਰ - ਭੀਮਾ ਬਾਈ।
ਪ੍ਰਸ਼ਨ 5- ਡਾ. ਅੰਬੇਡਕਰ ਦੇ ਪਿਤਾ ਜੀ ਕੀ ਕੰਮ ਕਰਦੇ ਸਨ?
ਉੱਤਰ - ਫੌਜ ਵਿੱਚ ਸੂਬੇਦਾਰ ਸਨ।
ਪ੍ਰਸ਼ਨ 6 - ਡਾ. ਅੰਬੇਡਕਰ ਦੀ ਮਾਤਾ ਜੀ ਦਾ ਦਿਹਾਂਤ ਕਦੋਂ ਹੋਇਆ ਸੀ?
ਉੱਤਰ - 1896
ਪ੍ਰਸ਼ਨ 7- ਮਾਤਾ ਜੀ ਦੇ ਦਿਹਾਂਤ ਸਮੇਂ ਡਾ. ਅੰਬੇਡਕਰ ਦੀ ਉਮਰ ਕਿੰਨੀ ਸੀ?
ਉੱਤਰ - 5 ਸਾਲ ।
ਪ੍ਰਸ਼ਨ 8 - ਡਾ. ਅੰਬੇਡਕਰ ਕਿਹੜੀ ਜਾਤ 'ਚ ਜਨਮੇਂ ਸਨ?
ਉੱਤਰ - ਮਹਾਰ ਜਾਤ 'ਚ।
ਪ੍ਰਸ਼ਨ 9 - ਮਹਾਰ ਜਾਤੀ ਨੂੰ ਕਿਹੋ ਜਿਹਾ ਮੰਨਿਆਂ ਜਾਂਦਾ ਸੀ?
ਉੱਤਰ - ਅਛੂਤ ( ਨੀਵੀਂ ਜਾਤ)
ਪ੍ਰਸ਼ਨ 10 -ਡਾ. ਅੰਬੇਡਕਰ ਨੂੰ ਸਕੂਲ ਵਿੱਚ ਕਿੱਥੇ ਬਿਠਾਇਆ ਜਾਂਦਾ ਸੀ?
ਉੱਤਰ - ਕਲਾਸ ਤੋਂ ਬਾਹਰ।
ਪ੍ਰਸ਼ਨ 11 - ਡਾ. ਅੰਬੇਡਕਰ ਨੂੰ ਸਕੂਲ ਵਿੱਚ ਪਾਣੀ ਕਿਵੇਂ ਪਿਲਾਇਆ ਜਾਂਦਾ ਸੀ?
ਉੱਤਰ - ਉੱਚੀ ਜਾਤ ਦਾ ਵਿਅਕਤੀ ਉੱਚਾਈ ਤੋਂ ਉਨ੍ਹਾਂ ਦੇ ਹੱਥਾਂ 'ਤੇ ਪਾਣੀ ਪਾਉਂਦਾ ਸੀ।
ਪ੍ਰਸ਼ਨ 12 - ਬਾਬਾ ਸਾਹਿਬ ਡਾ. ਅੰਬੇਡਕਰ ਦਾ ਵਿਆਹ ਕਦੋਂ ਅਤੇ ਕਿਹਦੇ ਨਾਲ ਹੋਇਆ?
ਉੱਤਰ - 1909 ਵਿੱਚ ਰਮਾਬਾਈ ਨਾਲ।
ਪ੍ਰਸ਼ਨ 13 - ਬਾਬਾ ਸਾਹਿਬ ਡਾ. ਅੰਬੇਡਕਰ ਨੇ ਮੈਟ੍ਰਿਕ ਪ੍ਰੀਖਿਆ ਕਦੋਂ ਪਾਸ ਕੀਤੀ?
ਉੱਤਰ - 1907 ਵਿੱਚ।
ਪ੍ਰਸ਼ਨ 14 - ਡਾ. ਅੰਬੇਡਕਰ ਦੇ ਬੰਬਈ ਯੂਨੀਵਰਸਿਟੀ ਵਿੱਚ ਦਾਖਲਾ ਲੈਣ ਨਾਲ ਕੀ ਹੋਇਆ?
ਉੱਤਰ - ਡਾ. ਅੰਬੇਡਕਰ ਭਾਰਤ ਦੇ ਪਹਿਲੇ ਅਛੂਤ ਸਨ ਜਿਨ੍ਹਾਂ ਨੇ ਕਾਲਜ ਵਿੱਚ ਦਾਖਲਾ ਲਿਆ।
ਪ੍ਰਸ਼ਨ 15 - ਬੜੌਦਾ ਦੇ ਮਹਾਰਾਜਾ ਸੀਆਜੀ ਗਾਇਕਵਾੜ ਨੇ ਡਾ. ਅੰਬੇਡਕਰ ਨੂੰ ਕਿੱਥੇ ਪੜ੍ਹਨ ਭੇਜਿਆ?
ਉੱਤਰ - ਕੋਲੰਬੀਆ ਯੂਨੀਵਰਸਿਟੀ ਨਿਊਯਾਰਕ, ਅਮਰੀਕਾ ਵਿੱਚ।
ਪ੍ਰਸ਼ਨ 16 - ਬੈਰਿਸਟਰ ਦੀ ਪੜ੍ਹਾਈ ਕਰਨ ਲਈ ਬਾਬਾ ਸਾਹਿਬ ਕਿੱਥੇ ਕਦੋਂ ਗਏ?
ਉੱਤਰ - 11 ਨਵੰਬਰ 1917, ਲੰਡਨ ਵਿੱਚ।
ਪ੍ਰਸ਼ਨ 17 - ਬੜੌਦਾ ਦੇ ਮਹਾਰਾਜਾ ਨੇ ਡਾ. ਅੰਬੇਡਕਰ ਨੂੰ ਆਪਣੇ ਰਾਜ ਵਿੱਚ ਕਿਹੜੇ ਅਹੁਦੇ 'ਤੇ ਰੱਖਿਆ?
ਉੱਤਰ - ਸੈਨਿਕ ਸਕੱਤਰ ਦੇ ਅਹੁਦੇ 'ਤੇ।
ਪ੍ਰਸ਼ਨ 18 - ਬਾਬਾ ਸਾਹਿਬ ਡਾ. ਅੰਬੇਡਕਰ ਨੇ ਸੈਨਿਕ ਸਕੱਤਰ ਦਾ ਅਹੁਦਾ ਕਿਉਂ ਛੱਡਿਆ?
ਉੱਤਰ - ਛੂਆਛੂਤ ਕਰਕੇ।
ਪ੍ਰਸ਼ਨ 19 - ਬੜੌਦਾ ਰਿਆਸਤ ਵਿੱਚ ਬਾਬਾ ਸਾਹਿਬ ਡਾ. ਅੰਬੇਡਕਰ ਕਿੱਥੇ ਠਹਿਰੇ ਸਨ?
ਉੱਤਰ - ਪਾਰਸੀ ਸਰਾਂ ਵਿੱਚ।
ਪ੍ਰਸ਼ਨ 20 - ਡਾ. ਅੰਬੇਡਕਰ ਨੇ ਨਵਾਂ ਸੰਕਲਪ ਕੀ ਲਿਆ?
ਉੱਤਰ - ਜਦੋਂ ਤੱਕ ਇਸ ਅਛੂਤ ਸਮਾਜ ਦੀਆਂ ਕਠਿਨਾਈਆਂ ਨੂੰ ਦੂਰ ਨਾਂ ਕਰ ਲਵਾਂ ਉਦੋਂ ਤੱਕ ਚੈਨ ਨਾਲ ਨਹੀ ਬੈਠਾਂਗਾ।
ਪ੍ਰਸ਼ਨ 21 - ਡਾ. ਅੰਬੇਡਕਰ ਨੇ ਕਿਹੜੀ ਅਖਬਾਰ ਸ਼ੁਰੂ ਕੀਤੀ?
ਉੱਤਰ - ਮੂਕਨਾਇਕ।
ਪ੍ਰਸ਼ਨ 22 - ਬਾਬਾ ਸਾਹਿਬ ਡਾ. ਅੰਬੇਡਕਰ ਵਕੀਲ ਕਦੋਂ ਬਣੇ?
ਉੱਤਰ- 1923 ਵਿੱਚ।
ਪ੍ਰਸ਼ਨ 23 -ਡਾ. ਅੰਬੇਡਕਰ ਨੇ ਵਕਾਲਤ ਕਿੱਥੋਂ ਸ਼ੁਰੂ ਕੀਤੀ?
ਉੱਤਰ- ਬੰਬੇ (ਹੁਣ ਮੁੰਬਈ) ਹਾਈਕੋਰਟ ਤੋਂ।
ਪ੍ਰਸ਼ਨ 65 - ਡਾ. ਅੰਬੇਡਕਰ ਨੇ ਆਪਣੇ ਅਨੁਯਾਈਆਂ ਨੂੰ ਕੀ ਸੰਦੇਸ਼ ਦਿੱਤਾ?
ਉੱਤਰ- ਪੜ੍ਹੋ, ਜੁੜੋ ਅਤੇ ਸੰਘਰਸ਼ ਕਰੋ।
ਪ੍ਰਸ਼ਨ 25 - ਡਾ. ਅੰਬੇਡਕਰ ਨੇ ਬਹਿਸ਼ਕ੍ਰਿਤ ਭਾਰਤ ਅਖਬਾਰ ਛਾਪਣੀ ਕਦੋਂ ਸ਼ੁਰੂ ਕੀਤੀ?
ਉੱਤਰ- 3 ਅਪ੍ਰੈਲ 1927
ਪ੍ਰਸ਼ਨ 26 - ਬਾਬਾ ਸਾਹਿਬ ਲਾਅ ਕਾਲਜ ਦੇ ਪ੍ਰੋਫੈਸਰ ਕਦੋਂ ਬਣੇ?
ਉੱਤਰ- 1928 ਵਿੱਚ।
ਪ੍ਰਸ਼ਨ 27 - ਬਾਬਾ ਸਾਹਿਬ ਡਾ.ਅੰਬੇਡਕਰ ਬੰਬੇ (ਹੁਣ ਮੁੰਬਈ) ਵਿੱਚ ਸਾਈਮਨ ਕਮਿਸ਼ਨ ਦੇ ਮੈਂਬਰ ਕਦੋਂ ਬਣੇ?
ਉੱਤਰ- 1928 ਵਿੱਚ।
ਪ੍ਰਸ਼ਨ 28 - ਬਾਬਾ ਸਾਹਿਬ ਡਾ. ਅੰਬੇਡਕਰ ਵੱਲੋਂ ਵਿਧਾਨ ਸਭਾ ਵਿੱਚ ਮਾਹਰ ਵੇਤਨ ਬਿੱਲ ਕਦੋਂ ਪੇਸ਼ ਕੀਤਾ?
ਉੱਤਰ- 14 ਮਾਰਚ 1929
ਪ੍ਰਸ਼ਨ 29 - ਬਾਬਾ ਸਾਹਿਬ ਡਾ. ਅੰਬੇਡਕਰ ਨੇ ਕਾਲਾ ਰਾਮ ਮੰਦਿਰ ਵਿੱਚ ਅਛੂਤਾਂ ਦਾ ਪ੍ਰਵੇਸ਼ ਕਰਵਾਉਣ ਲਈ ਸੰਘਰਸ਼ ਕਦੋਂ ਸ਼ੁਰੂ ਕੀਤਾ?
ਉੱਤਰ- 3 ਮਾਰਚ 1930
ਪ੍ਰਸ਼ਨ 30 - ਪੂਨਾ ਪੈਕਟ (ਸਮਝੌਤਾ) ਕਿਨ੍ਹਾਂ ਵਿੱਚ ਹੋਇਆ?
ਉੱਤਰ- ਬਾਬਾ ਸਾਹਿਬ ਡਾ. ਅੰਬੇਡਕਰ ਅਤੇ ਮਹਾਤਮਾ ਗਾਂਧੀ ਵਿੱਚ।
ਪ੍ਰਸ਼ਨ 31 - ਮਹਾਤਮਾ ਗਾਂਧੀ ਦੇ ਜੀਵਨ ਦੀ ਭੀਖ ਮੰਗਣ ਬਾਬਾ ਸਾਹਿਬ ਡਾ. ਅੰਬੇਡਕਰ ਕੋਲ ਕੌਣ ਆਇਆ ਸੀ?
ਉੱਤਰ- ਸ਼੍ਰੀਮਤੀ ਕਸਤੂਰਬਾ ਗਾਂਧੀ।
ਪ੍ਰਸ਼ਨ 32 - ਬਾਬਾ ਸਾਹਿਬ ਡਾ. ਅੰਬੇਡਕਰ ਨੂੰ ਗੋਲ ਮੇਜ ਕਾਨਫਰੰਸ ਦਾ ਸੱਦਾ ਕਦੋਂ ਮਿਲਿਆ?
ਉੱਤਰ- 6 ਅਗਸਤ 1930
ਪ੍ਰਸ਼ਨ 33 - ਡਾ. ਅੰਬੇਡਕਰ ਨੇ ਪੂਨਾ ਸਮਝੌਤਾ ਕਦੋਂ ਕੀਤਾ?
ਉੱਤਰ- 1932
ਪ੍ਰਸ਼ਨ 34 - ਬਾਬਾ ਸਾਹਿਬ ਡਾ. ਅੰਬੇਡਕਰ ਨੂੰ ਸਰਕਾਰੀ ਲਾਅ ਕਾਲਜ ਦਾ ਪ੍ਰਿੰਸੀਪਲ ਕਦੋਂ ਨਿਯੁਕਤ ਕੀਤਾ ਗਿਆ?
ਉੱਤਰ- 13 ਅਕਤੂਬਰ 1935 ਨੂੰ।
ਪ੍ਰਸ਼ਨ 35 - "ਮੈਨੂੰ ਪੜ੍ਹੇ ਲਿਖੇ ਲੋਕਾਂ ਨੇ ਧੋਖਾ ਦਿੱਤਾ" -ਇਹ ਸ਼ਬਦ ਬਾਬਾ ਸਾਹਿਬ ਡਾ. ਅੰਬੇਡਕਰ ਨੇ ਕਦੋਂ ਅਤੇ ਕਿੱਥੇ ਕਹੇ ਸਨ?
ਉੱਤਰ- 18 ਮਾਰਚ 1956 ਨੂੰ ਆਗਰਾ ਵਿੱਚ।
ਪ੍ਰਸ਼ਨ 36 - ਬਾਬਾ ਸਾਹਿਬ ਡਾ. ਅੰਬੇਡਕਰ ਦੇ ਪੀ ਏ (ਨਿੱਜੀ ਸਹਾਇਕ) ਕੌਣ ਸਨ?
ਉੱਤਰ- ਨਾਨਕ ਚੰਦ ਰੱਤੂ।
ਪ੍ਰਸ਼ਨ 37 - ਬਾਬਾ ਸਾਹਿਬ ਡਾ. ਅੰਬੇਡਕਰ ਨੇ ਆਪਣੇ ਅਨੁਯਾਈਆਂ ਨੂੰ ਕੀ ਕਿਹਾ ਸੀ?
ਉੱਤਰ- ਇਸ ਕਾਰਵਾਂ ਨੂੰ ਬੜੀ ਮੁਸ਼ਕਿਲ ਨਾਲ ਇੱਥੇ ਤੱਕ ਲੈ ਕੇ ਆਇਆ ਹਾਂ।ਇਸਨੂੰ ਅੱਗੇ ਨਹੀਂ ਲਿਜਾ ਸਕਦੇ ਤਾਂ ਇਸਨੂੰ ਪਿਛਾਂਹ ਵੀ ਨਾਂ ਜਾਣ ਦੇਣਾ।
ਪ੍ਰਸ਼ਨ 38- ਦੇਸ਼ ਦੇ ਪਹਿਲੇ ਕਨੂੰਨ ਮੰਤਰੀ ਕੌਣ ਸਨ?
ਉੱਤਰ- ਬਾਬਾ ਸਾਹਿਬ ਡਾ. ਅੰਬੇਡਕਰ।
ਪ੍ਰਸ਼ਨ 39 - ਆਜ਼ਾਦ ਭਾਰਤ ਦੇ ਨਵੇਂ ਸੰਵਿਧਾਨ ਦੀ ਰਚਨਾ ਕਿਸਨੇ ਕੀਤੀ?
ਉੱਤਰ- ਬਾਬਾ ਸਾਹਿਬ ਡਾ. ਅੰਬੇਡਕਰ ਨੇ।
ਪ੍ਰਸ਼ਨ 40 - ਡਾ. ਅੰਬੇਡਕਰ ਨੇ ਭਾਰਤੀ ਸੰਵਿਧਾਨ ਕਿੰਨੇ ਸਮੇਂ 'ਚ ਲਿਖਿਆ?
ਉੱਤਰ- 2 ਸਾਲ 11 ਮਹੀਨੇ 18 ਦਿਨਾਂ 'ਚ।




ਪ੍ਰਸ਼ਨ 41 - ਡਾ. ਅੰਬੇਡਕਰ ਨੇ ਬੁੱਧ ਧਰਮ ਕਦੋਂ ਅਤੇ ਕਿੱਥੇ ਅਪਣਾਇਆ?
ਉੱਤਰ- 14 ਅਕਤੂਬਰ 1956, ਦੀਕਸ਼ਾ ਭੂਮੀ, ਨਾਗਪੁਰ।
ਪ੍ਰਸ਼ਨ 42 - ਡਾ. ਅੰਬੇਡਕਰ ਨੇ ਬੁੱਧ ਧਰਮ ਕਿੰਨੇ ਲੋਕਾਂ ਨਾਲ ਅਪਣਾਇਆ?
ਉੱਤਰ- ਲਗਪਗ 10 ਲੱਖ ਲੋਕਾਂ ਨਾਲ।
ਪ੍ਰਸ਼ਨ 43 - ਰਾਜਾ ਬਣਨ ਲਈ ਰਾਣੀ ਦੇ ਪੇਟ ਦੀ ਜਰੂਰਤ ਨਹੀਂ, ਤੁਹਾਡੇ ਵੋਟ ਦੀ ਜਰੂਰਤ ਹੈ - ਇਹ ਸ਼ਬਦ ਕਿਸਨੇ ਕਹੇ ਸਨ?
ਉੱਤਰ- ਬਾਬਾ ਸਾਹਿਬ ਡਾ. ਅੰਬੇਡਕਰ ਨੇ।
ਪ੍ਰਸ਼ਨ 44 - ਬਾਬਾ ਸਾਹਿਬ ਡਾ. ਅੰਬੇਡਕਰ ਦੀ ਮਹਾਨ ਕਿਤਾਬ ਦਾ ਨਾਮ ਦੱਸੋ?
ਉੱਤਰ- ਦਾ ਬੁੱਧ ਐਂਡ ਹਿਜ ਧੰਮਾ (ਬੁੱਧ ਅਤੇ ਉਨ੍ਹਾਂ ਦਾ ਧੰਮ)
ਪ੍ਰਸ਼ਨ 45 - ਬਾਬਾ ਸਾਹਿਬ ਡਾ. ਅੰਬੇਡਕਰ ਨੇ ਕਿਹੜੇ ਕਿਹੜੇ ਦੇਸ਼ ਵਿੱਚ ਉੱਚ ਸਿੱਖਿਆ ਪ੍ਰਾਪਤ ਕੀਤੀ?
ਉੱਤਰ- ਅਮਰੀਕਾ ਅਤੇ ਇੰਗਲੈਂਡ ਵਿੱਚ।
ਪ੍ਰਸ਼ਨ 46 - ਵਾਇਸਰਾਏ ਨੇ ਡਾ. ਅੰਬੇਡਕਰ ਨੂੰ ਆਪਣੀ ਕੌਂਸਲ ਦਾ ਮੈਂਬਰ ਕਦੋਂ ਬਣਾਇਆ?
ਉੱਤਰ- 20 ਜੁਲਾਈ 1942 ਨੂੰ।
ਪ੍ਰਸ਼ਨ 47 - ਬਾਬਾ ਸਾਹਿਬ ਡਾ. ਅੰਬੇਡਕਰ ਨੇ ਅਮਰੀਕਾ ਦੀ ਕੋਲੰਬੀਆ ਯੂਨੀਵਰਸਿਟੀ ਵਿੱਚ 2 ਜੂਨ 1915 ਨੂੰ ਪਾਸ ਕੀਤੀ ਐਮ ਏ ਡਿਗਰੀ ਲਈ ਕਿਹੜਾ ਖੋਜ ਪ੍ਰਬੰਧ ਲਿਖਿਆ?
ਉੱਤਰ- ਐਡਮਿਨਿਸਟ੍ਰੇਸ਼ਨ ਐਂਡ ਫਾਈਨਾਂਸ ਆਫ ਈਸਟ ਇੰਡੀਆ ਕੰਪਨੀ
ਪ੍ਰਸ਼ਨ 48 - ਡਾ. ਅੰਬੇਡਕਰ ਦਾ ਕੋਲੰਬੀਆ ਯੂਨੀਵਰਸਿਟੀ ਵਿੱਚ ਪੜ੍ਹਿਆ ਖੋਜ ਪੱਤਰ ਕਿਹੜਾ ਸੀ ਜੋ ਉੱਥੇ ਕਿਤਾਬੀ ਰੂਪ 'ਚ ਛਪਿਆ ਸੀ?
ਉੱਤਰ- ਕਾਸਟਸ ਇਨ ਇੰਡੀਆ - ਦੇਅਰ ਮਕੈਨਿਜ਼ਮ ਜੈਨੇਸਿਜ਼ ਐਂਡ ਡਿਵੈਲਪਮੈਂਟ
ਪ੍ਰਸ਼ਨ 49- ਜੂਨ 1916 'ਚ ਕੋਲੰਬੀਆ ਯੂਨੀਵਰਸਿਟੀ ਤੋਂ ਪੀ ਐਚ ਡੀ ਦੀ ਉਪਾਧੀ ਲਈ ਬਾਬਾ ਸਾਹਿਬ ਅੰਬੇਡਕਰ ਨੇ ਕਿਹੜਾ ਖੋਜ ਪ੍ਰਬੰਧ ਪੇਸ਼ ਕੀਤਾ?
ਉੱਤਰ- ਦਾ ਨੈਸ਼ਨਲ ਡਿਵੈਲਪਮੈਂਟ ਆਫ ਇੰਡੀਆ: ਏ ਹਿਸਟੌਰਿਕ ਐਂਡ ਐਨੇ-ਲਿਟੀਕਲ ਸਟੱਡੀ
ਪ੍ਰਸ਼ਨ 50 - 20 ਜੂਨ 1921 ਨੂੰ ਐਮ ਐਸ ਸੀ ਡਿਗਰੀ ਲਈ ਲੰਡਨ ਯੂਨੀਵਰਸਿਟੀ 'ਚ ਕਿਹੜਾ ਖੋਜ ਪ੍ਰਬੰਧ ਪੇਸ਼ ਕੀਤਾ?
ਉੱਤਰ- ਪ੍ਰੋਵਿੰਸਲ ਆਫ ਇੰਪੀਰੀਅਲ ਫਾਈਨਾਂਸ ਇਨ ਇੰਡੀਆ
ਪ੍ਰਸ਼ਨ 51 - ਜੂਨ 1922 ਵਿੱਚ ਲੰਡਨ ਯੂਨੀਵਰਸਿਟੀ 'ਚ ਬਾਬਾ ਸਾਹਿਬ ਅੰਬੇਡਕਰ ਨੇ ਕਿਹੜੀ ਡਿਗਰੀ ਹਾਸਲ ਕੀਤੀ?
ਉੱਤਰ- ਬਾਰ ਐਟ ਲਾਅ
ਪ੍ਰਸ਼ਨ 52 - 1923 ਦੇ ਅਖੀਰ 'ਚ ਲੰਡਨ ਯੂਨੀਵਰਸਿਟੀ 'ਚ ਬਾਬਾ ਸਾਹਿਬ ਅੰ-ਬੇਡਕਰ ਨੂੰ 'ਦਾ ਪ੍ਰਾਬਲਮ ਆਫ ਰੁਪਿਆ' ਖੋਜ ਪ੍ਰਬੰਧ 'ਤੇ ਕਿਹੜੀ ਡਿਗਰੀ ਮਿਲੀ?
ਉੱਤਰ- ਡੀ ਐਸ ਸੀ
ਪ੍ਰਸ਼ਨ 53 - ਭਾਰਤ ਦਾ ਸੰਵਿਧਾਨ ਲਿਖਣ 'ਤੇ ਬਾਬਾ ਸਾਹਿਬ ਅੰਬੇਡਕਰ ਨੂੰ ਕੋਲੰ-ਬੀਆ ਯੂਨੀਵਰਸਿਟੀ ਨੇ ਕਿਹੜੀ ਡਿਗਰੀ ਨਾਲ ਨਿਵਾਜਿਆ?
ਉੱਤਰ- ਡਾਕਟਰ ਆਫ ਲਾਅ
ਪ੍ਰਸ਼ਨ 54 - ਡਾ. ਬੀ ਆਰ ਅੰਬੇਡਕਰ ਦੀਆਂ ਸਿੱਖਿਆ ਉਪਲਬਧੀਆਂ ਦੇ ਫਲਸਰੂਪ ਉਸਮਾਨੀਆਂ ਯੂਨੀਵਰਸਿਟੀ ਨੇ ਕਿਹੜੀ ਡਿਗਰੀ ਦਿੱਤੀ ਤੇ ਕਦੋਂ?
ਉੱਤਰ- ਡੀ ਲਿਟ , 12 ਜੂਨ 1953
ਪ੍ਰਸ਼ਨ 55- ਸਾਰਿਆਂ ਨੂੰ ਸਿੱਖਿਆ ਉਪਲਬਧ ਕਰਾਉਣ ਲਈ ਡਾ. ਅੰਬੇਡਕਰ ਨੇ ਕਿਹੜੀ ਸੁਸਾਇਟੀ, ਕਦੋਂ ਤੇ ਕਿੱਥੇ ਬਣਾਈ?
ਉੱਤਰ- ਪੀਪਲਜ਼ ਐਜੂਕੇਸ਼ਨ ਸੁਸਾਇਟੀ, 8 ਜੁਲਾਈ 1945, ਬੰਬੇ (ਹੁਣ ਮੁੰਬਈ)
ਪ੍ਰਸ਼ਨ 56 - ਪੀਪਲਜ਼ ਐਜੂਕੇਸ਼ਨ ਸੁਸਾਇਟੀ ਨੇ 3 ਅਕਤੂਬਰ 1945 ਨੂੰ ਪੂਨਾ ਵਿੱਚ ਕਿਹੜੀ ਸਿਖਿਆ ਸੰਸਥਾ ਖੋਲ੍ਹੀ?
ਉੱਤਰ: ਡਾ. ਅੰਬੇਡਕਰ ਸਕੂਲ ਆਫ ਪੋਲੀਟਿਕਸ
ਪ੍ਰਸ਼ਨ 57 - ਜੂਨ 1945 'ਚ ਪੀਪਲਜ਼ ਐਜੂਕੇਸ਼ਨ ਸੁਸਾਇਟੀ ਮੁੰਬਈ ਦੇ ਫੋਰਟ ਇਲਾਕੇ ਵਿੱਚ ਕਿਹੜੀਆਂ ਵਿੱਦਿਅਕ ਸੰਸਥਾਵਾਂ ਖੋਲ੍ਹੀਆਂ?
ਉੱਤਰ: ਸਿਧਾਰਥ ਕਾਲਜ ਆਫ ਆਰਟਸ
ਸਿਧਾਰਥ ਕਾਲਜ ਆਫ ਕਾਮਰਸ
ਸਿਧਾਰਥ ਕਾਲਜ ਆਫ ਲਾਅ
ਸਿਧਾਰਥ ਕਾਲਜ ਆਫ ਸਾਇੰਸ
ਪ੍ਰਸ਼ਨ 58 - ਔਰੰਗਾਬਾਦ (ਮਹਾਂਰਾਸ਼ਟਰ) ਵਿੱਚ ਕਿਹੜਾ ਕਾਲਜ ਬਾਬਾ ਸਾਹਿਬ ਡਾ ਅੰਬੇਡਕਰ ਨੇ ਸ਼ੁਰੂ ਕੀਤਾ ਅਤੇ ਕਦੋਂ?
ਉੱਤਰ:ਮਿਲਿੰਦ ਕਾਲਜ, 19 ਜੂਨ 1950 ਨੂੰ।
ਪ੍ਰਸ਼ਨ 59 - ਬਾਬਾ ਸਾਹਿਬ ਨੇ 'ਬਹਿਸ਼ਕ੍ਰਿਤ ਹਿਤਕਾਰਨੀ ਸਭਾ' ਕਦੋਂ ਬਣਾਈ?
ਉੱਤਰ: 24 ਜੁਲਾਈ 1924 ਨੂੰ।
ਪ੍ਰਸ਼ਨ 60 - ਮੂਕਨਾਇਕ ਅਖਬਾਰ ਬਾਬਾ ਸਾਹਿਬ ਦੀ ਦੇਖਰੇਖ 'ਚ ਕਦੋਂ ਛਪਣਾ ਸ਼ੁਰੂ ਹੋਇਆ?
ਉੱਤਰ: 31 ਜਨਵਰੀ 1920 ਨੂੰ।
ਪ੍ਰਸ਼ਨ 61 - ਕਿਹੜੀ ਅਖਬਾਰ ਨੇ ਮੂਕਨਾਇਕ ਦਾ ਇਸ਼ਤਿਹਾਰ ਛਾਪਣ ਤੋਂ ਇਨਕਾਰ ਕੀਤਾ ਸੀ?
ਉੱਤਰ: ਕੇਸਰੀ ਨੇ।
ਪ੍ਰਸ਼ਨ 62 - ਬਾਬਾ ਸਾਹਿਬ ਦੀ ਅਖਬਾਰ 'ਬਹਿਸ਼ਕ੍ਰਿਤ ਭਾਰਤ' ਦਾ ਪਹਿਲਾ ਅੰਕ ਕਦੋਂ ਨਿਕਲਿਆ ਸੀ?
ਉੱਤਰ: 3 ਅਪ੍ਰੈਲ 1927 ਨੂੰ
ਪ੍ਰਸ਼ਨ 63 - ਬਾਬਾ ਸਾਹਿਬ ਨੇ ਸਮਤਾ ਅਖਬਾਰ ਕਦੋਂ ਛਾਪਣੀ ਸ਼ੁਰੂ ਕੀਤੀ?
ਉੱਤਰ: 29 ਜੂਨ 1928 ਨੂੰ
ਪ੍ਰਸ਼ਨ 64 - ਬਾਬਾ ਸਾਹਿਬ ਨੇ ਜਨਤਾ ਅਖਬਾਰ ਕਦੋਂ ਛਾਪਣੀ ਸ਼ੁਰੂ ਕੀਤੀ?
ਉੱਤਰ: 24 ਨਵੰਬਰ 1930 ਨੂੰ । ਇਹ ਅਖਬਾਰ 26 ਸਾਲ ਛਪਦੀ ਰਹੀ।
ਪ੍ਰਸ਼ਨ 65 - ਬਾਬਾ ਸਾਹਿਬ ਨੇ ਜਨਤਾ ਅਖਬਾਰ ਵਿੱਚ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਫਾਂਸੀ ਤੋਂ ਬਾਅਦ ਸੰਪਾਦਕੀ ਕਦੋਂ ਲਿਖਿਆ?
ਉੱਤਰ: 13 ਅਪ੍ਰੈਲ 1931 ਨੂੰ।
ਪ੍ਰਸ਼ਨ 66 - ਬਾਬਾ ਸਾਹਿਬ ਨੇ ਪ੍ਰਬੁੱਧ ਭਾਰਤ ਅਖਬਾਰ ਕਦੋਂ ਸ਼ੁਰੂ ਕੀਤੀ?
ਉੱਤਰ: 14 ਅਕਤੂਬਰ 1956 ਨੂੰ।
ਪ੍ਰਸ਼ਨ 67 -ਬਾਬਾ ਸਾਹਿਬ ਡਾ. ਅੰਬੇਡਕਰ ਨੇ ਹਜਾਰਾਂ ਲੋਕਾਂ ਨਾਲ ਮਨੂੰ ਸਮ੍ਰਿਤੀ ਕਦੋਂ ਅਤੇ ਕਿੱਥੇ ਸਾੜੀ?
ਉੱਤਰ - 25 ਦਸੰਬਰ 1927, ਮਹਾੜ ਵਿੱਚ।
ਪ੍ਰਸ਼ਨ 68 - ਬਾਬਾ ਸਾਹਿਬ ਡਾ. ਅੰਬੇਡਕਰ ਦੀ ਵਿਦਿਅਕ ਯੋਗਤਾ ਕੀ ਹੈ?
ਉੱਤਰ: (ਐਮ ਏ, ਪੀ ਐਚ ਡੀ, ਐਮ ਐਸ ਸੀ, ਡੀ ਐਸ ਸੀ, ਬੈਰਿਸਟਰ ਐਟ ਲਾਅ, ਐਲ ਐਲ ਡੀ, ਡੀ ਲਿਟ)

1. ਐਲੀਮੈਂਟਰੀ ਸਿੱਖਿਆ, 1902, ਸਤਾਰਾ, ਮਹਾਂਰਾਸ਼ਟਰ
2. ਮੈਟ੍ਰਿਕ, 1907, ਐਲਫਿਨਸਟੋਨ ਹਾਈ ਸਕੂਲ, ਬੰਬੇ
3. ਇੰਟਰ ਪ੍ਰੀਖਿਆ, 1909, ਐਲਫਿਨਸਟੋਨ ਕਾਲਜ, ਬੰਬੇ
4. ਬੀ ਏ, 1913, ਐਲਫਿਨਸਟੋਨ ਕਾਲਜ, ਬੰਬੇ, ਯੂਨੀਵਰਸਿਟੀ ਆਫ ਬੰਬੇ, ਇਕਨਾਮਿਕਸ ਐਂਡ ਪੁਲੀਟੀਕਲ ਸਾਇੰਸ
5. ਐਮ ਏ, 1914
6. ਪੀ ਐਚ ਡੀ, 1917, ਕੋਲੰਬੀਆ ਯੂਨੀਵਰਸਿਟੀ, ਅਮਰੀਕਾ
7. ਐਮ ਐਸ ਸੀ, 1921, ਲੰਡਨ ਸਕੂਲ ਆਫ ਇਕਨਾਮਿਕਸ
8. ਬੈਰਿਸਟਰ ਐਟ ਲਾਅ, 30 ਸਤੰਬਰ 1920, ਗਰੇਜ਼ ਇਨ, ਲੰਡਨ ਲਾਅ ਸਕੂਲ ( 1922-23 'ਚ ਜਰਮਨੀ ਦੀ ਬੌਨ ਯੂਨੀਵਰਸਿਟੀ 'ਚ ਕੁਝ ਸਮਾਂ ਇਕਨਾਮਿਕਸ ਪੜ੍ਹਨ 'ਚ ਗੁਜਾਰਿਆ)
9. ਡੀ ਐਸ ਸੀ (ਨਵੰਬਰ 1923), ਲੰਡਨ ਸਕੂਲ ਆਫ ਇਕਨਾਮਿਕਸ
10. ਐਲ ਐਲ ਡੀ, 5.6.1952, ਕੋਲੰਬੀਆ ਯੂਨੀਵਰਸਿਟੀ, ਨਿਊਯਾਰਕ, ਅਮ-ਰੀਕਾ (ਬਾਬਾ ਸਾਹਿਬ ਦੀਆਂ ਪ੍ਰਾਪਤੀਆਂ, ਸਮਾਜਿਕ ਬਦਲਾਅ ਲਈ ਅਗਵਾਈ ਅਤੇ ਭਾਰਤ ਦਾ ਸੰਵਿਧਾਨ ਬਣਾਉਣ ਲਈ)
11. ਡੀ ਲਿਟ, 12.01.1953, ਉਸਮਾਨੀਆ ਯੂਨੀਵਰਸਿਟੀ, ਹੈਦਰਾਬਾਦ (ਬਾਬਾ ਸਾਹਿਬ ਦੀਆਂ ਪ੍ਰਾਪਤੀਆਂ, ਸਮਾਜਿਕ ਬਦਲਾਅ ਲਈ ਅਗਵਾਈ ਅਤੇ ਭਾਰਤ ਦਾ ਸੰਵਿਧਾਨ ਬਣਾਉਣ ਲਈ)

......

**ਬਾਬਾ ਸਾਹਿਬ ਡਾ. ਅੰਬੇਡਕਰ ਦੀਆਂ ਲਿਖੀਆਂ ਕਿਤਾਬਾਂ**

1. Administration and finance of the east India company
2. Ancient Indian Commerce
3. Annihilation Of Caste
4. Buddha Or Karl Marx
5. Buddha And His Dhamma
6. Castes in India
7. Commercial Relations of India in the Middle Ages
8. Communal Deadlock and a Way to Solve it
9. Essays on Untouchables and Untouchability 1
10.Essays on Untouchables and Untouchability 2
11. Essays on Untouchables and Untouchability 3
12. Evidence Brfore the Royal Commission On Indian Currency And Finance
13. Federation versus Freedom
14.Frustration

(ਬਾਕੀ ਅਗਲੇ ਸਫੇ ਤੇ)

# ਅਭੁੱਲ ਯਾਦਾਂ ਵਿਚੋਂ ਮੇਰੀ ਇਕ ਯਾਦ



ਪੇਸ਼ਕਾਰ:ਬਖ਼ਸ਼ੀ ਰਾਮ ਲੁਧਿਆਣਾ
+91 94 632 68101

ਘਰ ਦੀ ਕਮਜ਼ੋਰ ਆਰਥਿਕ ਸਥਿਤੀ ਹੋਣ ਕਰ ਕੇ ਮੈਂ 1958 ਵਿਚ 17 ਸਾਲ ਦੀ ਉਮਰ ਵਿਚ ਹੀ ਦਸਵੀਂ ਜਮਾਤ ਪਾਸ ਕਰ ਕੇ ਪੜ੍ਹਾਈ ਪੱਖੋਂ ਵਿਹਲਾ ਹੋ ਗਿਆ ।ਹੋਰ ਕਿਸੇ ਪਾਸੇ ਜਾਣ ਦੀ ਸਥਿਤੀ ਵਿਚ ਮੈਂ ਨਹੀਂ ਸੀ ।ਕਾਲਿਜ ਜਾਣ ਤੋਂ ਮਾਂ ਬਾਪ ਨੇ ਮਨ੍ਹਾਂ ਕਰ ਦਿੱਤਾ ਕਿਉਂ ਕਿ ਉਹ ਕਾਲਿਜ ਦਾ ਖਰਚਾ ਚੁੱਕਣ ਦਾ ਜ਼ਿੰਮਾ ਨਹੀਂ ਲੈਣਾ ਚਾਹੁੰਦੇ ਸਨ ।ਮੈਂ ਸਕੀਮਾਂ ਲੜਾਉਂਦੇ ਲੜਾਉਂਦੇ ਨੇ ਸਾਲ ਭਰ ਕੱਢ ਦਿੱਤਾ ।ਇਸ ਤਰ੍ਹਾਂ ਮੈਂ 18 ਵੇਂ ਸਾਲ ਵਿਚ ਦਾਖਲ ਹੋ ਗਿਆ ।

ਜਿਓਂ ਹੀ ਮੈਂ ਅਠਾਰਾਂ ਸਾਲਾਂ ਦਾ ਹੋਇਆ ਤਾਂ ਮੈਨੂੰ 100 ਰੁਪਏ ਮਹੀਨੇ ਤੇ ਝੱਠ ਹੀ ਸਰਕਾਰੀ ਨੌਕਰੀ ਮਿਲ ਗਈ ।ਉਨ੍ਹਾਂ ਦਿਨਾਂ ਵਿਚ ਸਾਡੇ ਲੋਕ ਬਹੁਤ ਘੱਟ ਹੀ ਪੜ੍ਹੇ ਲਿਖੇ ਹੋਏ ਮਿਲਦੇ ਹੁੰਦੇ ਸਨ ।ਮੇਰੇ ਵੀ ਅੱਗੇ ਜਾਂ ਪਿੱਛੇ ਮੇਰੇ ਪਰਿਵਾਰ ਵਿਚ ਕੋਈ ਵੀ ਮੈਥੋਂ ਬਿਨਾਂ ਹੋਰ ਕੋਈ ਪੜ੍ਹਿਆ ਲਿਖਿਆ ਹੋਇਆ ਨਹੀਂ ਸੀ । ਇਥੋਂ ਤੱਕ ਕਿ ਮੇਰੀ ਰਿਸ਼ਤੇ ਦਾਰੀ ਜਾਂ ਸਮਾਜ ਵਿਚ ਵੀ ਕੋਈ ਪੜ੍ਹਿਆ ਲਿਖਿਆ ਹੋਇਆ ਦੇਖਣ ਤੱਕ ਨੂੰ ਵੀ ਨਹੀਂ ਮਿਲਦਾ ਸੀ ।ਸਾਡੇ ਦਲਿਤਾਂ ਸ਼ੂਦਰਾਂ ਪਛੜਿਆਂ ਦੇ ਹਿਸੇ ਦੀਆਂ ਸਰਕਾਰੀ ਨੌਕਰੀਆਂ ਬਿਨਾਂ ਭਰਿਆਂ ਹੀ ਰਹਿ ਜਾਂਦੀਆਂ ਸਨ ।ਇਸ ਲਈ ਜਦੋਂ ਵੀ ਕੋਈ ਯੋਗ ਉਮੀਦਵਾਰ ਕਿਸੇ ਨੌਕਰੀ ਵਾਸਤੇ ਮਿਲਦਾ ਤਾਂ ਉਸ ਦੀ ਝੱਟ ਹੀ ਚੋਣ ਹੋ ਜਾਂਦੀ ।ਮੈਂ ਦਸਵੀਂ ਜਮਾਤ ਪੰਜਾਬ ਯੂਨੀਵਰਸਿਟੀ ਤੋਂ ਪਹਿਲੇ ਦਰਜੇ ਵਿਚ ਵਧੀਆ ਨੰਬਰ ਲੈ ਕੇ ਪਾਸ ਕੀਤੀ ਸੀ । ਇਸ ਲਈ ਮੈਂ ਬਿਨਾਂ ਕਿਸੇ ਹੀਲ ਹੁੱਜਤ ਦੇ ਪਹਿਲੀ ਸੱਟੇ ਹੀ ਬਿਨਾਂ ਕਿਸੇ ਇੰਟਰਵਿਊ ਦੇ ਚੁਣਿਆਂ ਗਿਆ।ਮੈਨੂੰ ਪਤਾ ਨਹੀਂ ਸੀ ਕਿ ਨੌਕਰੀ ਕਿਵੇਂ ਮਿਲਦੀ ਹੁੰਦੀ ਹੈ ।ਜਦ ਮੈਨੂੰ ਨੌਕਰੀ ਲਈ ਨਿਯੁਕਤੀ ਪੱਤਰ ਮਿਲਿਆ ਤਾਂ ਮੈਨੂੰ ਇਹ ਪਛਾਣ ਨਹੀਂ ਸੀ ਕਿ ਇਹ ਇਕ ਨਿਯੁਕਤੀ ਪੱਤਰ ਹੈ ਜਾਂ ਇਕ ਸਧਾਰਨ ਚਿੱਠੀ ।ਮੈਂ ਆਪਣੇ ਪਿੰਡ ਜਾ ਕੇ ਬਾਪੂ ਜੀ ਨੂੰ ਦਸਿਆ ,ਬਾਪੂ ਜੀ ਤੇ ਪਰਿਵਾਰ ਦੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਸੀ।ਪਰ ਹਰ ਇਕ ਦੇ ਚਿਹਰੇ ਤੇ ਭਰਮ ਜਿਹੇ ਦੇ ਨਿਸ਼ਾਨ ਜਿਹੇ ਉਭਰੇ ਹੋਏ ਸਨ ਕਿ ਕੀ ਸੱਚੀਂ ਹੀ ਮੈਨੂੰ ਸਰਕਾਰੀ ਨੌਕਰੀ ਮਿਲ ਗਈ ਹੈ? ਮੇਰੇ ਤੇ ਮੇਰੇ ਪਰਿਵਾਰ ਵਾਸਤੇ ਇਹ ਇਕ ਬਹੁਤ ਵਡੀ ਗੱਲ ਸੀ । ਬਾਪੂ ਜੀ ਨੇ ਮੇਰੇ ਅੰਗਰੇਜ਼ੀ ਦੇ ਅਧਿਆਪਕ ਜੀ ਪਾਸ ਮੈਨੂੰ ਮਿਲਣ ਭੇਜਿਆ । ਮਾਸਟਰ ਜੀ ਮੇਰੀ ਪੱਤੀ ਵਿਚ ਹੀ ਰਹਿੰਦੇ ਸਨ । ਬੜੇ ਪ੍ਰੇਮ ਉਤਸ਼ਾਹ ਨਾਲ ਮਿਲੇ ਮੇਰੇ ਮਾਸਟਰ ਜੀ । ਮੈਂ ਉਨ੍ਹਾਂ ਨੂੰ ਚਿੱਠੀ ਕੱਢ ਦਿਖਾਈ । ਮਾਸਟਰ ਜੀ ਨੇ ਮੈਨੂੰ ਦੱਸ ਦਿਤਾ ਕਿ ਮੈਨੂੰ ਸਰਕਾਰੀ ਨੌਕਰੀ ਮਿਲ ਗਈ ਹੈ ਅਤੇ ਇਸ ਨੂੰ ਹੀ ਨਿਯੁਕਤੀ ਪੱਤਰ ਕਹਿੰਦੇ ਹੁੰਦੇ ਹਨ। ਬੱਸ ਹੁਣ ਪੱਕੀ ਹੀ ਕਲਰਕ ਦੀ ਸਰਕਾਰੀ ਨੌਕਰੀ ਮਿਲ ਗਈ ਹੈ । 100 ਰੁਪਿਆ ਮਹੀਨਾ ਤਨਖਾਹ ਮਿਲਿਆ ਕਰੇਗੀ। ਮੈਂ ਫੀਰੋਜ਼ਪੁਰ ਤੋਂ ਮੈਡੀਕਲ ਕਰਵਾ ਕੇ ਨੌਕਰੀ ਤੇ ਜਾ ਜਵਾਇਨ ਕਰਾਂ। ਬਾਪੂ ਜੀ ਨੇ ਮੈਨੂੰ ਤਿਆਰ ਕਰ ਦਿੱਤਾ । ਮੈਂ ਮੈਡੀਕਲ ਕਰਵਾਇਆ ਤੇ ਜਾ ਜਵਾਇਨ ਕੀਤਾ।

ਮੈਂ 18 ਸਾਲਾਂ ਦਾ ਗਭਰੂਟ ਜਿਹਾ ਮੁੰਡਾ ਹੀ ਸੀ। ਮੇਰੀ ਕੱਚੀ ਪੱਕੀ ਉਮਰ ਦੇਖ ਕੇ ਸਾਰੇ ਹੀ ਹੈਰਾਨ ਹੁੰਦੇ ਸਨ। ਪਰ ਉਹ ਸਮਾਂ ਬੜਾ ਭਲਾ ਸੀ । ਲੋਕ ਇਕ ਦੂਜੇ ਨਾਲ ਬੜੀ ਹਮਦਰਦੀ ਰੱਖਦੇ ਸਨ । ਜ਼ਿੰਦਗੀ ਵਿਚ ਕੋਈ ਆਪਾ ਧਾਪੀ ਨਹੀਂ ਸੀ । ਹਰ ਤਰਾਂ ਦਾ ਠਰ੍ਹੰਮਾ ਠਹਿਰਾਓ, ਸ਼ਾਂਤੀ ਸੀ ।ਇਸ ਲਈ ਮੈਨੂੰ ਕਿਸੇ ਨੂੰ ਵੀ ਕੁਝ ਪੁੱਛਣ ਵਿਚ ਕੋਈ ਝਿਜਕ ਨਾ ਆਈ। ਮੈਨੂੰ ਅੱਜ ਵੀ ਚੰਗੀ ਤਰ੍ਹਾਂ ਯਾਦ ਹੈ ਕਿ ਜਦ ਮੈਂ ਕਾਰਜਕਾਰੀ ਇੰਜਨੀਅਰ ਸਾਹਿਬ ਜੀ ਦੇ ਦਫਤਰ ਮੈਡੀਕਲ ਸਰਟੀਫੀਕੇਟ ਦੇ ਕੇ ਨੌਕਰੀ ਜਵਾਇਨ ਕਰਨ ਗਿਆ, ਮੈਡੀਕਲ ਤੇ ਹੋਰ ਕਾਗਜ਼ ਮੈ ਪੇਸ਼ ਕਰ ਦਿੱਤੇ ਤਾਂ ਉਥੇ ਬੈਠੇ ਹੈਡ ਕਲਰਕ ਸਾਹਿਬ ਜੋ ਜ਼ਰਾ ਵੱਡੀ ਉਮਰ ਦੇ ਸਨ ਨੇ ਆਪਣੇ ਸਹਾਇਕ ਨੂੰ ਮੇਰੇ ਸਾਹਮਣੇ ਹੀ ਹਿਦਾਇਤ ਕਰ ਦਿੱਤੀ ਕਿ ਇਹ ਮੁੰਡਾ ਨਵਾਂ ਹੈ । ਸਕੂਲੋਂ ਨਵਾਂ ਨਵਾਂ ਨਿਕਲ ਕੇ ਆਇਆ ਹੈ । ਤੁਸੀਂ ਇਸ ਨੂੰ ਸਾਰਾ ਕੁਝ ਸਮਝਾ ਦਿਓ ਕਿ ਕਿਥੇ ਡਿਊਟੀ ਤੇ ਹਾਜ਼ਰ ਹੋਣਾ ਹੈ ਤੇ ਉਥੇ ਕਿਸ ਤਰ੍ਹਾਂ ਪਹੁੰਚਣਾ ਹੈ।ਮੈਨੂੰ ਉਸ ਸੁਹਿਰਦ ਕਲਰਕ ਨ ਬੜੇ ਪਿਆਰ ਨਾਲ ਸਮਝਾਇਆ ਕਿ ਮੇਰੀ ਪੋਸਟਿੰਗ ਨਵੇਂ ਸਿਰਜੇ ਗਏ ਦਫਤਰ ਦੀ ਹੋਈ ਹੈ ਜੋ ਹਾਲੇ ਹੋਂਦ ਵਿਚ ਨਹੀਂ ਆਇਆ ਇਸ ਲਈ ਮੈਂ ਹਾਲੇ ਉਥੇ ਨਾ ਜਾਵਾਂ। ਮੈਨੂੰ ਹੋਰ ਵੀ ਦੱਸਿਆ ਕਿ ਮੈਂ ਜਲਾਲਾਬਾਦ (ਪੱਛਮੀ ) ਬੱਸ ਰਾਹੀਂ ਝੱਟ ਪੱਟ ਚਲਾ ਜਾਵਾਂ । ਇਹ ਜਲਾਲਾਬਾਦ ਮੋਗੇ ਵਾਲਾ ਜਲਾਲਾਬਾਦ ਨਹੀਂ ਹੈ । ਬਲਕਿ ਇਸ ਨੂੰ ਜਲਾਲਾਬਾਦ ਪਛਮੀ ਕਹਿ ਕੇ ਪੁਕਾਰਿਆ ਜਾਂਦਾ ਹੈ ।। ਜੇਕਰ ਮੈਂ ਬਾਰਾਂ ਵਜੇ ਤੋਂ ਪਹਿਲਾਂ ਹਾਜ਼ਰ ਹੋ ਗਿਆ ਤਾਂ ਉਸ ਦਿਨ ਤੋਂ ਹੀ ਮੇਰੀ ਤਨਖਾਹ ਪੈ ਜਾਣੀ ਸ਼ੁਰੂ ਹੋ ਜਾਣੀ ਹੈ ।ਰਸਤੇ ਦੀਆਂ ਹੋਰ ਵੀ ਬਹੁਤ ਬਾਰੀਕੀਆਂ ਨੂੰ ਸਮਝਾਇਆ ਉਸ ਕਲਰਕ ਵੀਰ ਨੇ ਮੈਨੂੰ ।

ਬਾਰਾਂ ਵਜੇ ਤੋਂ ਪਹਿਲਾਂ ਮੈਂ ਜਾ ਹਾਜ਼ਰ ਹੋਇਆ। ਇਸ ਲਈ ਮੇਰੀ ਹਾਜ਼ਰੀ ਰਪੋਟ ਉਸੇ ਹੀ ਦਿਨ ਤੋਂ ਗਿਣੀ ਜਾਣ ਲੱਗ ਗਈ । ਮੇਰੇ ਨਵੇਂ ਖੁਲ੍ਹੇ ਦਫਤਰ ਦਾ ਚਾਰਜ ਉਸੇ ਹੀ ਦਫਤਰ ਪਾਸ ਸੀ । ਮੈਨੂੰ ਉਸ ਦਫਤਰ ਨੇ ਮੇਰੇ ਦਫਤਰ ਅਧੀਨ ਬਿਜਲੀ ਦੇ ਬਿੱਲ ਬਣਾਉਣ ਦੀ ਡਿਊਟੀ ਦੇ ਦਿੱਤੀ ।ਮੈਨੂੰ ਦੋ ਮਹੀਨੇ ਤੱਕ ਉਥੇ ਰਹਿਣਾ ਪਿਆ। ਉਥੋਂ ਦਾ ਸੀਨੀਅਰ ਕਲਰਕ ਹਰਿਆਣੇ ਦਾ ਜਾਟ ਚੌਧਰੀ ਬੜਾ ਵਧੀਆ ਬੰਦਾ ਲੱਗਿਆ ਮੈਨੂੰ ।ਮੈਨੂੰ ਕਾਕਾ ਕਾਕਾ ਕਹਿ ਕੇ ਬੁਲਾਉਂਦਾ ਹੁੰਦਾ ਸੀ ਉਹ ਮੈਨੂੰ। ਦਫਤਰ ਵਿਚ ਕੰਮ ਕਰਨ ਵਾਲੇ ਇਕ ਮੇਰੇ ਹਮ ਰੁਤਬਾ ਕਲਰਕ ਗਰੈਜੂਏਟ ਜੱਟ ਸਿੱਖ ਸਨ ਇਸ ਲਈ ਉਹ ਪਹਿਲੇ ਹੀ ਦਿਨ ਤੋਂ ਮੇਰੇ ਨਾਲ ਈਰਖਾ ਕਰਨ ਲੱਗੇ ਕਿਉਂਕਿ ਮੈਂ ਮੈਟ੍ਰਿਕ ਸੀ ਤੇ ਉਸ ਦੇ ਬਰਾਬਰ ਦੀ ਹੀ ਤਨਖਾਹ ਲੈ ਰਿਹਾ ਸੀ ਇਸ ਗੱਲ ਦੀ ਉਸ ਨੂੰ ਵਿਸ਼ੇਸ਼ ਤੌਰ ਤੇ ਬੜੀ ਸੜਨ ਸੀ । ਲਾਈਨ ਸੁਪਰਡੰਟ ਗਰੇਡ ਪਹਿਲਾ, ਜੋ ਦਫਤਰ ਦਾ ਸਮੁੱਚਾ ਇੰਚਾਰਜ ਸੀ ਕਦੇ ਮੇਰੇ ਨਾਲ ਗੱਲ ਤੱਕ ਕਰ ਕੇ ਰਾਜ਼ੀ ਨਹੀਂ ਸੀ । ਵੈਸੇ ਉਹ ਤਰਖਾਣ ਜਾਤੀ ਵਿਚੋਂ ਸੀ ਪਰ ਅਭਿਮਾਨੀ ਬੜਾ ਸੀ । ਆਪਣੇ ਆਪ ਨੂੰ ਬਹੁਤ ਵਡਾ ਅਫਸਰ ਸਮਝਦਾ ਸੀ ਉਹ ।ਮੈਨੂੰ ਇਨ੍ਹਾਂ ਤਿੰਨਾਂ ਨੇ ਹੀ ਕਦੇ ਦਫਤਰ ਬਾਰੇ ਇਕ ਵੀ ਅੱਖਰ ਤੱਕ ਨਾ ਸਮਝਾਇਆ। ਮੈ ਆਪਣੇ ਆਪ ਕੁਝ ਫਾਰਮਾਂ ਤੋਂ ਪੜ੍ਹ ਕੇ ਕੁਝ ਫਾਈਲਾਂ ਵਿਚੋਂ ਸਰਕੂਲਰ ਵਗੈਰਾ ਪੜ੍ਹ ਕੇ ਕੁਝ ਨਾ ਕੁਝ ਆਪਣੇ ਕੰਮ ਪ੍ਰਤੀ ਜਾਣਕਾਰੀ ਇਕੱਤਰ ਕਰ ਕੇ ਕੁਝ ਨਾ ਕੁਝ ਹੱਥ ਪਾਉਣ ਲੱਗ ਹੀ ਪਿਆ ਸੀ । ਮੈਨੂੰ ਪਤਾ ਹੈ ਕਿ ਜਿਹੜੇ ਬਿੱਲ ਖਪਤਕਾਰਾਂ ਨੂੰ ਪਹਿਲੀ ਵਾਰ ਭੇਜੇ ਸਨ ਉਨ੍ਹਾਂ ਵਿਚ ਗਲਤੀਆਂ ਦੀ ਬੜੀ ਭਰਮਾਰ ਸੀ ਤੇ ਮੈਂ ਠੀਕ ਕਰਦਾ ਕਰਦਾ ਅੱਕ ਜਿਹਾ ਗਿਆ ਸੀ । ਮੈਨੂੰ ਸਹੀ ਕਰਨ ਦਾ ਵੀ ਸਹੀ ਤਰੀਕਾ ਮਲੂਮ ਨਹੀ ਸੀ ।ਦਬ ਘੁੱਟ ਕੇ ਮੈਂ ਦੋ ਮਹੀਨੇ ਕੱਢ ਲਏ ਜਦ ਮੇਰੇ ਦਫਤਰ ਦੇ ਸੀਨੀਅਰ ਕਲਰਕ ਜੋ ਦਫਤਰ ਦਾ ਇੰਚਾਰਜ ਵੀ ਹੁੰਦਾ ਹੈ ਤੇ ਇੰਚਾਰਜ ਲਾਈਨ ਸੁਪਰਡੰਟ ਦੀ ਨਿਯੁਕਤੀ ਵੀ ਹੋ ਗਈ।ਤੇ ਮੈਨੂੰ ਜਲਾਲਾਬਾਦ ਵਾਲਿਆਂ ਨੇ ਮੇਰੇ ਆਪਣੇ ਦਫਤਰ ਭੇਜ ਦਿਤਾ।

ਦਫਤਰ ਵਾਸਤੇ ਮੇਜ਼ ਕੁਰਸੀਆਂ ਟੈਲੀਫੋਨ ਤੇ ਹੋਰ ਸਾਰਾ ਬਣਦਾ ਸਮਾਨ ਜੋ ਦਫਤਰ ਲਈ ਹੋਣਾ ਬਹੁਤ ਜ਼ਰੂਰੂ ਹੁੰਦਾ ਹੈ ਵੀ ਹੌਲੀ ਹੌਲੀ ਆਉਣ ਲੱਗਾ।ਸੀਨੀਅਰ ਕਲਰਕ ਸਾਹਿਬ ਨੇ ਆਉਂਦੇ ਸਾਰ ਹੀ ਸਭ ਤੋਂ ਪਹਿਲਾਂ ਹਾਜ਼ਰੀ ਰਜਿਸਟਰ ਬਣ-ਾਇਆ।ਇਕ ਦਸਤਾ ਸਾਦਾ ਕਾਗਜ਼ਾਂ ਨੂੰ ਤਹਿ ਕਰ ਕੇ ਬਾਬੂ ਜੀ ਨੇ ਹਾਜ਼ਰੀ ਰਜਿਸਟਰ ਬਣਾ ਲਿਆ। ਤਦ ਤੱਕ ਮੈਨੂੰ ਪਤਾ ਨਹੀਂ ਸੀ ਕਿ ਸਰਕਾਰੀ ਨੌਕਰੀ ਵਿਚ ਵੀ ਕਰਮਚਾਰੀਆਂ ਦੀ ਸਕੂਲ ਪੜ੍ਹਦੇ ਬੱਚਿਆਂ ਦੀ ਤਰ੍ਹਾਂ ਹੀ ਹਰ ਰੋਜ਼ ਹਾਜ਼ਰੀ ਲੱਗਦੀ ਹੁੰਦੀ ਹੈ । ਕਿਉਂਕਿ ਜਲਾਲਾਬਾਦ ਰਹਿੰਦੇ ਹੋਏ ਕਦੇ ਕਿਸੇ ਨੇ ਮੇਰੀ ਹਾਜ਼ਰੀ ਪੁਛੀ ਹੀ ਨਹੀਂ ਸੀ ਇਸ ਲਈ ਮੈਨੂੰ ਇਸ ਗੱਲ ਦਾ ਪਤਾ ਹੀ ਨਹੀ ਸੀ ਕਿ ਹਾਜ਼ਰੀ ਵੀ ਲਾਉਣੀ ਹੁੰਦੀ ਹੈ।

ਸਰਕਾਰੀ ਤੌਰ ਤੇ ਹਾਜ਼ਰੀ ਕਿਸ ਤਰ੍ਹਾਂ ਲਾਉਣੀ ਹੈ , ਇਹ ਮੈਨੂੰ ਨਾ ਕੋਈ ਪਹਿਲਾਂ ਗਿਆਨ ਸੀ ਤੇ ਨਾ ਕਿਸੇ ਨੇ ਕਦੇ ਦੱਸਿਆ ਹੀ ਸੀ । ਮੈਂ ਆਪਣੇ ਸਮਾਜ , ਆਪਣੇ ਪਰਿਵਾਰ ਵਿਚੋਂ ਕੇਵਲ ਤੇ ਕੇਵਲ ਪਹਿਲਾ ਆਦਮੀ ਸੀ ਜਿਸ ਨੇ ਸਰਕਾਰੀ ਹਾਜ਼ਰੀ ਰਜਿਸਟਰ ਵਿਚ ਹਾਜ਼ਰੀ ਲਾਉਣੀ ਸੀ। ਡਰ, ਸਹਿਮ ਜਿਹੇ ਦੇ ਵਿਚਕਾਰ ਕਿਧਰੇ ਕਿਧਰੇ ਚਾਅ ਜਿਹਾ ਵੀ ਟਪਕ ਰਿਹਾ ਸੀ ਮੇਰੇ ਚਿਹਰੇ ਉੱਤੇ।ਬਾਬੂ ਜੀ ਜਿਸ ਨੂੰ ਸਰਕਾਰੀ ਭਾਸ਼ਾ ਵਿਚ ਐਸ. ਡੀ. ਸੀ (ਸਬ ਡਵੀਯਨਲ ਕਲਰਕ) ਜਾਣੀ ਵੱਡਾ ਕਲਰਕ ਕਹਿ ਕੇ ਆਮ ਕਰਮਚਾਰੀ ਤੇ ਪਬਲਿਕ ਦੇ ਲੋਕ ਬੁਲਾਉਂਦੇ ਸਨ ਜੀ ਜਾਇਨ ਕਰਨ ਤੋਂ ਇਕ ਦੋ ਦਿਨ ਬਾਅਦ ਜਦ ਸਵੇਰੇ ਸਵੇਰੇ ਪੂਰੇ ਨੌਂ ਵਜੇ ਆ ਕੇ ਦਫਤਰ ਦੇ ਚਾਲੂ ਹੋਣ ਦੀ ਰਸਮੀ ਸ਼ੁਰੂਆਤ ਕਰਨ ਲੱਗੇ ਤਾਂ ਉਨ੍ਹਾਂ ਨੇ ਇਕ ਦਿਨ ਪਹਿਲਾਂ ਕਾਗਜ਼ਾਂ ਦਾ ਬਣਾਇਆ ਹੋਇਆ ਹਾਜ਼ਰੀ ਰਜਿਸਟਰ ਕੱਢ ਕੇ ਮੇਜ਼ ਉਪਰ ਰੱਖਿਆ । ਜਗਦੀਸ਼ ਲਾਲ ਸੇਵਾਦਾਰ ਤੇ ਫਕੀਰ ਚੰਦ ਚੌਕੀਦਾਰ ਦੀ ਹਾਜ਼ਰੀ ਲਾ ਕੇ ਰਜਿਸਟਰ ਮੇਰੇ ਵਲ ਨੂੰ ਵਧਾ ਕੇ ਮੈਨੂੰ ਆਪਣੀ ਹਾਜ਼ਰੀ ਲਾ ਲੈਣ ਲਈ ਕਹਿਣ ਲੱਗੇ। ਉਨ੍ਹਾਂ ਨੂੰ ਵੀ ਨਹੀਂ ਪਤਾ ਸੀ ਕਿ ਮੈਂ ਇਸ ਹਾਜ਼ਰੀ ਵਗੈਰਾ ਦੇ ਪੱਖੋਂ ਬਿਲਕੁਲ ਹੀ ਇਕ ਕੋਰਾ ਬੰਦਾ ਹਾਂ ਤੇ ਇਸ ਵਿਸ਼ੇ ਉਤੇ ਵੀ ਮੈਨੂੰ ਸਭ ਤੋਂ ਪਹਿਲਾਂ ਇਕ ਸਬਕ ਦੇਣਾ ਬਣਦਾ ਸੀ। ਮੈਂ ਡਰਦੇ ਡਰਦੇ ਨੇ ਹਾਜ਼ਰੀ ਰਜਿਸਟਰ ਫੜਿਆ ਤੇ ਸੇਵਾਦਾਰ ਤੇ ਚੌਕੀਦਾਰ ਦੇ ਨਾਮ ਦੇ ਉਸ ਤਰੀਕ ਹੇਠ ਖਾਨੇ ਵਿਚ ਬਾਬੂ ਜੀ ਵਲੋਂ 'ਪੀ' ਅੱਖਰ ਅੰਕਿਤ ਕੀਤਾ ਦੇਖ ਕੇ ਆਪਣੇ ਨਾਮ ਦੇ ਸਾਹਮਣੇ ਉਸ ਦਿਨ ਦੀ ਤਰੀਕ ਦੇ ਖਾਨੇ ਵਿਚ ਅੰਗਰੇਜ਼ੀ ਦਾ 'ਪੀ' ਅੱਖਰ ਪਾ ਕੇ ਬਾਬੂ ਜੀ ਨੂੰ ਹਾਜ਼ਰੀ ਰਜਿਸਟਰ ਫੜਾ ਦਿੱਤਾ। ਉਨ੍ਹਾਂ ਨੇ ਦੇਖਿਆ ਕਿ ਮੈਂ ਤਾਂ ਕੇਵਲ 'ਪੀ' ਹੀ ਲਿਖ਼ ਦਿੱਤਾ ਹੈ ('ਪੀ' ਤੋਂ ਭਾਵ ਪਰੈਜ਼ੈਂਟ ਜਾਂ ਹਾਜ਼ਰ ਹੋਣਾ ਤੋਂ ਹੈ) । ਮੈਨੂੰ ਕਹਿਣ ਲੱਗੇ ਕਿ ਇਸ ਤਰ੍ਹਾਂ ਨਹੀਂ ਕਿ ਮੈਂ ਆਪਣੀ ਹਾਜ਼ਰੀ ਲਾਵਾਂ।ਮੇਰੇ ਦੋਬਾਰਾ ਪੁੱਛਣ ਤੇ ਉਨ੍ਹਾਂ ਨੇ ਦੱਸਿਆ ਕਿ ਮੈਂ ਛੋਟੇ ਦਸਤਖ਼ਤ ਕਰਾਂ।ਤਾਂ ਮੈਂ ਪਹਿਲਾਂ ਹੀ 'ਪੀ' ਲਿਖੇ ਹੋਏ ਥਾਂ ਤੇ ਕਾਗਜ਼ ਦੀ ਚੇਪੀ ਲਾ ਕੇ ਆਪਣੇ ਛੋਟੇ ਜਿਹੇ ਸਾਈਜ਼ ਵਿਚ ਪੂਰੇ ਦਸਤਖ਼ਤ ਕਰ ਦਿੱਤੇ । ਬਾਬੂ ਜੀ ਖ਼ਫ਼ਾ ਹੋ ਕੇ ਕਹਿਣ ਲੱਗੇ ਕਿ ਪੂਰੇ ਦਸਤਖ਼ਤ ਨਹੀਂ ਕਿ ਕੇਵਲ ਇਨੀਸ਼ੀਅਲ ਹੀ ਕਰਨੇ ਹਨ। ਮੈਂ ਪੁਛਿਆ ਕਿ ਉਹ ਕਿਸ ਤਰ੍ਹਾਂ ਦੇ ਹੁੰਦੇ ਹਨ।ਤਾਂ ਉਨ੍ਹਾਂ ਨੇ ਦੱਸਿਆ ਕਿ ਜਿਸ ਤਰ੍ਹਾਂ ਉਨ੍ਹਾਂ ਨੇ ਆਪਣੇ ਹਾਜ਼ਰੀ ਵਾਲੇ ਖਾਨੇ ਵਿਚ ਕੀਤੇ ਹਨ ਮੈਂ ਵੀ ਆਪਣੇ ਖਾਨੇ ਵਿਚ ਆਪਣੇ ਨਾਮ ਦੇ ਇਨੀਸ਼ੀਅਲ ਕਰ ਦੇਵਾਂ।ਇਸੇ ਨੂੰ ਹੀ ਹਾਜ਼ਰੀ ਕਹਿੰਦੇ ਹਨ। ਨਾਲ ਹੀ ਉਨ੍ਹਾਂ ਨੇ ਦੱਸ ਦਿਤਾ ਕਿ ਛੋਟੇ ਸਟਾਫ ਦੀ ਹਾਜ਼ਰੀ ਆਪਾਂ 'ਪੀ' ਭਾਵ ਪਰੈਜ਼ੈਂਟ ਜਾਂ ਹਾਜ਼ਰ ਮਾਰਕ ਕਰ ਕੇ ਤੇ ਆਪਣੀ ਹਾਜ਼ਰੀ ਆਪਣੇ ਇਨੀਸ਼ੀਅਲ ਕਰ ਕੇ ਹਰ ਰੋਜ਼ ਹੀ ਨੌਂ ਵਜੇ ਦਫਤਰ ਆਉਂਦੇ ਸਾਰ ਹੀ ਲਾਉਣੀ ਹੈ।

ਮੈਂ ਠਹਿਰਿਆ ਨਿਕੰਮਾ ਅਣਜਾਣ, ਭੌਂਦੂ , ਖੂਬ ਮੌਜੂ ਬਣਵਾਇਆ ਮੈਂ ਉਸ ਦਿਨ ਆਪਣਾ ਆਪਣੇ ਉਸ ਬਜ਼ੁਰਗ ਐਸ. ਡੀ ਸੀ ਸਾਹਿਬ ਹੱਥੋਂ । ਉਨ੍ਹਾਂ ਦਾ ਨਾਮ ਕਿਸ਼ਨ ਚੰਦ ਸ਼ਰਮਾ ਸੀ । ਬਹੁਤ ਸਿਆਣੇ, ਪੁੱਜ ਕੇ ਈਮਾਨਦਾਰ, ਆਪਣੇ ਕੰਮ ਵਿਚ ਸੰਪੂਰਨ ਤੌਰ ਤੇ ਨਿਪੁੰਨ ਇਨਸਾਨ। ਕਦੇ ਕਦੇ ਥੋੜਾ ਥੋੜਾ ਉਨ੍ਹਾਂ ਦੇ ਦਿਲ ਵਿਚ ਵੀ ਦਲਿਤ ਬ੍ਰਾਹਮਣ ਵਾਲਾ ਭੂਤ ਹਲਕਾ ਹਲਕਾ ਜਿਹਾ ਸਵਾਰ ਹੋ ਜਾਂਦਾ । ਪਰ ਉਹ ਬਹੁਤਾ ਉਜਾਗਰ ਨਾ ਹੋਚ ਦਿੰਦੇ । ਆਮ ਤੌਰ ਤੇ ਮੈਨੂੰ ਸਾਵਾਂ ਜਿਹਾ ਹੀ ਚੰਗਾ ਸਲੂਕ ਦਿੰਦੇ ਰਹੇ। ਮੈਨੂੰ ਉਨ੍ਹਾਂ ਨੇ ਸਾਰੇ ਦੇ ਸਾਰੇ ਦਫਤਰ ਦਾ ਕੰਮ ਸਿਖਾ ਕੇ ਇਕ ਤਰਾਂ ਦਾ ਆਲ ਰਾਊਂਡਰ ( ਸਾਰੇ ਹੀ ਕੰਮ ਕਰ ਸਕਣ ਵਾਲਾ) ਹੀ ਤਾਂ ਬਣਾ ਦਿੱਤਾ ਸੀ । ਉਹ ਆਪ ਕਿਹਾ ਸਕਦੇ ਸਨ ਕਿ ਉਨ੍ਹਾਂ ਦੀ ਮਾਰ ਖਾ ਕੇ ਗਿਆ ਹੋਇਆ ਕੋਈ ਵੀ ਕਲਰਕ ਜ਼ਿੰਦਗੀ ਭਰ ਮਾਰ ਨਹੀਂ ਖਾਏਗਾ। ਤੇ ਮੈਂ ਜ਼ਿੰਦਗੀ ਭਰ ਕਦੇ ਕਲੈਰੀਕਲ ਕੰਮ ਵਿਚ ਮਾਰ ਨਾ ਖਾਧੀ ।ਉਹ ਹਾਜ਼ਰੀ ਲਾਉਣ ਸਮੇਂ ਤੇ ਆਮ ਤੌਰ ਤੇ ਸਰਕਾਰੀ ਦਫਤਰੀ ਕੰਮ ਕਾਜ ਸਮੇਂ ਆਪਣੇ ਇੰਨੀਸ਼ੀਅਲ 'ਕੇਸੀ' ਕਰ ਕੇ ਪਾਉਂਦੇ ਹੁੰਦੇ ਸਨ । ਮੈਂ ਰਜਿਸਟਰ ਦੇ ਵਿਚ ਇਕ ਹੋਰ ਚੇਪੀ ਲਾ ਕੇ ਉਨ੍ਹਾਂ ਦੀ ਹੀ ਰੀਸੋ ਰੀਸੀ ਆਪਣੇ ਖਾਨੇ ਵਿਚ ਵੀ ਆਪਣੇ ਹੱਥਾਂ ਨਾਲ 'ਕੇਸੀ' ਪਾ ਦਿੱਤਾ।ਦੇਖਦਿਆਂ ਸਾਰ ਅੱਗ ਬਗੂਲਾ ਹੋ ਉਠੇ।ਮੱਥੇ ਉਤੇ ਦੁਹੱਥੜ ਮਾਰ ਕੇ ਮੈਨੂੰ ਦਬਕਾ ਕੇ ਕਹਿਣ ਲੱਗੇ ਕਿ ਮੈਂ ਉਨ੍ਹਾਂ ਦੇ ਇੰਨੀਸ਼ੀਅਲ ਕਿਉਂ ਕੀਤੇ ਹਨ। ਮੈਂ ਆਪਣੇ ਕਿਉਂ ਨਹੀਂ ਕੀਤੇ। ਤੇ ਨਾਲ ਉਨ੍ਹਾਂ ਨੇ ਮੈਨੂੰ ਹੋਰ ਡਾਂਟ ਦਿੱਤਾ ਕਿ ਮੈਂ ਬਾਰ ਬਾਰ ਚੇਪੀਆਂ ਲਾ ਲਾ ਕੇ ਰਜਿਸਟਰ ਨੂੰ ਗੰਦਾ ਕਿਉਂ ਕਰ ਦਿੱਤਾ ਹੈ। ਇਹ ਸਰਕਾਰੀ ਰੀਕਾਰਡ ਹੈ । ਜੇਕਰ ਕਲ੍ਹ ਨੂੰ ਕਿਸੇ ਉਚ ਅਫਸਰ ਦੇ ਅੱਖਾਂ ਵਿਚ ਦੀ ਨਿੱਕਲ ਗਿਆ ਤਾਂ ਉਨ੍ਹਾਂ ਨੇ ਮੈਨੂੰ ਛੱਡਣਾ ਨਹੀਂ । ਮੈਂ ਇਕ ਦਮ ਡਰ ਗਿਆ। ਸਹਿਮ ਕੇ ਦੁਬਕ ਕੇ ਜਿਹੇ ਮੂੰਹ ਜਿਹਾ ਲਟਕਾ ਕੇ ਬੈਠ ਗਿਆ ਤੇ ਉਡੀਕ ਕਰਨ ਲੱਗਾ ਕਿ ਉਨ੍ਹਾਂ ਦਾ ਗੁੱਸਾ ਠੰਡਾ ਹੁੰਦਾ ਹੈ ਤਾਂ ਮੈਂ ਉਨ੍ਹਾਂ ਨੂੰ ਦੱਸਾਂਗਾ ਕਿ ਇਹ ਟਟਵੈਰ ਮੈਂ ਪਹਿਲੀ ਹੀ ਵਾਰੀ ਸੁਣਿਆਂ ਹੈ । ਇਸ ਲਈ ਜੋ ਵੀ ਕਰਵਾਉਣਾ ਹੈ ਉਹ ਮੇਰੇ ਕੋਲੋਂ ਆਪ ਕਰਵਾ ਲੈਣ।

ਦੋ ਚਾਰ ਮਿੰਟ ਬੀਤਣ ਤੇ ਮੈਂ ਉਨ੍ਹਾਂ ਅੱਗੇ ਸਫੈਦ ਕਾਗਜ਼ ਕਰ ਕੇ ਬੜੀ ਆਜਜ਼ੀ ਨਾਲ ਮੁਆਫੀ ਮੰਗਦੇ ਹੋਏ ਨੇ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਉਹ ਇਸ ਕਾਗਜ਼ ਉਤੇ ਮੈਨੂੰ ਕਰ ਕੇ ਇਕ ਬਾਰ ਦਿਖਾ ਦੇਣ ਤਾਂ ਮੈਂ ਫਿਰ ਕਰ ਲਵਾਂਗਾ। ਨਾਲ ਹੀ ਮੈਂ ਉਨ੍ਹਾਂ ਨੂੰ ਹੋਰ ਵਿਸ਼ਵਾਸ ਵੀ ਦਿਵਾ ਦਿੱਤਾ ਕਿ ਉਹ ਛਿੱਥੇ ਨਾ ਪੈਣ ,ਮੈਂ ਹਾਲੇ ਬਿਲਕੁਲ ਨਵਾਂ ਹੀ ਹਾਂ ਅਤੇ ਪਿਛਲੇ ਦਫਤਰ ਵਾਲਿਆਂ ਨੇ ਮੈਨੂੰ ਲਗਭਗ ਬਿਲਕੁਲ ਹੀ ਅਟੈਂਡ ਨਹੀਂ ਕੀਤਾ ਸੀ । ਉਹ ਜੋ ਵੀ ਮੈਨੂੰ ਦੱਸਦੇ ਜਾਣਗੇ ਮੈਂ ਧੰਨਵਾਦ ਸਹਿਤ ਗ੍ਰਹਿਣ ਕਰਦਾ ਜਾਵਾਂਗਾ ਤੇ ਉਨ੍ਹਾਂ ਨੂੰ ਕੋਈ ਤਕਲੀਫ ਨਹੀਂ ਆਉਣ ਦੇਵਾਂਗਾ। ਬਾਬੂ ਜੀ ਨੇ ਮੇਰੀ ਮਜਬੂਰੀ ਸਮਝੀ ਤੇ ਮੈਨੂੰ ਪਿਆਰ ਨਾਲ ਸਭ ਕੁਝ ਸਮਝਾਉਣ ਲੱਗੇ । ਉਨ੍ਹਾਂ ਨੇ ਮੇਰੇ ਨਾਮ ਦੇ ਦੋਨੋ ਸ਼ਬਦ ਲੈ ਕੇ 'ਬੀ' ਤੇ 'ਆਰ' ਨੂੰ ਛੋਟੇ ਫਾਰਮ ਵਿਚ ਨਿਸ਼ਾਨੀ ਦੇ ਤੌਰ ਤੇ ਇਸਤੇਮਾਲ ਕਰਨ ਦਾ ਵੱਲ ਦੱਸ ਦਿਤਾ ਤੇ ਦੱਸਿਆ ਕਿ ਪੂਰੇ ਦਸਤਖ਼ਤ ਸਰਕਾਰੀ ਕੰਮ ਕਾਜ ਵਿਚ ਘੱਟ ਹੀ ਕੰਮ ਆਉਂਦੇ ਹਨ । ਬਲਕਿ ਆਪਾਂ ਕਲਰਕਾਂ ਨੇ ਆਮ ਤੌਰ ਤੇ ਇੰਨੀਸ਼ੀਅਲ ਹੀ ਕਰਨੇ ਹੁੰਦੇ ਹਨ। ਇਸ ਤਰ੍ਹਾਂ ਮੈਂ ਉਨ੍ਹਾਂ ਦੇ ਸਬਕ ਦਿੱਤੇ ਅਨੁਸਾਰ ਥੋੜ੍ਹਾ ਜਿਹਾ ਅਭਿਆਸ ਕਰ ਕੇ ਆਪਣੇ ਜ਼ਰਾ ਕੁ ਸਟਾਇਲਿਸ਼ ਜਿਹੇ ਇਨੀਸ਼ੀਅਲ 'ਬੀ ਆਰ 'ਕਰ ਕੇ ਰਜਿਸਟਰ ਉਤੇ ਆਪਣੀ ਤਰੀਕ ਹੇਠਲੇ ਆਪਣੇ ਨਾਮ ਦੇ ਸਾਹਮਣੇ ਵਾਲੇ ਖਾਨੇ ਵਿਚ ਮਾਰਕ ਕਰ ਦਿੱਤੇ ਤੇ ਇਸ ਤਰ੍ਹਾਂ ਲੱਗੀ ਮੇਰੇ ਪਹਿਲੇ ਦਿਨ ਦੀ ਹਾਜ਼ਰੀ।

ਸਰਕਾਰ ਵਲੋਂ ਜਿਹੜੇ ਪਰਿੰਟਡ ਹਾਜ਼ਰੀ ਰਜਿਸਟਰ ਮਿਲਦੇ ਹਨ ਉਨ੍ਹਾਂ ਵਿਚ ਪਹਿਲੇ ਸਫੇ ਉਤੇ ਕੁੱਝ ਹਿਦਾਇਤਾਂ ਹਾਜ਼ਰੀ ਲਾਉਣ ਸਬੰਧੀ ਲਿਖੀਆਂ ਹੋਈਆਂ ਹੁੰਦੀਆਂ ਸਨ। ਜੇਕਰ ਸਰਕਾਰੀ ਰਜਿਸਟਰ ਹੁੰਦਾ ਤਾਂ ਮੈਂ ਉਹ ਹਦਾਇਤਾਂ ਪੜ੍ਹ ਲੈਣੀਆਂ ਸਨ ਤਾਂ ਸ਼ਾਇਦ ਇਹ ਸਥਿਤੀ ਉਤਪੰਨ ਨਾ ਹੁੰਦੀ। ਇਹ ਸਾਰਾ ਕੁਝ ਜੋ ਮੇਰੇ ਨਾਲ ਬੀਤਿਆ ਮੇਰੀ ਸਹਿਜ ਅਣਭੋਲਤਾ,ਸਾਦਗੀ, ਬੇ-ਬਸੀ ,ਅਨਪੜ੍ਹ ਪੇਂਡੂ ਪਰਿਵਾਰਿਕ ਬੈਕ ਗਰਾਊਂਡ ਤੇ ਅਣਜਾਣ ਪੁਣੇ ਦੀ ਨਿਸ਼ਾਨੀ ਸੀ। ਚਲਾਕੀ ਹੁਸ਼ਿਆਰੀ ਵਗੈਰਾ ਮੈਨੂੰ ਕਦੇ ਕਰਨੀ ਆਈ ਹੀ ਨਹੀਂ। ਮੈਂ ਇਹ ਗੱਲ ਕਈ ਵਾਰ ਆਪਣੇ ਬੱਚਿਆਂ ਨੂੰ ਤੇ ਹੁਣ ਆਪਣੇ ਪੋਤੇ ਪੋਤੀਆਂ ਨੂੰ ਸੁਣਾਉਂਦਾ ਰਿਹਾ ਹਾਂ ਤੇ ਉਹ ਅੱਜ ਵੀ ਇਹ 'ਕਥਾ' ਕਰ ਕੇ ਮੇਰੀ ਅਣਭੋਲਤਾ ਨੂੰ ਯਾਦ ਕਰ ਕੇ ਖ਼ੁਸ਼ੀ ਵਿਚ ਲੋਟ ਪੋਟ ਤੇ ਖੀਵੇ ਹੁੰਦੇ ਰਹਿੰਦੇ ਹਨ। ਕਈ ਵਾਰ ਆਪਸ ਵਿਚ ਗੱਲ ਕਰ ਕੇ ਹੱਸਣ ਦਾ ਦੌਰ ਵੀ ਚਲਾ ਲੈਂਦੇ ਹਨ। ਪਰ ਪਾਠਕ ਮਿੱਤਰੋ ਅੱਜ ਸਮਾਂ ਉਹ ਨਹੀਂ ਰਿਹਾ। ਲਗਭਗ ਸਾਰੇ ਹੀ ਪਰਿਵਾਰਾਂ ਵਿਚ ਬੱਚਿਆਂ ਨੂੰ ਪੜ੍ਹਾਉਣ ਦਾ ਦੌਰ ਚੱਲਿਆ ਹੋਇਆ ਹੈ । ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਸਾਹਿਬ ਜੀ ਦੇ ਨਾਮ ਤੋਂ ਦਲਿਤ ਪਛੜੇ ਸਮਾਜ ਦਾ ਬੱਚਾ ਬੱਚਾ ਵਾਕਿਫ ਹੋ ਚੁੱਕਾ ਹੈ ।ਪਿੰਡਾਂ ਪਿੰਡਾਂ ਤੇ ਸ਼ਹਿਰਾਂ ਵਿਚ ਲਗਭਗ ਸਭ ਗਲੀ ਮਹੱਲਿਆਂ ਵਿਚ ਜਿੱਥੇ ਭਰਪੂਰ ਦਲਿਤ ਪਛੜਿਆਂ ਦੀ ਅਬਾਦੀ ਹੈ ਬਾਬਾ ਸਾਹਿਬ ਜੀ ਦਾ ਜਨਮ ਦਿਨ ਮਨਾਇਆ ਜਾਂਦਾ ਹੈ।ਇਸ ਨਵੀਂ ਜਾਗਰਿਤੀ, ਨਵੇਂ ਚਾਨਣ ਦੀ ਬਦੌਲਤ ਛੇਵੀਂ ਸੱਤਵੀਂ ਜਮਾਤ ਵਿਚ ਪੜ੍ਹਦੇ ਮੇਰੇ ਪੋਤੇ ਪੋਤੀ ਦਾ ਜਦੋਂ ਬੈਂਕ ਵਿਖੇ ਲੇਖਾ ਖੁਲ੍ਹਵਉਣ ਲਈ ਉਨ੍ਹਾਂ ਨੂੰ ਲੈ ਕੇ ਗਏ ਤਾਂ ਉਨ੍ਹਾਂ ਨੇ ਕਿਸੇ ਗਾਈਡੈਂਸ ਲੈਣ ਤੋਂ ਬਿਨਾਂ ਹੀ ਬਹੁਤ ਸੁੰਦਰ ਸਟਾਇਲਿਸ਼ ਮੇਰੇ ਨਾਲੋਂ ਵੀ ਵਧੀਆ ਦਸਤਖ਼ਤ ਆਪਣੇ ਆਪਣੇ ਫਾਰਮ ਉਤੇ ਬਣਾ ਕੇ ਬੈਂਕ ਮੈਨੇਜਰ ਸਾਹਬ ਨੂੰ ਪੇਸ਼ ਕੀਤੇ ਤਾਂ ਮੈਨੇਜਰ ਸਾਹਿਬ ਤੇ ਮੈਂ ਦੰਗ ਹੁੰਦੇ ਹੋਏ ਬਹੁਤ ਖ਼ੁਸ਼ ਹੋਏ।

# ਬਾਬਾ ਸਾਹਿਬ ਡਾ.ਭੀਮ ਰਾਉ ਅੰਬੇਡਕਰ ਜੀ ਬਾਰੇ ਜਾਣਕਾਰੀ

15 India and the Pre-requisites of Communism
16. India on the eve of the crown government
17. Lectures on the English Constitution
18. Maharashtra as a Linguistic Province
19. Manu and the Shudras
20. Mr. Russell and The Reconstruction of Society
21. Mr. Gandhi and The Emancipation Of The Untouchables
22. Need for Checks and Balances
23. Notes on Acts and Laws
24. Notes on History of India
25. Notes on Parliamentary Procedure
26. Pakistan or the Partition of India
27. Paramountcy and the claim of the Indian states to be independent
28. Philosophy of Hinduism
29.Plea to the Foreigner
30.Preservation of Social Order
31. Ranade Gandhi & Jinnah
32. Review: Currency & Exchange
33. Review: Report of the Taxation Inquiry Committee
34. Revolution and Counter-Revolution in Ancient India
35. Riddle in Hinduism
36. Small Holdings in India and their Remedies
37. Statement of Evidence to the Royal Commission on Indian Currency
38. States and Minorities
39. The Constitution of British India
40. The Evolution of Provincial Finance in British India
41. The Present Problem in Indian Currency
42. The Present Problem in Indian Currency 2
43. The Problem of Political Suppression
44. The Problem of the Rupee
45. The Untouchables and the Pax Britannica
46. The Untouchables Who were they and why they became Untouchables
47.Thoughts on Linguistic States
48. Untouchables or the Children of India
49. Waiting for a Visa
50. What Congress and Gandhi have done to the Untouchables
51. Which is Worse?
52. Who were the Shudras?
53. With the Hindus

************

## ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਦਕਰ ਜੀ ਦੇ 126ਵੇਂ ਜਨਮ ਦਿਨ ’ਤੇ ਵਿਸ਼ੇਸ਼

# ‘ਸਮਾਜਿਕ ਕ੍ਰਾਂਤੀ ਤੇ ਭਾਰਤ ਦਾ ਸੰਵਿਧਾਨ’



ਪ੍ਰੋ: ਐਚ.ਐਲ.ਕਪੂਰ
001- 916- 587-4002

ਡਾਕਟਰ ਭੀਮ ਰਾਓ ਅੰਬੇਦਕਰ ਜੀ ਜਿਹਨਾਂ ਨੂੰ ਪਿਆਰ ਨਾਲ ਲੋਕ ‘ਬਾਬਾ ਸਾਹਿਬ’ ਦੇ ਨਾਮ ਨਾਲ ਵੀ ਯਾਦ ਕਰਦੇ ਹਨ। ਉਹ ਬਹੁ-ਗੁਣੀ ਪ੍ਰਤਿਭਾ ਦੇ ਮਾਲਕ ਤੇ ਬਚਪਨ ’ਚ ਇਕ ਬਹੁਤ ਹੀ ਹੋਣਹਾਰ ਵਿਦਿਆਰਥੀ ਸਨ। ਉਨ੍ਹਾਂ ਨੇ ਕਾਨੂੰਨ ਦੀ ਡਿਗਰੀ ਹਾਸਲ ਕੀਤੀ ਤੇ ਸੰਸਾਰ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਜਿਵੇਂ ਕੋਲੰਬੀਆ ਯੂਨੀਵਰਸਿਟੀ, ਲੰਡਨ ਸਕੂਲ ਆਫ਼ ਇਕਨੌਮਿਕਸ ਤੋਂ ਡਾਕਟਰੇਟ ਦੀਆਂ ਉਪਾਧੀਆਂ ਵੀ ਪ੍ਰਾਪਤ ਕੀਤੀਆਂ। ਉਹ ਇਕ ਉੱਘੇ ਬੁੱਧੀਜੀਵੀ ਵਜੋਂ ਉਦੋਂ ਹੀ ਸਥਾਪਤ ਹੋ ਗਏ ਸਨ ਜਦੋਂ ਉਨ੍ਹਾਂ ਨੇ ਆਪਣੇ ਵਿਦਿਆਰਥੀ ਜੀਵਨ ਕਾਲ ’ਚ ਹੀ ਕਾਨੂੰਨ, ਅਰਥ ਸ਼ਾਸਤਰ ਤੇ ਰਾਜਨੀਤੀ ਸ਼ਾਸਤਰ ’ਚ ਖੋਜ ਕਰਕੇ ਡਿਗਰੀਆਂ ਹਾਸਲ ਕੀਤੀਆਂ ਸਨ। ਉਹ ਆਪਣੇ ਆਰੰਭਕ ਜੀਵਨ ’ਚ ਅਰਥ ਸ਼ਾਸਤਰ ਦੇ ਪ੍ਰੋਫੈਸਰ ਤੇ ਇਕ ਪ੍ਰਸਿੱਧ ਵਕੀਲ ਸਨ। ਇਹਨਾਂ ਖੇਤਰਾਂ ’ਚ ਆਪਣੀ ਪ੍ਰਸਿੱਧਤਾ ਬਣਾਉਣ ਉਪਰੰਤ ਉਹ ਭਾਰਤੀ ਰਾਜਨੀਤੀ ’ਚ ਪ੍ਰਵੇਸ਼ ਕਰ ਗਏ ਸਨ ਤਾਂ ਕਿ ਦੇਸ਼ ਨੂੰ ਆਜ਼ਾਦ ਤੇ ਸਮਾਜ ’ਚ ਚੇਤਨਤਾ ਲਿਆਂਦੀ ਜਾ ਸਕੇ। ਆਪਣੇ ਆਜ਼ਾਦੀ ਪ੍ਰਾਪਤ ਕਰਨ ਦੇ ਸੰਘਰਸ਼ ਦੌਰਾਨ ਅਖ਼ਬਾਰਾਂ ਤੇ ਰਸਾਲਿਆਂ ’ਚ ਲੇਖ ਲਿਖ ਕੇ, ਦਲਿਤਾਂ ਲਈ ਰਾਜਨੀਤਿਕ ਹੱਕ, ਸਮਾਜਿਕ ਬਰਾਬਰੀ ਤੇ ਸਮਾਜਿਕ ਆਜ਼ਾਦੀ ਪ੍ਰਾਪਤ ਕਰਨ ਦੀ ਆਵਾਜ਼ ਬੁਲੰਦ ਕੀਤੀ ਤੇ ਭਾਰਤ ਹੋ ਚੁੱਕੀ ਸੀ, ਜਿਸ ਦੇ ਤਹਿਤ ਰਾਜਾ ਨੇ ਆਪਣੀ ਜਨਤਾ ਦੇ ਨਾਲ ਆਪਣੇ ਅਧਿਕਾਰਾਂ ਨੂੰ ਵੰਡ ਲਿਆ ਸੀ। ਉਥੇ ਹੁਣ ਤੱਕ ਇਸੇ ਕਿਸਮ ਦੀ ਸੈਟਲਮੈਂਟ ਨਾਲ ਬਣੀ ਵਿਵਸਥਾ ਕਾਇਮ ਹੈ ਅਤੇ 15 ਜੂਨ 2015 ਨੂੰ ਉਸ ਦੇ ਮੈਗਨਾ ਕਾਰਟਾ ਦੇ ਅੱਠ ਸੌ ਸਾਲ ਹੋ ਗਏ ਹਨ।

ਸੰਵਿਧਾਨ ਅਸਲ ’ਚ ਸਮੂਹ ’ਚ ਵੰਡੇ ਲੋਕ ਜੋ ਰਾਸ਼ਟਰ ਬਣਨਾ ਚਾਹੁੰਦੇ ਹਨ, ਨੂੰ ਮਨੁੱਖੀ ਅਧਿਕਾਰ ਦਿਵਾਉਣਾ ਹੈ। ਇਸ ਦੇ ਤਹਿਤ ਲੋਕਾਂ ਦੇ ਲਈ ਆਜ਼ਾਦੀ, ਭਾਈਚਾਰਕ ਸਮਾਨਤਾ, ਬਰਾਬਰੀ ਅਤੇ ਨਿਆਂ ਦੇ ਲਈ ਵਿਵਸਥਾ ਦਾ ਨਿਰਮਾਣ ਕੀਤਾ ਜਾਂਦਾ ਹੈ। ਇਹ ਸਾਰੇ ਮਨੁੱਖਾਂ ਨੂੰ ਬਰਾਬਰੀ ਦੇ ਅਧਿਕਾਰ ਵੀ ਦਿੰਦਾ ਹੈ ਅਤੇ ਇਹਨਾਂ ਵਿਚਕਾਰ ਭੇਦਭਾਵ ਨੂੰ ਅਪਰਾਧ ਵੀ ਐਲਾਨ ਕਰਦਾ ਹੈ।

1950 ਤੋਂ ਬਾਅਦ ਵਿਸ਼ਵ ਦੇ ਲੱਗਭੱਗ 50 ਦੇਸ਼ਾਂ ਨੇ ਆਪਣਾ ਸੰਵਿਧਾਨ ਬਣਾਇਆ, ਜਿਸ ’ਚ ਭਾਰਤ ਪਹਿਲੇ ਸਥਾਨ ’ਤੇ ਹੈ ਅਤੇ ਭਾਰਤ ਦਾ ਸੰਵਿਧਾਨ ਹੀ ਹੋਰ ਦੇਸ਼ਾਂ ਦੇ ਲਈ ਪ੍ਰੇਰਨਾ ਬਣਿਆ। ਹਾਲਾਂਕਿ ਇੱਥੇ ਇਹ ਵੀ ਸਾਫ ਕਰ ਦੇਣਾ ਹੋਵੇਗਾ ਕਿ ਭਾਰਤ ਦੀ ‘ਆਜ਼ਾਦੀ ਦਾ ਅੰਦੋਲਨ’ ਅਤੇ ‘ਭਾਰਤ ਦੇ ਸੰਵਿਧਾਨ’ ਦਾ ਆਪਸ ਵਿਚ ਕੋਈ ਸਬੰਧ ਨਹੀਂ। ਦੋਵੇਂ ਹੀ ਅਲੱਗ-ਅਲੱਗ ਘਟਨਾਵਾਂ ਹਨ। ਜਦੋਂ 1928 ’ਚ ਸਾਈਮਨ 1946 ਨੂੰ 296 ਮੈਂਬਰਾਂ ਦੀ ਸੰਵਿਧਾਨ ਸਭਾ ਬਣੀ। ਦੇਸ਼ ਦੀ ਵੰਡ ਹੋਣ ਦੇ ਕਾਰਨ ਇਸ ’ਚੋਂ 89 ਮੈਂਬਰ ਚਲੇ ਗਏ। ਇਸ ਤਰ੍ਹਾਂ ਭਾਰਤੀ ਸੰਵਿਧਾਨ ਸਭਾ ’ਚ 207 ਮੈਂਬਰ ਰਹਿ ਗਏ ਅਤੇ ਇਹਨਾਂ ਦੀ ਪਹਿਲੀ ਬੈਠਕ ’ਚ ਸਿਰਫ਼ 207 ਮੈਂਬਰ ਹੀ ਸ਼ਾਮਲ ਸਨ, ਇਸ ’ਚ ਬਾਬਾ ਸਾਹਿਬ ਡਾ: ਅੰਬੇਦਕਰ ਪਹਿਲੀ ਵਾਰ 9 ਦਸੰਬਰ 1946 ਨੂੰ ਬੰਗਾਲ ਤੋਂ ਚੁਣ ਕੇ ਆਏ (ਮੁਸਲਿਮ ਵੋਟ ਦੁਆਰਾ) ਅਤੇ ਇਸ ਤੋਂ ਤੁਰੰਤ ਬਾਅਦ ਵੰਡ ਹੋ ਗਈ, ਇਸ ਤੋਂ ਬਾਅਦ ਬਾਬਾ ਸਾਹਿਬ ਜਿਸ ਵਿਧਾਨ ਪਰਿਸ਼ਦ ਦੀ ਸੀਟ ਦੀ ਪ੍ਰਤੀਨਿਧਤਾ ਕਰ ਰਹੇ ਸਨ, ਉਸ ਨੂੰ ਪਾਕਿਸਤਾਨ ਦੇ ਹਵਾਲੇ ਕਰ ਦਿੱਤਾ ਗਿਆ।

ਇਸ ਤਰ੍ਹਾਂ ਬਾਬਾ ਸਾਹਿਬ ਦੀ ਮੈਂਬਰੀ ਰੱਦ ਹੋ ਗਈ। ਵੰਡ ਦੀ ਸਾਜ਼ਿਸ਼ ਇਸ ਕਰਕੇ ਰਚੀ ਗਈ ਤਾਂ ਜੋ ਡਾ: ਅੰਬੇਦਕਰ ਵਿਧਾਨ ਸਭਾ ’ਚ ਨਾ ਰਹਿ ਸਕਣ। ਹਾਲਾਂਕਿ ਇਹਨਾਂ ਸਾਰੀਆਂ ਸਾਜ਼ਿਸ਼ਾਂ ਨੂੰ ਦਰਕਿਨਾਰ ਕਰਦੇ ਹੋਏ ਬਾਬਾ ਸਾਹਿਬ ਦੁਬਾਰਾ 14 ਜੁਲਾਈ 1947 ਨੂੰ ਚੁਣ ਕੇ ਆਏ।

ਅਸਲ ’ਚ ਡਾ: ਅੰਬੇਦਕਰ ਜਦੋਂ ਪਹਿਲੀ ਵਾਰ ਵਿਧਾਨ ਸਭਾ ’ਚ ਚੁਣ ਕੇ ਆਏ ਸਨ ਤੇ ਵੰਡ ਤੋਂ ਬਾਅਦ ਆਪਣੇ ਚੋਣ ਖੇਤਰ ਦੇ ਪਾਕਿਸਤਾਨ ’ਚ ਚਲੇ ਜਾਣ ਦੇ ਕਾਰਨ ਵਿਧਾਨ ਸਭਾ ਦਾ ਹਿੱਸਾ ਨਹੀਂ ਰਹੇ, ਉਸ ਵਕਤ ਇੰਗਲੈਂਡ ਦੀ ਜਯੋਤਿਬਾ ਫੂਲੇ, ਨਰਾਇਣ ਗੁਰੂ ਤੇ ਬਾਬਾ ਸਾਹਿਬ ਅੰਬੇਦਕਰ ਦਾ ਬਹੁਤ ਵੱਡਾ ਯੋਗਦਾਨ ਸੀ। ਇਹਨਾਂ ਸਾਰੇ ਮਹਾਂਪੁਰਸ਼ਾਂ ਦੇ ਸੰਘਰਸ਼ ਤੋਂ ਬਾਅਦ ਬਾਬਾ ਸਾਹਿਬ ਅੰਬੇਦਕਰ ਦੇ ਜ਼ਰੀਏ ਭਾਰਤ ’ਚ ਜੋ ਸਮਾਜਿਕ ਕ੍ਰਾਂਤੀ ਆਈ, ਉਹ ਇਸ ਦਾ ਇਕੋ ਇਕ ਕਾਰਨ ਹੈ, ਜਿਸ ’ਚ ਭਾਰਤ ਦੇ ਸੰਵਿਧਾਨ ਦਾ ਨਿਰਮਾਣ ਹੋਇਆ।

ਭਾਰਤੀ ਸਮਾਜ ’ਚ ਜਾਗ੍ਰਤੀ ਲਿਆਉਣ ਲਈ ਜਿੱਥੇ ਬਾਬਾ ਸਾਹਿਬ ਡਾ. ਅੰਬੇਦਕਰ ਜੀ ਦਾ ਮਹਾਨ ਯੋਗਦਾਨ ਹੈ, ਉਥੇ ਇਸ ਦੇ ਨਾਲ ਸਮਾਜਿਕ ਜਾਗਰਤੀ ਲਿਆਉਣ ਲਈ ਤੇ ਸਮਾਜਵਾਦ ਦੀ ਸਥਾਪਨਾ ਕਰਨ ਲਈ ਕਾਰਲ ਮਾਰਕਸ ਤੇ ਰੂਸ ਦੇ ਇਨਕਲਾਬ ਨੇ ਵੀ ਆਪਣਾ ਭਰਪੂਰ ਯੋਗਦਾਨ ਪਾਇਆ, ਬਾਬਾ ਸਾਹਿਬ ਡਾ: ਅੰਬੇਦਕਰ ਜੀ ਵੀ ਇਨ੍ਹਾਂ ਲਹਿਰਾਂ ਤੋਂ ਪ੍ਰਭਾਵਿਤ ਸਨ। ਇਨ੍ਹਾਂ ਲਹਿਰਾਂ ਨਾਲ ਲੋਕਾਂ ’ਚ ਆਪਣੇ ਹੱਕਾਂ ਤੇ ਕਰਤਵਾਂ ਪ੍ਰਤੀ ਸੰਵਿਧਾਨਕ ਸੋਝੀ ਆਈ। ਆਜ਼ਾਦੀ ਦੇ ਸੰਘਰਸ਼ ਦੇ ਨਾਲ-ਨਾਲ, ਨੇਤਾਗਣ ਲੋਕਾਂ ਨੂੰ ਸੰਵਿਧਾਨਕ ਹੱਕਾਂ



**ਉਹ ਚਾਹੁੰਦੇ ਸਨ ਕਿ ਭਾਰਤ ’ਚ ਅਸਮਾਨਤਾ ਖਤਮ ਹੋਵੇ ਅਤੇ ਸਮਾਨਤਾ ਆਵੇ ਤੇ ਲੋਕਾਂ ਨੂੰ ਉਨ੍ਹਾਂ ਦੇ ਬੁਨਿਆਦੀ ਅਧਿਕਾਰ ਮਿਲਣ। ਸੰਵਿਧਾਨਕ ਤੌਰ ’ਤੇ ਭਾਰਤ ’ਚ ਜਾਤੀ ਅਤੇ ਵਰਣ ਵਰਗੀ ਵਿਵਸਥਾ ਅਤੇ ਮਨੂ ਸਿਮਰਤੀ ਦੇ ਤਹਿਤ ਬਣਾਏ ਗਏ ਕਾਨੂੰਨ ਦਾ ਖਤਮ ਹੋਣ ਦਾ ਵਕਤ ਆ ਗਿਆ ਸੀ। ਜਯੋਤੀਬਾ ਫੂਲੇ, ਸਾਹੂ ਜੀ ਮਹਾਰਾਜ, ਗਾਡਕੇ ਬਾਬਾ, ਨਰਾਇਣ ਗੁਰੂ, ਪੇਰੀਆਰ ਅਤੇ ਬਾਬਾ ਸਾਹਿਬ ਡਾ. ਅੰਬੇਦਕਰ ਦੇ ਜ਼ਰੀਏ ਜੋ ਸਮਾਜਿਕ ਕ੍ਰਾਂਤੀ ਆਈ ਸੀ, ਉਸ ਨੂੰ ਪਛਾਣ ਚਾਹੀਦੀ ਸੀ। ਇਸਦੇ ਲਈ ਭਾਰਤ ’ਚ ਇਕ ਸੰਵਿਧਾਨ ਦੀ ਜ਼ਰੂਰਤ ਸੀ, ਹਾਲਾਂਕਿ ਇਹ ਕਹਿਣਾ ਜ਼ਿਆਦਾ ਸਹੀ ਹੋਵੇਗਾ ਕਿ ਭਾਰਤ ’ਚ ਰਾਜਨੀਤਿਕ ਕ੍ਰਾਂਤੀ ਦੀ ਬਜਾਏ ਸਮਾਜਿਕ ਕ੍ਰਾਂਤੀ ਦੇ ਕਾਰਨ ਸੰਵਿਧਾਨ ਬਣਿਆ ਹੈ। ਕਿਉਂਕਿ ਜੋ ਲੋਕ ਰਾਜਨੀਤਿਕ ਕ੍ਰਾਂਤੀ ’ਚ ਸਰਗਰਮ ਸਨ, ਉਹ ਨਹੀਂ ਚਾਹੁੰਦੇ ਸਨ ਕਿ ਭਾਰਤ ’ਚ ਸੰਵਿਧਾਨ ਹੋਵੇ। ਉਹ ਬਿਨਾਂ ਸੰਵਿਧਾਨ ਦੇ ਹੀ ਭਾਰਤ ਦੇਸ਼ ਨੂੰ ਚਲਾਉਣਾ ਚਾਹੁੰਦੇ ਸਨ। ਪਰ ਭਾਰਤ ’ਚ ਸਮਾਜਿਕ ਕ੍ਰਾਂਤੀ ਦੇ ਕਾਰਨ ਇੰਨੇ ਜ਼ਿਆਦਾ ਮਜ਼ਬੂਤ ਸਨ ਕਿ ਰਾਜਨੀਤਿਕ ਲੋਕ ਇਹ ਚਾਹ ਕੇ ਵੀ ਸੰਵਿਧਾਨ ਨਿਰਮਾਣ ਰੋਕ ਨਾ ਸਕੇ। ਡਾ. ਅੰਬੇਦਕਰ ਜੀ ਦੇ ਲਗਾਤਾਰ ਸਰਗਰਮ ਰਹਿਣ ਕਾਰਨ ਬ੍ਰਿਟਿਸ਼ ਲੋਕ ਵੀ ਭਾਰਤ ’ਚ ਮੌਜੂਦ ਅਸਮਾਨਤਾ ਨੂੰ ਸਮਝ ਚੁੱਕੇ ਸਨ ਅਤੇ ਉਹ ਡਾ. ਅੰਬੇਦਕਰ ਅਤੇ ਸੰਵਿਧਾਨ ਦੇ ਪੱਖ ਵਿਚ ਸਨ। ਇਸ ਤਰ੍ਹਾਂ ਨਾਲ ਭਾਰਤ ’ਚ ਸੰਵਿਧਾਨ ਬਣਨ ਦੀ ਪ੍ਰਕਿਰਿਆ ਤੇ ਮੋਹਰ ਲੱਗੀ।**

ਨੂੰ ਇਕ ਸਟੇਟ ਵਜੋਂ ਸਥਾਪਤ ਕਰਨ ਦਾ ਸਮਰਥਨ ਵੀ ਆਪਣੀ ਪੁਰਜ਼ੋਰ ਤਾਕਤ ਝੋਕ ਕੇ ਕੀਤਾ। ਉਹਨਾਂ ਨੇ 1956 ’ਚ ਆਪਣਾ ਧਰਮ ਬਦਲ ਕੇ ‘ਬੁੱਧ ਧਰਮ’ ਗ੍ਰਹਿਣ ਕਰ ਲਿਆ। ਬੁੱਧ ਧਰਮ ’ਚ ਸ਼ਾਮਲ ਹੋ ਕੇ ਉਨ੍ਹਾਂ ਨੇ ਕੋਈ ਪੰਜ ਲੱਖ ਦੇ ਕਰੀਬ ਦਲਿਤ ਲੋਕਾਂ ਦਾ ਧਰਮ ਪਰਿਵਰਤਿਤ ਕਰਕੇ, ਬੁੱਧ ਧਰਮ ’ਚ ਸ਼ਾਮਲ ਕਰਵਾਇਆ। ਉਹ ਆਜ਼ਾਦ ਭਾਰਤ ਦੇ ਪਹਿਲੇ ਕਾਨੂੰਨ ਮੰਤਰੀ ਬਣੇ। ਉਹਨਾਂ ਨੇ ਭਾਰਤੀ ਸੰਵਿਧਾਨ ਦਾ ਨਿਰਮਾਣ ਕੀਤਾ ਤੇ ਉਹ ਕੋਈ 65 ਸਾਲ ਦਾ ਆਪਣਾ ਜੀਵਨ ਪੰਥ (14 ਅਪ੍ਰੈਲ 1891 ਤੋਂ 6 ਦਸੰਬਰ 1956) ਪੂਰਾ ਕਰਕੇ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ। ਸੰਨ 1990 ’ਚ ਭਾਰਤ ਸਰਕਾਰ ਨੇ ਉਹਨਾਂ ਦੇ ਦੇਸ਼ ਨੂੰ ਆਜ਼ਾਦ ਕਰਵਾਉਣ ਦੇ ਸੰਘਰਸ਼ ’ਚ ਪਾਏ ਯੋਗਦਾਨ ਤੇ ਭਾਰਤ ਦੇ ਲੋਕਾਂ ’ਚ ਸਮਾਜਿਕ ਚੇਤਨਤਾ ਪੈਦਾ ਕਰਨ ਦੇ ਮਹਾਨ ਯੋਗਦਾਨ ਬਦਲੇ, ਉਨ੍ਹਾਂ ਨੂੰ ਭਾਰਤ ਦੇ ਸਭ ਤੋਂ ਵੱਡੇ ਸਿਵਲੀਅਨ ਸਨਮਾਨ ‘ਭਾਰਤ ਰਤਨ’ ਨਾਲ ਸਨਮਾਨਿਆ ਗਿਆ। ਉਹਨਾਂ ਦੀ ਵਿਰਾਸਤ ਨੂੰ ਸੰਭਾਲਣ ਲਈ ਭਾਰਤ ’ਚ ਬਹੁਤ ਵੱਡੀ ਗਿਣਤੀ ’ਚ ਉਨ੍ਹਾਂ ਦੇ ਨਾਮ ’ਤੇ ’ਯਾਦਗਾਰਾਂ’ ਤੇ ’ਸੱਭਿਆਚਾਰਕ ਸੁਸਾਇਟੀਆਂ’ ਦਾ ਆਯੋਜਨ ਕੀਤਾ ਗਿਆ ਹੈ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਉਹਨਾਂ ਦੇ ਜੀਵਨ ਤੋਂ ਪ੍ਰੇਰਨਾ ਲੈਂਦੀਆਂ ਰਹਿਣ ਤੇ ਸਮਾਜਿਕ-ਬਰਾਬਰੀ ਦੇ ਹੱਕ ਨੂੰ ਪ੍ਰਾਪਤ ਕਰਨ ਲਈ ਸਦਾ ਸੰਘਰਸ਼ ਯੁਕਤ ਰਹਿਣ। ਉਹ ਆਪਣੇ ਪ੍ਰਸ਼ੰਸ਼ਕਾਂ ਨੂੰ ਹਮੇਸ਼ਾ Educate, Organise and Agitate (ਭਾਵ ਸਿੱਖਿਅਤ, ਜੱਥੇਬੰਦਕ ਤੇ ਸੰਘਰਸ਼ ਯੁਕਤ) ਰਹਿਣ ਦੀ ਸਿੱਖਿਆ ਦਿੰਦੇ ਸਨ।

ਇਸ ਲੇਖ ਨੂੰ ਮੈਂ ਡਾਕਟਰ ਭੀਮ ਰਾਓ ਅੰਬੇਦਕਰ ਜੀ ਦੇ ’ਭਾਰਤੀ ਸੰਵਿਧਾਨ’ ਦੇ ਨਿਰਮਾਣ ਤੇ ਲੋਕਾਂ ’ਚ ਇਸ ਪ੍ਰਤੀ ਆਈ ਸਮਾਜਿਕ ਚੇਤਨਤਾ ਦੇ ਘੇਰੇ ’ਚ ਹੀ ਰੱਖਾਂਗਾ ਤੇ ਇਸ ਦੀ ਚਰਚਾ ਨਿਮਨ-ਲਿਖਤ ਅਨੁਸਾਰ ਹੈ:

ਭਾਰਤ ਦਾ ਸੰਵਿਧਾਨ 26 ਨਵੰਬਰ 1949 ਨੂੰ ਸਵੀਕਾਰ ਕੀਤਾ ਗਿਆ ਸੀ। ਸੰਵਿਧਾਨ ਦੇ ਮਾਇਨੇ ਕੀ ਹੁੰਦੇ ਹਨ? ਸ਼ਾਇਦ ਉਸ ਸਮੇਂ ਭਾਰਤ ਦੇ ਲੋਕਾਂ ਨੂੰ ਇਹ ਪਤਾ ਨਹੀਂ ਸੀ। ਪਰ ਦੁਨੀਆਂ ’ਚ ਸੰਵਿਧਾਨ ਦਾ ਮਹੱਤਵ ਸਥਾਪਤ ਹੋ ਚੁੱਕਾ ਸੀ। ਅਮਰੀਕਾ ’ਚ 1779 ’ਚ ਸੰਵਿਧਾਨ ਬਣ ਚੁੱਕਾ ਸੀ। ਹਾਲਾਂਕਿ ਇੰਗਲੈਂਡ ’ਚ ਉਸ ਕਿਸਮ ਦਾ ਸੰਵਿਧਾਨ ਨਹੀਂ ਹੈ ਪਰ ਉਥੇ ਮੈਗਨਾ ਕਾਰਟਾ ਵਰਗੇ ਸੰਵਿਧਾਨਕ ਅਧਿਕਾਰਾਂ ਦੀ ਵਿਵਸਥਾ ਕਾਇਮ ਕਮਿਸ਼ਨ ਭਾਰਤ ਆਇਆ ਤਾਂ ਉਸ ਸਮੇਂ ਸੰਵਿਧਾਨਕ ਸੈਟਲਮੈਂਟ ਦੀ ਗੱਲ ਉੱਠੀ। ਅੰਗਰੇਜ਼ਾਂ ਨੇ ਇਹ ਤਹਿ ਕਰਨਾ ਜ਼ਰੂਰੀ ਸਮਝਿਆ ਕਿ ਭਾਰਤ ਨੂੰ ਸੱਤਾ ਦੀ ਤਬਦੀਲੀ ਤੋਂ ਬਾਅਦ ਭਾਰਤ ’ਚ ਲੋਕਤੰਤਰੀ ਵਿਵਸਥਾ ਹੀ ਲਾਗੂ ਹੋਵੇ ਅਤੇ ਇਸ ਪੂਰੀ ਪ੍ਰਕਿਰਿਆ ’ਚ ਬਾਬਾ ਸਾਹਿਬ ਡਾ: ਅੰਬੇਦਕਰ ਦੀ ਭੂਮਿਕਾ ਪ੍ਰਮੁੱਖ ਰਹੀ। ਜੇਕਰ ਅਸੀਂ ਬਾਬਾ ਸਾਹਿਬ ਦੇ ਸੰਪੂਰਨ ਜੀਵਨ ਨੂੰ ਦੇਖੀਏ ਤਾਂ ਇਹ ਸਾਫ ਹੋ ਜਾਵੇਗਾ ਕਿ ਉਹ ਸੰਵਿਧਾਨਕ ਸੈਟਲਮੈਂਟ ਨੂੰ ਲੈ ਕੇ ਕਿੰਨੇ ਗੰਭੀਰ ਸਨ। ਉਹਨਾਂ ਦਾ ਮੰਨਣਾ ਸੀ ਕਿ ਦੇਸ਼ ’ਚ ਸਮਾਜਿਕ ਕ੍ਰਾਂਤੀ ਤਾਂ ਹੀ ਸਥਾਈ ਹੋਵੇਗੀ ਜਦੋਂ ਸੰਵਿਧਾਨਕ ਗਰੰਟੀ ਹੋਵੇਗੀ। ਉਹ ਸੰਵਿਧਾਨ ਦੇ ਜ਼ਰੀਏ ਦੇਸ਼ ’ਚ ਸਮਾਨਤਾ ਸਥਾਪਤ ਕਰਨਾ ਚਾਹੁੰਦੇ ਸਨ।

ਉਹ ਚਾਹੁੰਦੇ ਸਨ ਕਿ ਭਾਰਤ ’ਚ ਅਸਮਾਨਤਾ ਖਤਮ ਹੋਵੇ ਅਤੇ ਸਮਾਨਤਾ ਆਵੇ ਤੇ ਲੋਕਾਂ ਨੂੰ ਉਨ੍ਹਾਂ ਦੇ ਬੁਨਿਆਦੀ ਅਧਿਕਾਰ ਮਿਲਣ। ਸੰਵਿਧਾਨਕ ਤੌਰ ’ਤੇ ਭਾਰਤ ’ਚ ਜਾਤੀ ਅਤੇ ਵਰਣ ਵਰਗੀ ਵਿਵਸਥਾ ਅਤੇ ਮਨੂ ਸਿਮਰਤੀ ਦੇ ਤਹਿਤ ਬਣਾਏ ਗਏ ਕਾਨੂੰਨ ਦਾ ਖਤਮ ਹੋਣ ਦਾ ਵਕਤ ਆ ਗਿਆ ਸੀ। ਜਯੋਤੀਬਾ ਫੂਲੇ, ਸਾਹੂ ਜੀ ਮਹਾਰਾਜ, ਗਾਡਕੇ ਬਾਬਾ, ਨਰਾਇਣ ਗੁਰੂ, ਪੇਰੀਆਰ ਅਤੇ ਬਾਬਾ ਸਾਹਿਬ ਡਾ. ਅੰਬੇਦਕਰ ਦੇ ਜ਼ਰੀਏ ਜੋ ਸਮਾਜਿਕ ਕ੍ਰਾਂਤੀ ਆਈ ਸੀ, ਉਸ ਨੂੰ ਪਛਾਣ ਚਾਹੀਦੀ ਸੀ। ਇਸਦੇ ਲਈ ਭਾਰਤ ’ਚ ਇਕ ਸੰਵਿਧਾਨ ਦੀ ਜ਼ਰੂਰਤ ਸੀ, ਹਾਲਾਂਕਿ ਇਹ ਕਹਿਣਾ ਜ਼ਿਆਦਾ ਸਹੀ ਹੋਵੇਗਾ ਕਿ ਭਾਰਤ ’ਚ ਰਾਜਨੀਤਿਕ ਕ੍ਰਾਂਤੀ ਦੀ ਬਜਾਏ ਸਮਾਜਿਕ ਕ੍ਰਾਂਤੀ ਦੇ ਕਾਰਨ ਸੰਵਿਧਾਨ ਬਣਿਆ ਹੈ। ਕਿਉਂਕਿ ਜੋ ਲੋਕ ਰਾਜਨੀਤਿਕ ਕ੍ਰਾਂਤੀ ’ਚ ਸਰਗਰਮ ਸਨ, ਉਹ ਨਹੀਂ ਚਾਹੁੰਦੇ ਸਨ ਕਿ ਭਾਰਤ ’ਚ ਸੰਵਿਧਾਨ ਹੋਵੇ। ਉਹ ਬਿਨਾਂ ਸੰਵਿਧਾਨ ਦੇ ਹੀ ਭਾਰਤ ਦੇਸ਼ ਨੂੰ ਚਲਾਉਣਾ ਚਾਹੁੰਦੇ ਸਨ। ਪਰ ਭਾਰਤ ’ਚ ਸਮਾਜਿਕ ਕ੍ਰਾਂਤੀ ਦੇ ਕਾਰਨ ਇੰਨੇ ਜ਼ਿਆਦਾ ਮਜ਼ਬੂਤ ਸਨ ਕਿ ਰਾਜਨੀਤਿਕ ਲੋਕ ਇਹ ਚਾਹ ਕੇ ਵੀ ਸੰਵਿਧਾਨ ਨਿਰਮਾਣ ਰੋਕ ਨਾ ਸਕੇ। ਡਾ. ਅੰਬੇਦਕਰ ਜੀ ਦੇ ਲਗਾਤਾਰ ਸਰਗਰਮ ਰਹਿਣ ਕਾਰਨ ਬ੍ਰਿਟਿਸ਼ ਲੋਕ ਵੀ ਭਾਰਤ ’ਚ ਮੌਜੂਦ ਅਸਮਾਨਤਾ ਨੂੰ ਸਮਝ ਚੁੱਕੇ ਸਨ ਅਤੇ ਉਹ ਡਾ. ਅੰਬੇਦਕਰ ਅਤੇ ਸੰਵਿਧਾਨ ਦੇ ਪੱਖ ਵਿਚ ਸਨ। ਇਸ ਤਰ੍ਹਾਂ ਨਾਲ ਭਾਰਤ ’ਚ ਸੰਵਿਧਾਨ ਬਣਨ ਦੀ ਪ੍ਰਕਿਰਿਆ ਤੇ ਮੋਹਰ ਲੱਗੀ।

ਇਹਨਾਂ ਸਾਰੀਆਂ ਗੱਲਾਂ ਦੇ ਕਾਰਨ 9 ਅਗਸਤ ਪਾਰਲੀਮੈਂਟ ’ਚ ਇੰਡੀਅਨ ਕਾਂਸਟੀਚਿਊਸ਼ਨਲ ਅਸੈਂਬਲੀ ਦਾ ਬਹੁਤ ਸਖ਼ਤ ਵਿਰੋਧ ਹੋਇਆ ਅਤੇ ਵਿਰੋਧ ਨੂੰ ਦਬਾਉਣ ਦੇ ਲਈ ਪੰਡਤ ਜਵਾਹਰ ਲਾਲ ਨਹਿਰੂ ਨੂੰ ਯੂ. ਕੇ. ਦੇ ਲੀਡਰਾਂ ਨੂੰ ਸਮਝਾਉਣ ਦੇ ਲਈ ਬ੍ਰਿਟੇਨ ਜਾਣਾ ਪਿਆ ਸੀ। ਇਸ ਵਿਰੋਧ ਦੀ ਗੰਭੀਰਤਾ ਨੂੰ ਇਸ ਤੋਂ ਸਮਝਿਆ ਜਾ ਸਕਦਾ ਹੈ ਕਿ ਕੱਦਾਵਰ ਲੀਡਰ ‘ਚਰਚਿਲ’ ਨੇ ਇੱਥੋਂ ਤੱਕ ਕਹਿ ਦਿੱਤਾ ਕਿ ਭਾਰਤੀ ਲੋਕ ਸੰਵਿਧਾਨ ਬਣਾਉਣ ਲਾਇਕ ਨਹੀਂ ਹਨ। ਇਹਨਾਂ ਲੋਕਾਂ ਨੂੰ ਆਜ਼ਾਦੀ ਦੇਣਾ ਠੀਕ ਨਹੀਂ ਹੋਵੇਗਾ। ਰਹੀ ਗੱਲ ਬ੍ਰਿਟਿਸ਼ਰ ਘੱਟ ਗਿਣਤੀ ਦੇ ਹਿੱਤਾਂ ਨੂੰ ਲੈ ਕੇ ਕਾਫ਼ੀ ਗੰਭੀਰ ਸਨ। ਤੱਤਕਾਲੀ ਸਥਿਤੀ ’ਚ ਯੂ. ਕੇ. ਦੀ ਪਾਰਲੀਮੈਂਟ ਦਾ ਕਹਿਣਾ ਸੀ ਕਿ ਜੇਕਰ ਭਾਰਤ ’ਚ ਸੰਵਿਧਾਨਕ ਵਿਵਸਥਾ ਹੁੰਦੀ ਹੈ ਤਾਂ ਇਸ ’ਚ ਘੱਟ ਗਿਣਤੀਆਂ ਦੇ ਹਿੱਤਾਂ ਦੀ ਗਰੰਟੀ ਨਹੀਂ ਹੋਵੇਗੀ, ਕਿਉਂਕਿ ਬਾਬਾ ਸਾਹਿਬ ਦਾ ਕਹਿਣਾ ਸੀ ਕਿ ਇਸ ਪੂਰੀ ਪ੍ਰਕਿਰਿਆ ’ਚ ਐਸ. ਸੀ. ਅਤੇ ਐਸ. ਟੀ. ਨਹੀਂ ਹਨ, ਖਾਸ ਤੌਰ ਤੇ ਅਛੂਤ ਹਿੰਦੂ ਨਹੀਂ ਹਨ।

ਬਾਬਾ ਸਾਹਿਬ ਨੇ ਇਸ ਨੂੰ ਸਾਬਤ ਕਰਦੇ ਹੋਏ ਐਸ. ਸੀ.- ਐਸ. ਟੀ. ਦੇ ਲਈ ਵੱਖਰੀ ਵਿਵਸਥਾ ਦੀ ਗੱਲ ਕਹੀ ਸੀ। ਬਾਬਾ ਸਾਹਿਬ ਦੀ ਇਸ ਗੱਲ ’ਤੇ ਯੂ. ਕੇ. ਦੀ ਪਾਰਲੀਮੈਂਟ ’ਚ ਲੰਮੀ ਬਹਿਸ ਹੋਈ ਸੀ। ਇਸ ਬਹਿਸ ਕਾਰਨ ਇਹ ਸਥਿਤੀ ਪੈਦਾ ਹੋ ਗਈ ਸੀ ਕਿ ਜੇਕਰ ਭਾਰਤ ’ਚ ਅਧਿਕਾਰ ਦੇ ਆਧਾਰ ਤੇ ਬਰਾਬਰੀ ਦੇ ਆਧਾਰ ਤੇ ਘੱਟ ਗਿਣਤੀਆਂ ਦੇ ਅਧਿਕਾਰਾਂ ਦੀ ਵਿਵਸਥਾ ਨਹੀਂ ਹੋਵੇਗੀ ਤਾਂ ਭਾਰਤ ਦਾ ਸੰਵਿਧਾਨ ਨਹੀਂ ਬਣ ਸਕੇਗਾ ਅਤੇ ਇਸ ਨੂੰ ਮਾਨਤਾ ਨਹੀਂ ਮਿਲੇਗੀ ਅਤੇ ਜੇਕਰ ਸੰਵਿਧਾਨ ਨਹੀਂ ਬਣੇਗਾ ਤਾਂ ਭਾਰਤ ਨੂੰ ਆਜ਼ਾਦੀ ਨਹੀਂ ਮਿਲੇਗੀ। ਅਜਿਹੀ ਸਥਿਤੀ ’ਚ ਬਾਬਾ ਸਾਹਿਬ ਨੂੰ ਚੁਣ ਕੇ ਲਿਆਉਣਾ ਕਾਂਗਰਸ ਅਤੇ ਪੂਰੇ ਦੇਸ਼ ਦੀ ਮਜਬੂਰੀ ਹੋ ਗਈ ਅਤੇ ਇਸ ਪ੍ਰਕਾਰ ਬਾਬਾ ਸਾਹਿਬ ਸੰਵਿਧਾਨ ਨਿਰਮਾਤਾ ਦੇ ਰੂਪ ’ਚ ਸੰਘਰਸ਼ ਕਰਦੇ ਰਹੇ। ਬਾਬਾ ਸਾਹਿਬ ਜੇਕਰ ਯੂ. ਕੇ. ਦੀ ਸੰਵਿਧਾਨਕ ਅਸੈਂਬਲੀ ’ਚ ਨਾ ਹੁੰਦੇ ਤਾਂ ਅਛੂਤਾਂ ਦੇ ਅਧਿਕਾਰਾਂ ਦੀ ਸੰਵਿਧਾਨਕ ਸੈਟਲਮੈਂਟ ਹੋਣ ਦੀ ਗੱਲ ਨਾ ਮੰਨੀ ਜਾਂਦੀ ਅਤੇ ਇਸ ’ਚ ਭਾਰਤ ਦੇ ਸੰਵਿਧਾਨ ਨੂੰ ਮਾਨਤਾ ਨਾ ਮਿਲਦੀ।

ਜਿਸ ਸਮਾਜਿਕ ਕ੍ਰਾਂਤੀ ਦੀ ਬਦੌਲਤ ਭਾਰਤ ਦੇ ਸੰਵਿਧਾਨ ਦਾ ਨਿਰਮਾਣ ਹੋਇਆ, ਉਸ ’ਚ ਸਾਹੂ ਜੀ ਮਹਾਰਾਜ, ਤੇ ਕਰਤਵਾਂ ਪ੍ਰਤੀ ਜਾਗਰੂਪ ਕਰਦੇ। ਇਸ ਸੋਝੀ ਨੇ ਵੀ ਸੰਵਿਧਾਨ ਦੇ ਨਿਰਮਾਣ ’ਚ ਆਪਣਾ ਯੋਗਦਾਨ ਪਾਇਆ।

ਜੇ ਇਸ ਤਰ੍ਹਾਂ ਨਾ ਹੁੰਦਾ ਤਾਂ ਸੰਵਿਧਾਨ ਵੀ ਨਾ ਹੁੰਦਾ ਤੇ ਲੋਕਾਂ ਦੇ ਬੁਨਿਆਦੀ ਅਧਿਕਾਰਾਂ ਦੀ ਗਰੰਟੀ ਵੀ ਨਾ ਹੁੰਦੀ। ਯਾਨਿ ਬੋਲਣ ਦੀ, ਲਿਖਣ ਦੀ, ਆਪਣੀ ਮਰਜ਼ੀ ਨਾਲ ਪੇਸ਼ਾ ਚੁਣਨ ਦੀ, ਸੰਗਠਨ ਖੜ੍ਹਾ ਕਰਨ ਦੀ, ਮੀਡੀਆ ਚਲਾਉਣ ਦੀ ਆਜ਼ਾਦੀ ਨਾ ਹੁੰਦੀ। ਜਾਤੀਵਾਦੀ ਭੇਦਭਾਵ ਨੂੰ ਗਲਤ ਨਾ ਮੰਨਿਆ ਜਾਂਦਾ, ਛੂਤ-ਛਾਤ ਨੂੰ ਕਾਨੂੰਨ ’ਚ ਅਪਰਾਧ ਐਲਾਨ ਨਾ ਕੀਤਾ ਜਾਂਦਾ ਤੇ ਔਰਤ ਦੀ ਆਜ਼ਾਦੀ ਦੀ ਗੱਲ ਨਾ ਹੁੰਦੀ।

ਭਾਰਤੀ ਸੰਵਿਧਾਨ ਦੇ ਇਤਿਹਾਸ ਬਾਰੇ ਗਰੈਨਵਿਲ ਅਸਟਿਨ ਨੇ ਇਕ ਕਿਤਾਬ ਲਿਖੀ ਹੈ, ਜਿਸ ’ਚ ਉਹਨਾਂ ਨੇ ਡਾ: ਅੰਬੇਦਕਰ ਨੂੰ ਭਾਰਤੀ ਸੰਵਿਧਾਨ ਸਭਾ ਦਾ, ਸਭ ਤੋਂ ਮਹੱਤਵਪੂਰਨ ਵਿਅਕਤੀ ਮੰਨਿਆ ਹੈ। ਭਾਰਤੀ ਸੰਵਿਧਾਨ ਇਕ ਬਹੁਤ ਲੰਮੀ ਪ੍ਰਕਿਰਿਆ ਤੋਂ ਬਾਅਦ ਬਣਿਆ। 30 ਅਗਸਤ, 1947 ਨੂੰ ਇਸ ਦੀ ਪਹਿਲੀ ਬੈਠਕ ਹੋਈ। ਸੰਵਿਧਾਨ ਬਣਨ ਦੇ ਲਈ ਸੰਵਿਧਾਨਕ ਅਸੈਂਬਲੀ ਨੂੰ 141 ਦਿਨ ਕੰਮ ਕਰਨਾ ਪਿਆ। ਜੇਕਰ ਹੋਰ ਦੇਸ਼ਾਂ ਦੀ ਤੁਲਨਾ ਕਰੀਏ ਤਾਂ ਇੰਗਲੈਂਡ ਦੇ ਲੋਕਾਂ ਨੂੰ ਵੀ ਅਧਿਕਾਰ ਟੁਕੜਿਆਂ ’ਚ ਮਿਲਿਆ।

ਇੰਗਲੈਂਡ ਦੀਆਂ ਔਰਤਾਂ ਨੂੰ ਵੋਟਿੰਗ ਦਾ ਅਧਿਕਾਰ 1920 ਵਿਚ ਮਿਲਿਆ। ਇਸ ਤਰ੍ਹਾਂ ਅਮਰੀਕਾ ਦਾ ਸੰਵਿਧਾਨ 1779 ’ਚ ਹੀ ਬਣ ਗਿਆ ਸੀ ਪਰ ਉਥੋਂ ਦੇ ਸੰਵਿਧਾਨ ’ਚ ਬਲੈਕ ਲੋਕਾਂ ਨੂੰ ਨਾਗਰਿਕਤਾ ਨਹੀਂ ਸੀ। 1865 ’ਚ ਜਦੋਂ ਸੰਵਿਧਾਨ ’ਚ 13ਵੀਂ ਸੋਧ ਲਿਆਂਦੀ ਗਈ ਤਾਂ ਅਮਰੀਕਾ ਦੇ ਕਾਲੇ ਲੋਕਾਂ ਨੂੰ ਨਾਗਰਿਕਤਾ ਮਿਲੀ।

ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਅਮਰੀਕੀ ਸੁਪਰੀਮ ਕੋਰਟ ਨੇ 1857 ’ਚ ਕਾਲੇ ਲੋਕਾਂ ਨੂੰ ਡਰੈਡ ਸਕਾਟ ਕੇਸ ’ਚ ਅਮਰੀਕੀ ਨਾਗਰਿਕ ਮੰਨਣ ਤੋਂ ਇਨਕਾਰ ਕਰ ਦਿੱਤਾ ਤਾਂ ਅਬਰਾਹੀਮ ਲਿੰਕਨ ਨੇ 1865 ’ਚ 13ਵੀਂ ਸੋਧ ਲਿਆਂਦੀ ਅਤੇ ਕਾਲੇ ਲੋਕਾਂ ਨੂੰ ਨਾਗਰਿਕਤਾ ਦਾ ਅਧਿਕਾਰ ਦਿੱਤਾ। ਜਦਕਿ ਭਾਰਤੀ ਸੰਵਿਧਾਨ ’ਚ ਪਹਿਲੀ ਵਾਰ ’ਚ ਇਹ ਐਲਾਨ ਕੀਤਾ ਗਿਆ ਕਿ ਸਾਰੇ ਮਨੁੱਖ ਬਰਾਬਰ ਹਨ। ਜਾਤੀ, ਧਰਮ, ਵਰਣ, ਜਨਮ, ਸਥਾਨ ਆਦਿ ਤੋਂ ਪਰ੍ਹੇ, ਦੇਸ਼ ਦੇ ਸਾਰੇ ਮਨੁੱਖ ਸਮਾਨ ਹਨ। ਅਜਿਹਾ ਸੰਵਿਧਾਨ ’ਚ ਲਿਖਿਆ ਹੈ ਅਤੇ ਸਾਰਿਆਂ ਨੂੰ ਭਾਰਤੀ ਮੰਨਿਆ ਗਿਆ ਹੈ।

ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ

ਬੋਲੇ ਸੋ ਨਿਰਭੈ ! ਗੁਰੂ ਰਵਿਦਾਸ ਮਹਾਰਾਜ ਕੀ ਜੈ !

# SHRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355

ਬੇਗਮ ਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥
ਨਾਂ ਤਸਵੀਸ ਖਿਰਾਜੁ ਨ ਮਾਲੁ ॥ ਖਉਫੁ ਨ ਖਤਾ ਨ ਤਰਸੁ ਜਵਾਲੁ ॥1॥
ਅਬ ਮੋਹਿ ਖੂਬ ਵਤਨ ਗਹ ਪਾਈ ॥ ਹਾਂ ਖੈਰਿ ਸਦਾ ਮੇਰੇ ਭਾਈ ॥1॥ਰਹਾਉ॥
ਕਾਇਮੁ ਦਾਇਮੁ ਸਦਾ ਪਾਤਿਸਾਹੀ ॥ ਦੋਮ ਨ ਸੇਮ ਏਕ ਸੋ ਆਹੀ ॥
ਆਬਾਦਾਨੁ ਸਦਾ ਮਸਹੂਰ ॥ ਊਹਾਂ ਗਨੀ ਬਸਹਿ ਮਾਮੂਰ ॥2

## ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੇ ਅਪ੍ਰੈਲ ਮਹੀਨੇ ਦੇ ਪ੍ਰੋਗਰਾਮ

**Guru Piari Sadh Sangat Ji,**

**April 23, 2017 Barsi of Late Shri Sohan Singh Damria**

Sri Sukhmani Sahib Path and Langar Sewa will be hosted by Bhai Harbans Kalu& Bibi Harjit Kaur on the event of first Barsi of Late Shri Sohan Singh Damria ji (One of the founder member of Gurughar). Family is requesting everyone to come and join them in the Ardaas. May Waheguru keep family in Chardi Kala.

**April 28-29-30,2017 Samagam**

| Morning | | Evening | |
|---|---|---|---|
| Naam Simran | 05.00-06.00 | Naam Simran | 03.30-04.30 |
| Nitnem | 06.00-07.15 | Gurbani Vichar | 04.30-05.00 |
| Akhand Kirtan | 07.15-12.00 | Rehraas Sahib | 05.00-05.30 |
| Ardaas & Samapti | 12.00 | Akhand Kirtan | 05.30-09.00 |
| | | Ardaas & Samapti | 09.00 |

Samagam will start on Friday, April 28th 2017 at 5pm with "Naam Simran" and 3 Day Samagam will end on Sunday, April 30th 2017 at 12pm.

**May 07, 2017 Sukhmani Sahib Path and Langar Sewa by Bhai Harjit Singh Rattu & Saroj Rattu**

Sukhmani Sahib Path and Langar Sewa will be hosted by Bhai Harbans Rattu and Bibi Gian Rattu in celebration of their Grand-daughter Trisha Shreya Rattu's (Daughter of Harjit Singh Rattu and Saroj Rattu) 5th Birthday. May Waheguru bless Trisha Shreya Rattu with happy healthy and long life. Entire Sangat is requested to attend the function.

**May 14, 2017 Sukhmani Sahib Path by Bhai Naranjan Singh and Bibi Santosh Kumari**

Sukhmani Sahib Path and Langar Sewa will be hosted by Bhai Naranjan Singh, Bibi Santosh Kumari and family for Sukh Shanti and Chardi Kala of their family. Family is requesting everyone to come and join them. May Waheguru keep family in Chardi Kala.

**May 19-20-21, 2017 Akhand Path Sahib and Langar Sewa by Bhai Jaswant Singh Malhan**

Akhand Path and Langar Sewa will be hosted by Bhai Jaswant Singh Malhan (from Dallas) and whole family in the loving memories of their father Late Gurdev Singh Malhan and Brother late Nirmal Singh Malhan. Akhand Path will begin on May 19, 2017 and conclude on Sunday May 21, 2017. Family is requesting everyone to come and join them in the Ardaas. May Waheguru keep Malhan family in Chardi Kala.

**May 28, 2017 Barsi of Late Shri Yograj Singh Rattu Ji**

Sukhmani Sahib Path and Langar Sewa will be hosted by Bhai Surinder Rattu and Bibi Meena Rattu with the help and cooperation of entire family on the event of first Barsi of their father Late Yograj Singh Rattu ji. Family is requesting everyone to come and join them in the Ardaas. May Waheguru keep family in Chardi Kala.

**Chairperson**
**Shinder Pal Narabat**
**(925) 683-0178**

**President**
**Kashmiri Bhatia**
**(408)460-0262**

**General Secretary**
**Gina Bhatia**
**(925) 483-1629**

**Treasurer**
**Jasvir Chahal**
**(209)627-7944**








**ਗੁਰੂ ਘਰ ਦੇ ਸੇਵਾਦਾਰ**

ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ)
530-713-1823
ਸ੍ਰੀ ਗੁਰਨਾਮ ਸਿੰਘ ਭੰਡਾਲ (ਵਾਈਸ ਪ੍ਰਧਾਨ)
530-218-4468
ਸ੍ਰੀ ਸਤਨਾਮ ਸਿੰਘ (ਜਨਰਲ ਸਕੱਤਰ)
530-682-3962
ਸ੍ਰੀ ਦਲਵਿੰਦਰ ਰੱਲ੍ਹ (ਵਾਈਸ ਜਨ. ਸਕੱਤਰ)
530-933-3938
ਸ੍ਰੀ ਰਾਮ ਸੇਵਕ ਭਾਟੀਆ (ਹੈਡ ਕੈਸ਼ੀਅਰ)
530-682-3962
ਸ੍ਰੀ ਮਹਿੰਦਰ ਸਿੰਘ ਰੱਤੂ (ਚੇਅਰਮੈਨ)
530-790-5985
ਸ੍ਰੀ ਪ੍ਰਸ਼ੋਤਮ ਸੂਦ (ਵਾਈਸ ਚੇਅਰਮੈਨ)
530-565-5974
ਭੁਪਿੰਦਰ ਸਿੰਘ ਭੰਡਾਲ
(530) 301-2518

**ਵਿਸਾਖੀ ਪੁਰਬ ਨੂੰ ਸਮਰਪਿਤ 5 ਸ੍ਰੀ ਅਖੰਡ ਪਾਠ ਸਾਹਿਬ ਜੀ**

21 ਅਪ੍ਰੈਲ 2017 ਦਿਨ ਸ਼ੁੱਕਰਵਾਰ, ਆਰੰਭ 5 ਸ੍ਰੀ ਅਖੰਡ ਪਾਠ ਸਾਹਿਬ ਜੀ

23 ਅਪ੍ਰੈਲ 2017 ਦਿਨ ਐਤਵਾਰ ਨੂੰ ਭੋਗ 5 ਸ੍ਰੀ ਅਖੰਡ ਪਾਠ ਸਾਹਿਬ ਜੀ

ਇਹਨਾਂ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਕ੍ਰਮਵਾਰ ਸ੍ਰੀ ਜਸਵੀਰ ਸਿੰਘ ਅਟਵਾਲ (ਅਟਾਰਨੀ ਐਟ ਲਾਅ), ਸ੍ਰੀ ਹਰਦੇਵ ਸਿੰਘ ਬੀਸਲਾ, ਬੀਬੀ ਬਖਸ਼ੋ ਬੀਸਲਾ, ਸ੍ਰੀ ਪ੍ਰਦੀਪ ਸਿੰਘ ਗਰੇਵਾਲ, ਸੈਂਡੀਅਗੋ ਦੀਆਂ ਸੰਗਤਾਂ ਅਤੇ ਗੁਪਤ ਪਰਿਵਾਰਾਂ ਵੱਲੋਂ ਕੀਤੀ ਜਾਵੇਗੀ ਜੀ

**ਸ੍ਰੀ ਕੰਦੋਲਾ ਪਰਿਵਾਰ ਵੱਲੋਂ, ਬਾਸੀ ਪਰਿਵਾਰ ਵੱਲੋਂ, ਸਹੋਤਾ ਪਰਿਵਾਰ ਵੱਲੋਂ, ਨਾਗਰਾ ਪਰਿਵਾਰ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ**

28 ਅਪ੍ਰੈਲ 2017, ਦਿਨ ਸ਼ੁੱਕਰਵਾਰ, ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ

30 ਅਪ੍ਰੈਲ 2017 ਦਿਨ ਐਤਵਾਰ, ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ

ਇਹਨਾਂ ਸਮਾਗਮਾਂ ਵਿਚ ਜੇ ਕਿਸੇ ਵੀ ਗੁਰਸਿੱਖ ਪਰਿਵਾਰ ਨੇ ਜੇ ਕੋਈ ਵੀ ਸੇਵਾ ਕਰਨੀ ਹੋਵੇ ਤਾਂ ਉਹ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰ ਸਕਦੇ ਹਨ ਜੀ।

**ਬੇਨਤੀ ਕਰਤਾ : ਸ੍ਰੀ ਗੁਰੂ ਰਵਿਦਾਸ ਟੈਂਪਲ ਪ੍ਰਬੰਧਕ ਕਮੇਟੀ, ਯੂਬਾ ਸਿਟੀ**

**1480 HAYNE AVE YUBA CITY, (Phone- 530-674-2564)**

# ਸਾਹਿਤਕ ਪੈੜਾਂ- ਇਸ ਹਫ਼ਤੇ ਦੇ ਸ਼ਾਇਰ

## ਹਰਫ਼ਾਂ ਤੋਂ ਵਾਕ



ਕਲਮ ਦੀ ਜੱਗ 'ਤੇ ਵੱਖਰੀ ਜਗ੍ਹਾ ਹੈ।
ਕਵਿਤਾ ਵੀ ਤਾਂ ਰੱਬ ਦੀ ਰਜ਼ਾ ਹੈ।

ਮਾਂ ਦੀ ਮਮਤਾ ਸਭ ਲਈ ਖਾਸ ਹੁੰਦੀ,
ਮਨਮੋਹਣਾ ਜਹਾਨ, ਮਾਵਾਂ ਦੀ ਵਜ੍ਹਾ ਹੈ।

ਲੁਕਣ ਮੀਟੀ ਫੁੱਲਾਂ 'ਚ ਹੁੰਦੀ ਖੁਸ਼ਬੂ ਵਾਸਤੇ,
ਲਾਲ ਲਾਲ ਪੱਤੀਆਂ ਦਾ ਅਨੋਖਾ ਮਜ਼ਾ ਹੈ।

ਬਾਬੇ ਦਾਦੀਆਂ ਅਕਸਰ ਮਹਾਨ ਹੁੰਦੇ ਨੇ,
ਬਾਬੇ ਦਾਦੀਆਂ ਦੀ ਬੜੀ ਮੋਰਧਜਾ ਹੈ।

ਗਾਗਰ 'ਚ ਸਮੁੰਦਰ ਪਾ ਸਕਦੇ ਹੋ ਪਰ,
ਗ਼ਨੀਮਤ ਰੱਬ ਦੀ ਹੀ ਲਜ-ਲਜਾ ਹੈ।

ਸਾਂਝੀਵਾਲਤਾ ਦਾ ਗੀਤ ਗਾਇਆ ਕਰੋ,
ਸਾਂਝੇ ਫ਼ਕੀਰ, ਖਾਂਦੇ ਸਾਂਝੀ ਗਜ਼ਾ ਹੈ।

ਕਦਰਾਂ ਕੀਮਤਾਂ ਤੇ ਜੀਵਨ ਵੱਖ ਵੱਖ 'ਕਮਲ'
ਕੁਦਰਤੀ ਹੀ ਆਲਮ ਲਈ, ਸਾਂਝੀ ਫਿਜ਼ਾ ਹੈ।

**-ਕਮਲ ਬੰਗਾ ਸੈਕਰਾਮੈਂਟੋ**
916-897-8570

## ਸ਼ਰਾਬ ਪੀ ਕੇ ਗੱਡੀ ਚਲਾਵੋ ਨਾ

ਸ਼ਰਾਬ ਪੀ ਕੇ ਗੱਡੀ ਚਲਾਵੋ ਨਾ
ਸ਼ਰਾਬ ਪੀ ਕੇ ਗੱਡੀ ਚਲਾਵੋ ਨਾ
ਜਾਨਾਂ ਕੀਮਤੀ ਕਦੇ ਗੁਆਵੋ ਨਾ
ਸ਼ਰਾਬ ਸੁੱਖ ਚੈਨ ਘਰਾਂ ਦੇ ਖਾ ਜਾਂਦੀ
ਤੇ ਤੁਸੀਂ ਸੁਖ ਚੈਨ ਆਪਣੇ ਗੁਆਵੋ ਨਾ।
ਸ਼ਰਾਬ ਪੀ ਕੇ ਗੱਡੀ ਚਲਾਵੋ ਨਾ
ਜਾਨਾਂ ਕੀਮਤੀ ਕਦੇ ਗੁਆਵੋ ਨਾ

ਸ਼ਰਾਬ ਕੀਤੇ ਘਰ ਬਰਬਾਦ ਬੜੇ
ਤੇ ਇਹ ਦੁਸ਼ਮਣ ਭੈੜੀ ਸਰੀਰਾਂ ਦੀ
ਇਹ ਜੜ ਝਗੜੇ ਦੀ ਸਦਾ ਬਣਦੀ ਏ
ਨਫਰਤ ਬਣ ਜਾਂਦੀ ਸਕਿਆਂ ਵੀਰਾਂ ਦੀ
ਇਹਦੀ ਦਲਦਲ ਕਹਿੰਦੀ ਬੜੀ ਡੂੰਘੀ
ਤੇ ਵਿਚ ਇਹਦੇ ਧੱਸਦੇ ਜਾਵੋ ਨਾ
ਸ਼ਰਾਬ ਪੀ ਕੇ ਗੱਡੀ ਚਲਾਵੋ ਨਾ
ਜਾਨਾਂ ਕੀਮਤੀ ਕਦੇ ਗੁਆਵੋ ਨਾ।

ਸ਼ਰਾਬ ਪੀ ਕੇ ਨਹੀਂ ਚਲਾਉਣੀ ਗੱਡੀ
ਤੇ ਇਹਨੂੰ ਪੀ ਕੇ ਸਟੇਰਿੰਗ ਫੜਨਾ ਨਹੀਂ
ਇਕ ਕਰੇ ਗਲਤੀ ਤੇ ਬੇਕਸੂਰੇ ਮਰਦੇ
ਕਸੂਰ ਭੁੱਲ ਕੇ ਇਹੋ ਕਰਨਾ ਨਹੀਂ
ਭਾਵੇਂ ਕਾਰ ਹੋਵੇ ਜਾਂ ਕੁਝ ਹੋਰ ਹੋਵੇ
ਨਸ਼ਾ ਪੀ ਕੇ ਕਦੇ ਚਲਾਵੋ ਨਾ
ਸ਼ਰਾਬ ਪੀ ਕੇ ਗੱਡੀ ਚਲਾਵੋ ਨਾ
ਜਾਨਾਂ ਕੀਮਤੀ ਕਦੇ ਗੁਆਵੋ ਨਾ।

ਜਾ ਕੇ ਹਸਪਤਾਲਾਂ ਵਿਚ ਮਾਰੋ ਨਜ਼ਰਾਂ
ਕਿੱਦਾਂ ਨਸ਼ਿਆਂ ਨੇ ਰੋਗੀ ਬਣਾ ਦਿੱਤੇ
ਦੁਖੀ ਮਾਪਿਆਂ ਨੂੰ ਜਾ ਕੇ ਹਾਲ ਪੁੱਛੋ
ਜਿਹਨਾਂ ਨੇ ਪੁੱਤ ਜਵਾਨ ਗੁਆ ਦਿੱਤੇ
ਨਸ਼ੇ ਕਹਿੰਦੇ ਸਰੀਰਾਂ ਨੂੰ ਖਾ ਜਾਂਦੇ
ਗੱਲ ਇਹੋ ਕਿਤੇ ਭੁੱਲ ਜਾਵੋ ਨਾ
ਸ਼ਰਾਬ ਪੀ ਕੇ ਗੱਡੀ ਚਲਾਵੋ ਨਾ
ਜਾਨਾਂ ਕੀਮਤੀ ਕਦੇ ਗੁਆਵੋ ਨਾ।

ਦੁੱਧ, ਦਹੀਂ, ਫਰੂਟ ਕਹਿੰਦੇ ਖਾਣਾ ਚੰਗਾ
ਤੇ ਕਹਿੰਦੇ ਵਰਜਿਸ਼ ਵੀ ਰਹੋ ਜ਼ਰੂਰ ਕਰਦੇ
ਦੂਰ ਨਸ਼ਿਆਂ ਤੋਂ ਰਹਿ ਕੇ ਮਾਣੋ ਖੁਸ਼ੀਆਂ
ਤੇ ਨਾਲੇ ਰਹਿਣਗੇ ਖੁਸ਼ ਤੁਹਾਡੇ ਘਰਦੇ
ਇਸ ਪੈਸੇ ਦੀ ਦੌੜ ਨਾ ਤਾਂ ਮੁੱਕਣਾ ਨਹੀਂ
ਪਿੱਛੇ ਇਹਦੇ ਐਵੇਂ ਭੱਜੀ ਜਾਵੋ ਨਾ
ਸ਼ਰਾਬ ਪੀ ਕੇ ਗੱਡੀ ਚਲਾਵੋ ਨਾ
ਜਾਨਾਂ ਕੀਮਤੀ ਕਦੇ ਗੁਆਵੋ ਨਾ।

ਮੈਂ ਅਰਜਾਂ ਇਹੋ ਕੁਝ ਕੀਤੀਆਂ ਨੇ
ਕੁਝ ਗਲਤ ਲੱਗੀਆਂ ਤਾਂ 'ਧਾਮੀ' ਨੂੰ ਮਾਫ



ਕਰਨਾ
ਪਰ ਜੇ ਗੱਲ ਮੇਰੀ ਤੁਹਾਨੂੰ ਲੱਗੀ ਚੰਗੀ
ਫੇ ਮੇਰੀ ਬੇਨਤੀ ਤੇ ਅਸਰ ਜ਼ਰੂਰ ਕਰਨਾ
ਰੱਬ ਨੇ ਜ਼ਿੰਦਗੀ ਸੋਹਣੀ ਬਖਸ਼ੀ ਏ
ਭਾਅ ਕੱਖਾਂ ਦੇ ਇਹਨੂੰ ਗੁਆਵੋ ਨਾ
ਸ਼ਰਾਬ ਪੀ ਕੇ ਗੱਡੀ ਚਲਾਵੋ ਨਾ
ਜਾਨਾਂ ਕੀਮਤੀ ਕਦੇ ਗੁਆਵੋ ਨਾ
ਸ਼ਰਾਬ ਸੁੱਖ ਚੈਨ ਘਰ ਦੇ ਖਾ ਜਾਂਦੀ
ਤੇ ਤੁਸੀਂ ਸੁੱਖ ਚੈਨ ਆਪਣੇ ਗੁਆਵੋ ਨਾ
ਸ਼ਰਾਬ ਪੀ ਕੇ ਗੱਡੀ ਚਲਾਵੋ ਨਾ
ਜਾਨਾਂ ਕੀਮਤੀ ਕਦੇ ਗੁਆਵੋ ਨਾ।

**– ਜੁਗਿੰਦਰ 'ਧਾਮੀ'**
**ਪਿੱਪਲਾਂਵਾਲੀਆ**
530-844-0987

## ਆਪਣਾ ਹੱਕ



ਮੇਜਰ ਸਿੰਘ ਨਾਭਾ
91-94635-53962

ਇਸ ਵਾਰ ਸੁਖਦੇਵ ਨੇ ਫਿਰ ਇੰਟਰਵਿਊ ਦਿਤੀ ਮੈਰਿਟ ਬਣ ਗਈ, ਮੈਰਿਟ ਵਿਚ ਪਹਿਲਾਂ ਦੀ ਤਰ੍ਹਾਂ ਤੀਸਰਾ ਨੰਬਰ ਸੀ। ਦਫਤਰ ਦੇ ਰਿਕਾਰਡ ਮੁਤਾਬਿਕ ਕੋਈ ਵੀ ਪੋਸਟ ਖਾਲੀ ਜਾਂ ਛੁੱਟੀ ਵਾਲੀ ਨਹੀਂ ਸੀ ਜਿਥੇ ਕਿ ਸਭ ਤੋਂ ਪਹਿਲੇ ਨੰਬਰ ਵਾਲੇ ਨੂੰ ਆਰਡਰ ਦਿੱਤੇ ਜਾਂਦੇ। ਸੁਖਦੇਵ ਫਿਰ ਵੀ ਮਨ ਵਿਚ ਆਰਡਰ ਲੈਣ ਦੀ ਆਸ ਲੈ ਕੇ, ਪਿੰਡੋਂ ਚਾਲ੍ਹੀ ਕਿਲੋਮੀਟਰ ਦਾ ਪੈਂਡਾ ਤਹਿ ਕਰਕੇ ਹਰ ਤੀਸਰੇ ਦਿਨ ਦਫਤਰ ਦਾ ਚੱਕਰ ਲਾਉਂਦਾ। ਹਾਲੀਂ ਕਿ ਇਹ ਨਿਯੁਕਤੀਆਂ ਸਿਰਫ ਐਡਹਾਕ ਆਧਾਰ 'ਤੇ ਸਨ ਫਿਰ ਵੀ ਸਭ ਨੂੰ ਇਹੀ ਲਾਲਸਾ ਸੀ ਕਿ ਇਕ ਵਾਰੀ ਹੱਥ ਫਸ ਜਾਵੇ ਬਾਅਦ 'ਚ ਦੇਖੀ ਜਾਊ। ਏਸੇ ਤਰ੍ਹਾਂ ਪੰਜ ਮਹੀਨੇ ਲੰਘ ਗਏ ਸਿਰਫ ਪਹਿਲੇ ਦੋ ਅਧਿਆਪਕ ਹੀ ਛੁੱਟੀਆਂ ਵਾਲੀਆਂ ਥਾਵਾਂ ਤੇ ਲੱਗ ਸਕੇ ਉਨ੍ਹਾਂ ਵਿਚੋਂ ਵੀ ਇਕ ਨੇ ਤਾਂ ਅੱਧੀ ਤਨਖਾਹ ਉਪਰ ਕਿਸੇ ਲਿਹਾਜੀ ਅਧਿਆਪਕ ਨੂੰ ਛੁੱਟੀ ਦਿਵਾ ਕੇ ਗੰਢ ਤੁੱਪ ਕਰਕੇ ਹੀ ਆਰਡਰ ਲਏ ਸਨ। ਹੁਣ ਵਾਰੀ ਸੁਖਦੇਵ ਦੀ ਹੀ ਸੀ ਹਰ ਰੋਜ਼ ਦਫਤਰ ਦੇ ਗੇੜੇ ਲਾਉਂਦਾ। ਦਫ਼ਤਰੋਂ ਸੰਬੰਧਤ ਕਲਰਕ ਇਹੀਓ ਜਵਾਬ ਦਿੰਦਾ,"ਕੋਈ ਪੋਸਟ ਖਾਲੀ ਨਹੀਂ, ਜਦੋਂ ਕੋਈ ਆਵੇਗੀ ਤਾਂ ਆਰਡਰ ਘਰ ਹੀ ਭੇਜ ਦੇਵਾਂਗੇ।''

ਪਰ ਸੁਖਦੇਵ ਦਾ ਮਨ ਭਲਾ ਕਿਵੇਂ ਟਿਕਦਾ, ਉਸ ਨੂੰ ਲੱਗੇ ਹੋਏ ਅਧਿਆਪਕਾਂ ਤੋਂ ਸੰਬੰਧਤ ਕਲਰਕ ਦੇ ਆਰਡਰ ਦੇਣ ਬਾਰੇ ਪਤਾ ਲੱਗਿਆ ਕਿ ਉਹ ਤਾਂ ਪੈਸੇ ਭਾਲਦਾ ਹੈ। ਸੁਖਦੇਵ ਨੇ ਤਾਂ ਅਜੇ ਤੀਕ ਕਿਸੇ ਨੂੰ ਪੈਸੇ ਦੇਣ ਦਾ ਹੌਸਲਾ ਹੀ ਨਹੀਂ ਸੀ ਕੀਤਾ। ਉਧਰ ਇੰਟਰਵਿਊ ਦੀ ਮਿਆਦ ਦੇ ਛੇ ਮਹੀਨੇ ਪੂਰੇ ਹੋਣ ਵਿਚ ਸਿਰਫ ਹਫਤਾ ਕੁ ਹੀ ਰਹਿੰਦਾ ਸੀ। ਮਨ ਨਾਲ ਸਮਝੌਤਾ ਕਰਕੇ, ਪੈਸਿਆਂ ਦਾ ਪ੍ਰਬੰਧ ਕਰਕੇ ਸੁਖਦੇਵ ਦਫ਼ਤਰ ਆਰਡਰਾਂ ਦਾ ਪਤਾ ਕਰਨ ਚਲਿਆ ਗਿਆ ਅੱਜ ਵੀ ਸੰਬੰਧਿਤ ਕਲਰਕ ਨੇ ਉਹੀ ਜਵਾਬ ਦਿੱਤਾ, "ਕੋਈ ਪੋਸਟ ਖਾਲੀ ਨਹੀਂ''। ਮਨ ਹੀ ਮਨ ਵਿਚ ਉਹੀ ਪੈਸਿਆਂ ਦੀ ਗੱਲ ਸੋਚਦਾ ਸੁਖਦੇਵ ਪੌੜੀਆ ਤੋਂ ਹੇਠਾਂ ਉੱਤਰ ਆਇਆ, ਸਾਹਮਣੇ ਖਾਲੀ ਥਾਂ 'ਤੇ ਧੁੱਪ ਸੇਕਣ ਦੇ ਬਹਾਨੇ ਬੈਠ ਗਿਆ ਤਾਂ ਜੋ ਉਸ ਕਲਰਕ ਨੂੰ ਕਿਸੇ ਨਾ ਕਿਸੇ ਤਰ੍ਹਾਂ ਇਕੱਲਿਆਂ ਮਿਲ ਸਕੇ। ਕੋਈ ਚਾਰਾ ਨਾ ਬਣ ਸਕਿਆ। ਲੰਚ ਸਮੇਂ ਦੀ ਛੁੱਟੀ ਵੇਲੇ ਤਕਰੀਬਨ ਸਟਾਫ ਦਫਤਰੋਂ ਬਾਹਰ ਆ ਗਿਆ, ਲੋਕਲ ਸਟਾਫ ਤਾਂ ਘਰੋ ਘਰੀਂ ਖਾਣਾ ਖਾਣ ਚਲਿਆ ਗਿਆ। ਜਿਸ ਵਿਚ ਉਹ ਕਲਰਕ ਵੀ ਸੀ। ਕਲਰਕ ਦੀ ਵਾਪਸੀ ਤੇ ਜਦੋਂ ਉਹ ਪੌੜੀਆਂ ਇਕੱਲਾ ਹੀ ਚੜ੍ਹਨ ਵਾਲਾ ਸੀ ਸੁਖਦੇਵ ਨੇ ਇਹ ਸੁਨਿਹਰੀ ਮੌਕਾ ਤਾਕ ਕੇ ਨਾਲ ਹੀ ਪੌੜੀਆਂ ਚੜ੍ਹਨੀਆਂ ਸ਼ੁਰੂ ਕਰ ਦਿੱਤੀਆਂ ਅਤੇ ਅੱਧ ਵਿਚਕਾਰ ਜ਼ੇਰਾ ਕਰਕੇ ਕਹਿ ਹੀ ਦਿੱਤਾ, "ਸਰ, ਆਰਡਰ ਕਰ ਦੇਵੋ ਸੇਵਾ ਸੂਵਾ ਕਰ ਦੇਨੇ ਆਂ'', "ਤਾਂ ਉਸੀ ਵਕਤ ਕਲਰਕ ਨੇ ਕਹਿ ਦਿੱਤਾ,"ਲਿਆ ਕਿੰਨੇ ਕੁ ਨੇ''। ਸੁਖਦੇਵ ਨੇ ਪਹਿਲਾਂ ਹੀ ਮੁੱਠੀ ਵਿਚ ਮਰੋੜੇ ਸੌ-ਸੌ ਦੇ ਪੰਜ ਨੋਟ ਕਲਰਕ ਦੀ ਮੁੱਠੀ ਵਿਚ ਫੜਾ ਦਿੱਤੇ ਜੋ ਕਿ ਉਸ ਨੇ ਬਿਨਾਂ ਗਿਣੇ ਹੀ ਜੇਬ ਵਿਚ ਪਾ ਲਏ ਅਤੇ ਨਾਲ ਹੀ ਚਾਰ ਵਜੇ ਤੋਂ ਬਾਅਦ ਉਪਰ ਦਫਤਰ ਆ ਕੇ ਆਰਡਰ ਲੈ ਜਾਣ ਲਈ ਸੁਖਦੇਵ ਨੂੰ ਕਹਿ ਦਿੱਤਾ।

ਸੁਖਦੇਵ ਦੀ ਖੁਸ਼ੀ ਦੀ ਕੋਈ ਹੱਦ ਨਹੀਂ ਸੀ। ਅਜੇ ਤਾਂ ਦੋ ਹੀ ਵਜੇ ਸੀ, ਸਾਢੇ ਚਾਰ ਤੱਕ ਸੁਖਦੇਵ ਪਾਸੋਂ ਕਿਥੋਂ ਰਹਿਆ ਗਿਆ, ਉਹ ਅੱਧੇ ਘੰਟੇ ਬਾਅਦ ਹੀ ਦਫ਼ਤਰ ਫਿਰ ਚਲਾ ਗਿਆ। ਕਲਰਕ ਨੇ ਦੇਖਦਿਆਂ ਹੀ ਆਵਾਜ਼ ਮਾਰ ਦਿੱਤੀ, "ਸੁਖਦੇਵ ਸਿੰਘ ਆਪਣੇ ਆਰਡਰ ਆ ਕੇ ਲੈ ਜਾ'' ਜੋ ਕਿ ਸ਼ਾਇਦ ਪਹਿਲਾਂ ਹੀ ਤਿਆਰ ਪਏ ਸੀ ਜੋ ਕਿ ਉਸਨੇ ਵਾਰੀ ਮੁਤਾਬਿਕ ਕਰਨੇ ਹੀ ਸਨ। ਸੁਖਦੇਵ ਆਰਡਰਾਂ ਦੀਆਂ ਦੋ ਕਾਪੀਆਂ ਲੈ ਕੇ ਪੌੜੀਆਂ ਉਤਰ ਰਹਿਆ ਸੀ ਅਤੇ ਨਾਲ ਹੀ ਉਸ ਦੀ ਵਾਰੀ ਮੁਤਾਬਿਕ ਕੀਤੇ ਆਰਡਰਾਂ ਬਾਰੇ ਸੋਚਦਾ ਜਾ ਰਿਹਾ ਸੀ ਕਿ ਇਹ ਤਾਂ ਕਲਰਕ ਨੇ ਪਹਿਲਾਂ ਹੀ ਕੀਤੇ ਹੋਏ ਸਨ ਜੋ ਕਿ ਮੈਰਿਟ ਮੁਤਾਬਿਕ ਉਸ ਦਾ ਹੱਕ ਬਣਦਾ ਹੀ ਸੀ।

# ਲੇਖਕ ਮੰਚ ਰਜਿ: ਸਮਰਾਲਾ ਦੀ ਮਾਸਿਕ ਮੀਟਿੰਗ

**ਸਮਰਾਲਾ–** ਲੇਖਕ ਮੰਚ ਸਮਰਾਲਾ ਦੀ ਮਾਸਿਕ ਮੀਟਿੰਗ ਸਰਕਾਰੀ ਸਕੂਲ ਸਮਰਾਲਾ ਵਿਚ ਮੰਚ ਦੇ ਪ੍ਰਧਾਨ ਐਡਵੋਕੇਟ ਦਲਜੀਤ ਸਿੰਘ ਸ਼ਾਹੀ ਦੀ ਪ੍ਰਧਾਨਗੀ ਵਿਚ ਹੋਈ। ਕਹਾਣੀ ਦੇ ਦੌਰ ਵਿਚ ਅਜਮੇਰ ਸਿੱਧੂ ਨੇ ਆਪਣੀ ਕਹਾਣੀ 'ਕਿੱਕਰ ਦੇ ਫੁੱਲ', ਗੁਰਦਿਆਲ ਦਲਾਲ ਨੇ ਕਹਾਣੀ 'ਖੜ੍ਹਸੁੱਕ ਰੁੱਖ', ਦਲਜੀਤ ਸ਼ਾਹੀ ਨੇ ਕਹਾਣੀ 'ਗੁਆਚੀਆਂ ਚੀਜ਼ਾਂ' ਅਤੇ ਕਰਨਬੀਰ ਬੈਣੀਵਾਲ ਨੇ ਆਪਣੀ ਕਹਾਣੀ 'ਅੰਬਾਂ ਵਾਲਾ ਖੇਤ' ਪੜ੍ਹੀਆਂ। ਕਵਿਤਾਵਾਂ, ਗਜ਼ਲਾਂ ਦੇ ਦੌਰ ਵਿਚ ਕੁਲਵੰਤ ਤਰਕ, ਸੁਰਿੰਦਰ ਮੀਤ, ਕਰਮਜੀਤ ਬਾਸੀ, ਗੁਰਨਾਮ ਸੰਧੂ, ਐੱਸ ਨਸੀਮ, ਹਰਬੰਸ ਮਾਛੀਵਾੜਾ,



ਟੀ ਲੋਚਨ ਅਤੇ ਬਲਜਿੰਦਰ ਸਿੰਘ ਨੇ ਆਪੋ ਆਪਣੀ ਹਾਜ਼ਰੀ ਲਵਾਈ। ਹਾਜਰ ਲੇਖਕਾਂ ਨੇ ਪੇਸ਼ ਕੀਤੀਆਂ ਰਚਨਾਂਵਾਂ ਤੇ ਭਰਵੀ ਤੇ ਉਸਾਰੂ ਬਹਿਸ ਵਿਚ ਹਿੱਸਾ ਲਿਆ। ਮੰਚ ਸੰਚਾਲਨ ਰਾਜਵਿੰਦਰ ਸਮਰਾਲਾ ਤੇ ਸੁਰਜੀਤ ਵਿਸ਼ਾਦ ਨੇ ਬਾਖੂਬੀ ਕੀਤਾ।

ਬਹਿਸ ਵਿੱਚ ਹਿੱਸਾ ਲੈਣ ਵਾਲੇ ਉੱਘੇ ਲੇਖਕਾਂ ਤੋ ਇਲਾਵਾ ਨਰਿੰਦਰ ਮਣਕੂ ,ਜਸਦੇਵ ਜੱਸ, ਦਵਿੰਦਰ ਖੰਨਾ, ਬਲਵੰਤ ਮਾਂਗਟ, ਅਬਦੁੱਲ ਖਾਨ, ਨਵਦੀਪ ਧਾਲੀਵਾਲ, ਕੇਵਲ ਸਿੰਘ ਮੰਜਾਲੀਆਂ, ਪੱਤਰਕਾਰ ਜਵਾਲਾ ਸਿੰਘ ਥਿੰਦ, ਗੀਤਕਾਰ ਕੇਵਲ ਕੁੱਲੇਵਾਲ, ਜਸਵੀਰ ਟੋਡਰਪੁਰ ਅਤੇ ਦਲਜੀਤ ਲਾਡੀ ਆਦਿ ਨੇ ਭਾਗ ਲਿਆ।

**– ਤਸਵਿੰਦਰ ਸਿੰਘ ਬੜੈਚ**

# ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਵੱਲੋਂ ਧਾਰਮਿਕ ਕਵੀ ਦਰਬਾਰ ਸਜਾਇਆ

**ਸੈਨਹੋਜ਼ੇ (ਕੈਲੇਫੋਰਨੀਆ)**

ਉਹ ਧਰਤ ਅਤੇ ਆਕਾਸ਼ ਦਾ ਮਾਲਕ ਹੈ ਅਤੇ
ਮਨੁੱਖ ਅਤੇ ਜਾਨਵਰਾਂ ਨੂੰ ਜ਼ਿੰਦਗੀ ਬਖਸ਼ਣ ਵਾਲਾ ਹੈ।
(ਸ਼੍ਰੋਮਣੀ ਕਵੀ ਭਾਈ ਨੰਦ ਲਾਲ ਗੋਆ)

ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਵੱਲੋਂ ਲੰਘੇ ਐਤਵਾਰ ਅਪ੍ਰੈਲ 9, 2017 ਬਾਅਦ ਦੁਪਹਿਰ 3 ਤੋਂ ਸ਼ਾਮੀ ਪੰਜ ਵਜੇ ਤੱਕ ਗੁਰਦੁਆਰਾ ਸਾਹਿਬ ਸੈਨਹੋਜ਼ੇ ਕੈਲੇਫੋਰਨੀਆ ਦੀ ਰਮਣੀਕ ਪਹਾੜੀਆਂ ਵਿਚ ਘਿਰੇ, ਗੁਰੂ ਘਰ ਦੇ ਮੇਨ ਦਰਬਾਰ ਹਾਲ ਵਿਚ ਭਾਈ ਨੰਦ ਲਾਲ ਗੋਆ, ਜੋ ਕਿ ਸਾਹਿਬ-ਏ-ਕਮਾਲ ਦਸਮ ਅਵਤਾਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼੍ਰੋਮਣੀ 52 ਕਵੀਆਂ ਵਿਚੋਂ ਸਨ, ਦੀ ਵੰਸ਼ ਵਿਚੋਂ ਭਾਈ ਪ੍ਰੀਤ ਮੋਹਨ ਸਿੰਘ ਕਪੂਰ ਅਤੇ ਪਰਿਵਾਰ ਦੇ ਸੱਦੇ ਤੇ, ਉਹਨਾਂ ਦੇ ਪਿਤਾ ਸਵਰਗੀ ਸ. ਮੋਹਨ ਨਰੈਣ ਸਿੰਘ ਕਪੂਰ ਅਤੇ ਮਾਤਾ ਸਵਰਗੀ ਪ੍ਰੀਤਮ ਕੌਰ ਕਪੂਰ ਦੀ ਮਿੱਠੀ ਯਾਦ ਵਿਚ, ਇਕ ਧਾਰਮਿਕ ਕਵੀ ਦਰਬਾਰ ਕਰਵਾਇਆ ਗਿਆ।

ਸਭ ਤੋਂ ਪਹਿਲਾਂ ਸ. ਪ੍ਰੀਤ ਮੋਹਨ ਸਿੰਘ ਕਪੂਰ ਅਤੇ ਡਾ. ਗੁਰਿੰਦਰਪਾਲ ਸਿੰਘ ਜੀ ਵੱਲੋਂ ਸਾਰੀਆਂ ਸੰਗਤਾਂ ਨੂੰ ਅੱਜ ਦੇ ਪ੍ਰੋਗਰਾਮ ਤੋਂ ਜਾਣੂ ਕਰਵਾਇਆ ਅਤੇ ਆਏ ਹੋਏ ਕਵੀਆਂ ਨੂੰ ਜੀ ਆਇਆਂ ਕਹਿੰਦਿਆਂ ਅੱਜ ਦੇ ਧਾਰਮਿਕ ਕਵੀ ਦਰਬਾਰ ਦੀ ਕਾਰਵਾਈ ਦੀ ਸੇਵਾ, ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਦੇ ਪ੍ਰਧਾਨ ਦਿਲਵੀਰ ਦਿਲ ਨਿੱਜਰ ਨੂੰ ਸੌਂਪੀ।

ਪ੍ਰਧਾਨ ਦਿਲ ਨਿੱਜਰ ਨੇ ਕਪੂਰ ਪਰਿਵਾਰ ਦਾ ਧੰਨਵਾਦ ਕਰਦਿਆਂ ਅਤੇ ਗੁਰੂ ਘਰ ਸੈਨਹੋਜ਼ੇ ਦੀ ਕਮੇਟੀ ਦਾ ਧੰਨਵਾਦ ਕਰਦਿਆਂ, ਸਵਰਗੀ ਮੋਹਨ ਨਰੈਣ ਸਿੰਘ ਕਪੂਰ ਅਤੇ ਮਾਤਾ ਪ੍ਰੀਤਮ ਕੌਰ ਕਪੂਰ ਨੂੰ ਯਾਦ ਕਰਦਿਆਂ ਉਹਨਾਂ ਨੂੰ ਆਪਣੇ ਸ਼ਬਦਾਂ ਅਤੇ ਸ਼ਿਅਰਾਂ ਰਾਹੀਂ ਸ਼ਰਧਾਂਜਲੀ ਅਰਪਣ ਕੀਤੀ।

ਸਟੇਜ ਨੂੰ ਚਲਾਉਂਦਿਆਂ ਅਤੇ ਧਾਰਮਿਕ ਕਵੀ ਦਰਬਾਰ ਦੀ ਸ਼ੁਰੂਆਤ ਕਰਦਿਆਂ ਦਿਲ ਨਿੱਜਰ ਨੇ ਸਭ ਤੋਂ ਪਹਿਲਾਂ ਸਭਾ ਦੇ ਸਹਾਇਕ ਸਕੱਤਰ ਇੰਦਰਜੀਤ ਸਿੰਘ ਗਰੇਵਾਲ ਥਰੀਕੇ ਨੂੰ ਸਟੇਜ ਤੇ ਸੱਦਾ ਦਿੱਤਾ। ਗਰੇਵਾਲ ਨੇ ਆਪਣੇ ਧਾਰਮਿਕ ਗੀਤ ਨਾਲ ਕਲਗੀਧਰ ਪਿਤਾ ਦੇ ਵਿਸਾਖੀ




ਵਾਲੇ ਦਿਨ ਖਾਲਸਾ ਸਾਜਨ ਦਾ ਦ੍ਰਿਸ਼, ਆਪਣੇ ਗੀਤ ਨੂੰ ਤਰੰਨਮ ਵਿਚ ਗਾ ਕੇ ਖਿੱਚਿਆ।

ਉਸ ਤੋਂ ਬਾਅਦ ਪਿਸ਼ੌਰਾ ਸਿੰਘ ਢਿੱਲੋਂ ਜੀ ਨੇ ਆਪਣੇ ਵਿਚਾਰਾਂ ਅਤੇ ਕਵਿਤਾ ਰਾਹੀਂ ਸਾਂਝ ਪਾਈ ਅਤੇ ਚਰਨ-ਜੀਤ ਸਿੰਘ ਪੰਨੂ ਜੀ ਨੇ ਵੀ ਪੱਗ ਉਪਰ ਆਪਣੇ ਵਿਚਾਰ ਅਤੇ ਸੁੰਦਰ ਕਵਿਤਾ ਪੇਸ਼ ਕੀਤੀ।

ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਦੇ ਸੰਸਥਾਪਕ ਅਤੇ ਸਥਾਈ ਡਾਇਰੈਕਟਰ ਉਘੇ ਲੇਖਕ ਅਤੇ ਬਜ਼ੁਰਗ ਸਾਹਿਤਕਾਰ ਸ. ਮਹਿੰਦਰ ਸਿੰਘ ਘੱਗ, ਲਾਈਵ ਓਕ ਵਾਲਿਆਂ ਨੇ ਵੀ ਆਪਣੇ ਵਿਚਾਰਾਂ ਅਤੇ ਕਵਿਤਾ ਰਾਹੀਂ ਖ਼ਾਲਸੇ ਦੀ ਸਾਜਨਾ ਦੀ ਮਹਿਮਾ ਗਾਈ। ਇਸੇ ਤਰ੍ਹਾਂ ਸਥਾਈ ਡਾਇਰੈਕਟਰ ਸ. ਹਰਬੰਸ ਸਿੰਘ ਢਿੱਲੋਂ ਜਗਿਆਸੂ ਜੀ ਨੇ ਵੀ ਸਾਹਿਬ-ਏ-ਕਮਾਲ ਪ੍ਰਤੀ ਆਪਣੇ ਵਿਚਾਰ ਅਤੇ ਧਾਰਮਿਕ ਕਵਿਤਾ ਪੇਸ਼ ਕੀਤੀ।

ਸੰਗਤਾਂ ਬਹੁਤ ਹੀ ਵਿਸਮਾਦ ਵਿਚ ਕਵੀ ਦਰਬਾਰ ਦਾ ਆਨੰਦ ਮਾਣ ਰਹੀਆਂ ਸਨ। ਉਪਰੰਤ ਭਾਈ ਗੁਰਮੀਤ ਸਿੰਘ ਬਰਸਾਲ ਡਾ. ਜੀ ਅਤੇ ਗੁਰਦਿਆਲ ਸਿੰਘ ਨੂਰਪੁਰੀ ਜੀ ਨੇ ਆਪਣੀਆਂ ਰਚਨਾਵਾਂ ਸਾਂਝੀਆਂ ਕੀਤੀਆਂ।

ਬਜ਼ੁਰਗ ਉਸਤਾਦ ਸ਼ਾਇਰ ਸ. ਈਸ਼ਰ ਸਿੰਘ ਮੋਮਨ ਜੀ ਨੇ ਆਪਣੀ ਉਮਦਾ ਰਚਨਾ ਪੇਸ਼ ਕੀਤੀ ਅਤੇ ਤਰਸੇਮ ਸਿੰਘ ਸੁਮਨ, ਦਵਿੰਦਰ ਸਿੰਘ ਭੱਟੀ, ਸ਼ਿਵਪ੍ਰੀਤ ਸਿੰਘ, ਸਿਮਰਨ, ਤਜਿੰਦਰ ਸਿੰਘ, ਮਨਰਾਜ ਸਿੰਘ ਨੱਤ ਅਤੇ ਸਹਿਜ ਸਿੰਘ ਨੇ ਆਪੋ ਆਪਣੇ ਧਾਰਮਿਕ ਗੀਤਾਂ ਅਤੇ ਕਵਿਤਾਵਾਂ ਨਾਲ, ਵਿਸਾਖੀ ਦੇ ਸਬੰਧ ਵਿਚ ਆਪਣੇ ਸ਼ਰਧਾ ਦੇ ਫੁੱਲ ਭੇਂਟ ਕੀਤੇ।

ਭਾਈ ਨੰਦ ਲਾਲ ਗੋਆ ਜੀ ਦੇ ਅੱਠਵੀ ਪੀੜ੍ਹੀ ਵਿਚੋਂ ਸ਼ਿਵ੍ਪੀਤ ਸਿੰਘ ਜੀ ਨੇ ਭਾਈ ਨੰਦ ਲਾਲ ਜੀ ਦੀਆਂ ਕੁਝ ਰਚਨਾਵਾਂ ਪੇਸ਼ ਕੀਤੀਆਂ ਅਤੇ ਆਪਣੇ ਦਾਦਾ ਜੀ ਅਤੇ ਦਾਦੀ ਜੀ ਦੇ ਗੁਰੂ ਘਰ ਪ੍ਰਤੀ ਸ਼ਰਧਾ, ਪਿਆਰ ਅਤੇ ਸੇਵਾ ਭਾਵਨਾ ਨੂੰ ਯਾਦ ਕਰਦਿਆਂ ਸੰਗਤ ਨਾਲ ਵਿਚਾਰ ਸਾਂਝੇ ਕੀਤੇ।

ਧਾਰਮਿਕ ਕਵੀ ਦਰਬਾਰ ਦੀ ਸਮਾਪਤੀ ਤੇ ਕਪੂਰ ਪਰਿਵਾਰ ਵੱਲੋਂ ਆਏ ਹੋਏ ਸਾਰੇ ਕਵੀਆਂ ਦਾ ਮਾਇਆ ਦੇ ਖੁੱਲ੍ਹੇ ਗੱਫੇ ਬਖਸ਼ ਕੇ ਸਨਮਾਨ ਕੀਤਾ ਅਤੇ ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਦੇ ਹਾਜ਼ਰ ਕਵੀਆਂ ਵੱਲੋਂ ਇਹ ਭੇਟਾ ਸਭਾ ਦੇ ਪ੍ਰਧਾਨ ਦਿਲ ਨਿੱਜਰ ਨੂੰ ਸਭਾ ਦੇ ਖਾਤੇ ਵਾਸਤੇ ਸੌਂਪ ਦਿੱਤੀ ਗਈ। ਅੰਤ ਵਿਚ ਨਿੱਜਰ ਵੱਲੋਂ ਸਾਰੇ ਹਾਜ਼ਰ ਕਵੀਆਂ ਦਾ ਬਹੁਤ-ਬਹੁਤ ਧੰਨਵਾਦ ਕੀਤਾ ਗਿਆ ਅਤੇ ਅੱਜ ਦੇ ਪ੍ਰੋਗਰਾਮ ਦੇ ਲਈ ਕਪੂਰ ਪਰਿਵਾਰ ਦਾ ਧੰਨਵਾਦ ਕੀਤਾ ਗਿਆ, ਜਿਹਨਾਂ ਨੇ ਸਾਹਿਤ ਸਭਾ ਦੇ ਸਹਿਯੋਗ ਨਾਲ ਇਹ ਧਾਰਮਿਕ ਕਵੀ ਦਰਬਾਰ ਹਰ ਸਾਲ ਕਰਵਾਉਣ ਦਾ ਨਿਸ਼ਚਾ ਕੀਤਾ। ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਲਈ ਜੁੜਨ ਜਾਂ ਕਿਸੇ ਵੀ ਜਾਣਕਾਰੀ ਲਈ ਪ੍ਰਧਾਨ ਦਿਲ ਨਿੱਜਰ ਨਾਲ 916-628-2210 ਤੇ ਸੰਪਰਕ ਕੀਤਾ ਜਾ ਸਕਦਾ ਹੈ।

**-ਇੰਦਰਜੀਤ ਸਿੰਘ ਗਰੇਵਾਲ, ਥਰੀਕੇ**




# Elsie Plaza

**7500 Elsie Ave**
**Sacramento, CA 95828**

1160 ਸਕੁਏਅਰ ਫੁੱਟ ਅਤੇ 2328 ਸਕੁਏਅਰ ਫੁੱਟ ਯੂਨਿਟ ਕਿਰਾਏ ਲਈ, ਹਾਈਵੇ 99 ਤੋਂ 1 ਬਲਾਕ ਮੁੱਖ ਸੜਕ ਵੱਲ ਭਾਰੀ ਟਰੈਫਿਕ ਅਤੇ ਖੂਬ ਰੌਸ਼ਨੀ। ਰੀਟੇਲ, ਰੈਸਟੋਰੈਂਟ ਜਾਂ ਆਫਿਸ ਦੇ ਲਈ ਬਹੁਤ ਹੀ ਢੁਕਵਾਂ।

1160 sq. ft. and 2328 sq. ft. units for rent
1 Block from Highway 99
On main road with high visibility and heavy traffic
Perfect for retail, restaurant, or office

**Contact- Avtar Dodd- 916-208-3735**

# TANDOOR
## Indian Restaurant

**27167 Mission Blvd. Hayward, CA 95544**




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

**WE ARE SPECIALIST IN CATERING & SPECIAL ITEMS ARE AVAILABLE HERE:**

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.



**ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ**

**BUFFET LUNCH 11:00 AM To 3:00 PM**

We are open seven days
11 AM to 10 PM

Contact Us:
**Ph. 510-885-1212**
**Fax. 510-885-1532**

# L.A. MERCHANDISE
## Whole Sale +Retail



ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।

* ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
* 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
* ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
* ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।

* ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।

**LOOSE FABRICS, GROCERIES, BLANKETS, VEGETABLES**

Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 39.99+Tax


Baksho Kaur Bisla Hardev Singh Bisla

**500 N. Palora Ave. Yuba City, CA 95991**

**530-671-0439, Fax 530-822-0439 Cell- 530-844-3250**

# PCS SACRAMENTO

Presents

Non Profit | Since 1990 | (USA)

## 28ਵਾਂ ਵਿਸਾਖੀ ਮੇਲਾ

# Visakhi Mela





**Featuring : Songs, Gidha & Bhangra, Dances, Skits and Much More**

Celebration On

## Saturday 29th April 2017

at 3:00 P.M.

Performing Art Centre

## Sheldon High School

**8333 Kingsbridge Drive, Sacramento CA 95829**

Spcl. Appearance

**Bhangra & Gidda**

ਕੈਲੇਫੋਰਨੀਆ ਦੇ ਉੱਘੇ ਗਾਇਕ ਅਤੇ ਗਿੱਧੇ ਅਤੇ ਭੰਗੜੇ ਦੀਆਂ ਚੋਟੀ ਦੀਆਂ ਟੀਮਾਂ ਭਾਗ ਲੈ ਰਹੀਆਂ ਹਨ।

ਪ੍ਰਬੰਧਕੀ ਕਮੇਟੀ: ਰਾਜਿੰਦਰ ਪਾਨ ਸਿੰਘ, ਅਮਰੀਕ ਸਿੰਘ ਪਰਹਾਰ, ਹਰਜਿੰਦਰ ਬਸਰਾ, ਤੀਰਥ ਸਹੋਤਾ, ਪਰਮਜੀਤ ਢਿੱਲੋਂ, ਜਤਿੰਦਰ ਬੋਸਲਾ, ਅਜੈਬ ਕਾਹਲੋਂ, ਰਛਪਾਲ ਫਰਵਾਲਾ, ਹਰਕਿੰਦਰ ਬਾਸੀ, ਦੇਬੀ ਗਿੱਲ, ਸੁਖਰਾਜ ਸਿੰਘ ਔਲਖ, ਕੁਪਿੰਦਰ ਗੋਹਲ, ਜਸਵੰਤ ਸ਼ਾਦ, ਅਰਜਿੰਦਰ ਕੁੱਕੋ, ਵਰਿੰਦਰ ਸੰਘੇੜਾ, ਕਮਲ ਬੇਰਾ, ਪਰਮਿੰਦਰ ਵਿਰਕ, ਬਲਵੀਰ ਜੌਹਲ, ਅਵਤਾਰ ਛੋਡ, ਹਰਜਿੰਦਰ ਪੰਧੇਰ, ਸਤਵਿੰਦਰ ਸਰਹੱਦੀ, ਮਨੋਹਰ ਲਾਲ ਰੱਤੀ, ਮਨਜੀਤ ਢਿੱਲੋਂ (ਮੋਡੈਸਟੋ), ਦਲਜੀਤ ਸਿੰਘ ਲੋਪੋ, ਰੌਲੀ ਸਿੰਘ, ਯਾਦਵਿੰਦਰ ਗਿੱਲ, ਕਰਮਜੀਤ ਮਿਨਹਾਸ, ਸਤਨਾਮ ਸਿੰਘ ਤਾਰਾਲਾ, ਬਖਸ਼ੀਸ਼ ਗਿੱਲ, ਬਲਵੰਤ ਸਿੰਘ ਕੰਦੋਲਾ, ਵਿਜੇ ਪਰਹਾਰ, ਰਾਜ ਬਰਾੜ, ਪ੍ਰੇਮ ਚੁੰਬਰ (ਐਡੀਟਰ ਦੇਸ਼ ਦੋਆਬਾ)

ਸਪੌਂਸਰ ਕਰਤਾ: ਹਰਜੀਤ ਸਿੰਘ (ਮਾਊਂਟੇਨ ਮਾਈਕ'ਜ਼ ਪੀਜ਼ਾ ਐਲਕਗ੍ਰੋਵ), ਬੱਗਾ ਪੈਲੇਸ, ਇੰਡੀਆ ਹਾਊਸ ਆਫ਼ ਗਰੋਸਰੀ, ਦੇਸੀ ਬਾਜ਼ਾਰ, ਸਟਾਰ ਆਫ ਇੰਡੀਆ, ਗੁਰਨੇਕ ਸਿੰਘ (ਫੈਟਡੱਕ ਪੀਜ਼ਾ), ਅਵਤਾਰ ਅਟਵਾਲ, ਚਰਨ ਬਡਵਾਲ, ਪਿਆਰਾ ਸਿੰਘ ਪਰਹਾਰ, ਜੱਸੀ ਸੰਘਾ (ਪਾਵਰ ਮਾਰਟ), ਏ.ਵੀ. ਸਵੀਟਸ, ਮਨਜੀਤ ਸਿੰਘ (ਪੰਜਾਬ ਇੰਸ਼ੋਰੈਂਸ ਐਂਡ ਇਮੀਗ੍ਰੇਸ਼ਨ ਟੈਕਸ ਸਰਵਿਸ), ਪਰਮਜੀਤ ਧਾਲੀਵਾਲ (ਫਰਿਜ਼ਨੋ), ਅਮਰਜੀਤ ਦੂਲੇ, ਗੁਰਮੁਖ ਗੋਸਲ (ਸ਼ੇਰੇਟਨ ਹੋਟਲ), Wells Fargo Bank, Money Gram (Fast Trip Florin Road), ਜਸਵਿੰਦਰ ਬੋਪਾਰਾਏ, ਸਾਬੀ Cargo Transit, ਅਕਲੇਸ਼ ਸਿੰਘ (ਕੁਆਲਿਟੀ ਵੈਂਡਿੰਗ), ਪਵਿੱਤਰ ਨਾਹਲ, ਜਰਨੈਲ ਮੰਡੇਰ, ਜਗਜੀਤ ਕੰਦੋਲਾ, ਸੁਰਿੰਦਰ ਬਿੰਦਰਾ।

*For More Information Please Contact : Participation:* **Rashpal Pharwala (916) 880-0531,**
*Stalls:* **Tirath Sahota (916) 271-8382, Amrik Parhar (916) 502-0064,** *Host by:* **Jaswant S. Shad (209) 992-7185**

# ADMISSION FREE

Please No Alcohol, No Food or Drinks Inside the Hall. No Cameras Will Be Will Be Tightly Enforced Allowed Inside The Hall, Security

Website : www.sacpcs.com

Printer : Barapind Printing Press (E-mail: barapindpress@gmail.com)